

ਹਜ਼ੂਰ ਸਾਹਿਬ

([illegible])

ਅਕਾਲੀ ਕੌਰ ਸਿੰਘ

# ਨਕਸ਼ਾ ਅਬਚਲਨਗਰ





੧ ੳ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਹੈ ॥

# ਭੂਮਿਕਾ

## ਹਜ਼ੂਰ ਸਾਹਿਬ ਕਿਤਨੇ ਹਨ ?

ਅਜ ਤੋਂ ੨੨੫ ਵਰ੍ਹੇ ਪਹਿਲਾਂ ਭਾਰਤ ਖੰਡ ਵਿਚ ਕਿਸੀ ਸਥਾਨ ਦਾ ਨਾਮ ਸ੍ਰੀ 'ਹਜ਼ੂਰ ਸਾਹਿਬ' ਨਹੀਂ ਸੀ, ਰੰਤੂ ਜਿਸ ਥਾਂ ਨੂੰ ਦੱਖਣ ਦੇਸ ਵਿਚ ਆਕੇ ਕਤਕ ੧੭੬੫ ਂ ਪਹਿਲੇ ਗੁਰੂ ਦਸਮੇਸ਼ ਜੀ ਨੇ ਭਾਗ ਲਾਇਆ ਉਸਦਾ ਨਾਮ ਾਲਸਾ ਪੰਥ ਵਿਚ ਤਖਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਚਲਤ ਹੋਇਆ ਕਿਉਂਕਿ ਗੁਰੂ ਪਾਤਸ਼ਾਹ ਜੀ ਨੇ ਜਦ ਸ੍ਰੀ ਰੂ ਗ੍ਰੰਥ ਸਾਹਿਬ ਜੀ ਨੂੰ "ਪ੍ਰਗਟ ਗੁਰਾਂ ਕੀ ਦੇਹ" ਪ੍ਰਗਟ ਤਨ ਲਈ "ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ" ਲੇ ਭਾਵਦੇ ਵਾਕ ਦਾ ਉਚਾਰ ਕੀਤਾ। ਤਦ "ਪ੍ਰਕਾਸ਼" ਸਮੇਂ ਹਲਾ ਸ਼ਬਦ—"ਸੂਹੀ ਮਹਲਾ ੫ ॥ ਅਬਿਚਲ ਨਗਰ ਗੋਬਿੰਦ ਕਾ ਨਾਮੇ ਜਪਤ ਸੁਖ ਪਾਇਆ ਰਾਮ।"—ਹੀ ਆਇਆ ਇਸੀ ਕਰਕੇ ਖਾਲਸੇ ਵਿਚ "ਸ੍ਰੀ ਹਜ਼ੂਰ ਅਬਚਲ ਨਗਰ ਹਬ" ਇਸ ਥਾਂ ਦਾ ਨਾਮ ਪ੍ਰਚਲਤ ਹੋ ਗਿਆ ਜਿਸ ਸੰਖੇਪ ਨਾਮ ਬੋਲ ਚਾਲ ਵਿਚ 'ਸ੍ਰੀ ਹਜ਼ੂਰ ਸਾਹਿਬ' ਮਾਤ੍ਰ ਦੇ ਜਰੀਏ ਆਮ ਲੋਕਾਂ ਵਿਚ ਪ੍ਰਚਲਤ ਹੋਇਆ ਹੈ ਰੂ ਆਗਰਾ ਨਿਵਾਸੀ ਸ੍ਰੀ ਮਾਨ ਭਾਈ ਸ਼ਿਵ ਦਿਆਲ ਜੀ (ਜੋ ਸਿਖ ਸੰਤਾਨ ਤੇ ਖੋਜੀ, ਅਭਿਆਸੀ, ਵਿਦਵਾਨ, ਾਣੀ ਦੇ ਨੇਮੀ, ਪ੍ਰੇਮੀ ਸ਼ਰਧਾਲੂ ਸਨ) ਏਹ ਗੁਰੂ ਘਰ ਦੇ ਇਕ ਮਹਾਨ ਵਿਦਵਾਨ ਤੇ ਮਾਸੀ ਨਿਰਮਲੇ ਮਹੰਤ, ਗੁਰਦਵਾਰਾ ਸਾਹਿਬ ਮਾਈ ਮਹਲੇ ਵਾਲਿਆਂ ਤੋਂ ਦੀਖਿਅਤ ਹੋਕੇ ਕਮਾਈ ਲਗੇ ਤਦ ਆਪਦੇ ਇਕ ਲਾਲਾ ਸਾਲਗ੍ਰਾਮ ਜੀ ਸ਼ਰਧਾਲੂ

ਨੇ ਆਪਨੂੰ "ਹਜ਼ੂਰ ਸਾਹਿਬ" ਕਹਿਕੇ ਜਿਥੇ ਬੁਲਾਨ ਦੀ ਕੀਤੀ ਉਥੇ ਆਪ ਦੀ ਮ੍ਰਿਤੂਬਾਦ ਜੋ ਦਿਆਲ ਬਾਗ ਵਿਚ ਸਮਾਧੀ ਬਨਾਈ ਉਸਨੂੰ ਭੀ ਰਾਧਾ ਸ੍ਵਾਮੀ ਸੰਪਰਦਾ ਵਾਲਿਆਂ ਵਿਚ "ਹਜ਼ੂਰ ਸਾਹਿਬ" ਕਹਿਣਾ ਪ੍ਰਚਲਤ ਕੀਤਾ ਇਥੇ ਹੀ ਬਸ ਨਹੀਂ ਸਗੋਂ ਆਗਰਾ ਨਿਵਾਸੀ ਇਕ ਡੇਰੇ ਦੇ ਪ੍ਰਬੰਧਕ (ਮੁਖ ਕਰਮਚਾਰੀ) ਨੂੰ ਭੀ "ਹਜ਼ੂਰ ਸਾਹਿਬ" ਕਰਕੇ ਸਦਨ ਦੀ ਪ੍ਰਪਾਟੀ ਉਥੇ ਕੁਛ ਸਾਲਾਂ ਤੋਂ ਪ੍ਰਚਲਤ ਹੈ। ਅਤੇ ਪੰਜਾਬ ਆਦਿ ਦੇਸ਼ਾਂ ਵਿਚੋਂ ਇਸ ਮਤ ਦੇ ਪ੍ਰਚਾਰਕ ਯਾ ਸ਼ਰਧਾਲੂ ਕਿਤਨੇ ਹੀ ਗੁਰਸਿਖਾਂ (ਭੋਲੇ ਮਾਈਆਂ ਭਾਈਆਂ) ਨੂੰ ਭੁਲੇਖਾ ਦੇਕੇ ਚਲੋ ਜੀ 'ਹਜ਼ੂਰ ਸਾਹਿਬ' ਦਰਸ਼ਨ ਕਰ ਆਈਏ ਕਹਿਕੇ ਆਗਰੇ ਆਣ ਪੁਜਦੇ ਅਤੇ ਇਥੋਂ ਦੀਖਯਤ ਕਰਾਕੇ ਉਨ੍ਹਾਂ ਨੂੰ ਬਜਾਇ 'ਵਾਹਿਗੁਰੂ ਜੀ ਕਾ ਖਾਲਸਾ' ਕੇਹਲਾਵਨ ਦੇ ਜੀ ਅਸੀ 'ਰਾਧਾ ਸ੍ਵਾਮੀ' ਹਾਂ, ਜਤਲਾਣ ਵਾਲੇ ਬਣਾਈ ਜਾਂਦੇ ਹਨ।

ਇਸੀ ਸੰਪਰਦਾ ਦੇ ਇਕ ਮਾਨਨੀਯ ਅਚਾਰਜ ਭਾਈ ਸਾਵਨ ਸਿੰਘ ਜੀ ਬਿਆਸ ਵਾਲੇ ਜਦ ਆਪਣੇ ਦੋ ਜਗਿਆਸੂਆਂ ਸਮੇਤ ਸ੍ਰੀ ਹਜ਼ੂਰ ਸਾਹਿਬ (ਅਬਚਲ ਨਗਰ ਸਾਹਿਬ) ਜੀ ਦੇ ਦਰਸ਼ਨ ਲਈ ਬਿ: ੧੯੯੯ ਵਿਚ ਪੁਜੇ ਤਦ ਆਪ ਪਾਸੋਂ ਪੁਛਣ ਤੇ ਆਪ ਨੇ ਕਿਹਾ ਕਿ ਮੈਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਹਾਂ, ਸਿਖੀ ਦਾ ਪਰਚਾਰ ਕਰਦਾ ਹਾਂ, ਅੰਮ੍ਰਿਤ ਛਕਿਆ ਹੈ, ਰਹਿਤ ਰਖਦਾ ਹਾਂ, ਪਰਵਾਰ ਵਿਚ ਗੁਰ-ਮ੍ਰਯਾਦਾ ਕਰਦਾ ਹਾਂ, ਮੇਰਾ ਹੋਰ ਕੋਈ ਮਤ ਨਹੀਂ, ਤੇ ਨਾਹੀਂ ਕੋਈ ਆਪਣਾ ਮਤ ਚਲਾਂਦਾ ਹਾਂ। ਜੇ ਵੈਸੇ ਕੋਈ ਕੁਛ ਕਹੇ ਯਾ ਸ਼ੱਕ ਕਰੇ ਤਾਂ ਮੇਰਾ ਚਾਰਾ ਨਹੀਂ।

ਗੁਰੂ ਕੇ ਸਿਖਾਂ ਵਿਚ ਹਜ਼ੂਰ ਸਾਹਿਬ ਜਿਸ ਗੁਰਦੁਆਰੇ ਸਾਹਿਬ ਦਾ ਨਾਮ ਹੈ ਉਹ ਦਖਨ ਵਿਚ ਨਦੇੜ ਸਟੇਸ਼ਨ ਪਾਸ ਦਸਮੇਸ਼ ਜੀ ਦਾ ਸਿੰਘਾਸਨ ਯਾ ਤਖਤ ਹੈ। ਉਸਦੇ ਭੁਲੇਖੇ ਆਗਰੇ ਸ਼ਹਿਰ ਵਿਚ ਯਾ ਸ਼ਹਿਰ ਦੇ ਬਾਹਰ ਵਾਰ ਬਾਗ

ਵਿਚ ਕਿਸ਼ੀ ਮਨੁਸ਼ ਯਾ ਸਥਾਨ ਨੂੰ ਹਜ਼ੂਰ ਸਾਹਿਬ ਕਹਿਣ ਯਾ ਸਮਝਨ ਦੀ ਭੁਲ ਕਿਸੀ ਸਿਖ ਮਾਈ ਭਾਈ ਨੂੰ ਨਹੀਂ ਕਰਨੀ ਚਾਹੀਏ ।

ਦਰਅਸਲ ਦਖਨ ਵਿਚ ਨਦੇੜ ਸ਼ਹਿਰ ਗੁਦਾਵਰੀ ਦੇ ਕੰਢੇ ਤੇ ਆਬਾਦ ਹੋਏ ਇਕ ਅਸਥਾਨ ਦਾ ਨਾਮ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਯਾ ਹਜ਼ੂਰ ਸਾਹਿਬ ਹੈ। ਪਰੰਤੂ ਆਗਰਾ ਨਿਵਾਸੀ ਸਜਨਾਂ ਨੇ ਜੋ ਇਕ ਹੋਰ ਥਾਂ ਦਾ ਨਾਮ ਪਰਚਲਤ ਕੀਤਾ ਹੈ ਇਹ ਸਿਖਾਂ ਨੂੰ ਭੁਲੇਖਾ ਪਾਣ ਵਾਲਾ ਹੈ ਅਤੇ ਸਿਖ ਮਾਤ੍ਰ ਨੂੰ ਯੋਗ ਤਰੀਕੇ ਨਾਲ ਜਾਣੂ ਕਰਨ ਵਾਸਤੇ ਪੰਥ ਦੇ ਮੁਖੀਆਂ ਤੇ ਪੰਥਕ ਪ੍ਰੇਮੀਆਂ ਨੂੰ ਧਿਆਨ ਦੇਣਾ ਚਾਹੀਏ ।

1932


———o———

# ਸਮਰਪਣ

ਜਿਸ ਗੁਰ ਪਾਤਿਸ਼ਾਹ ਜੀ ਨੇ "ਬੇਗਮਪੁਰ" ਦਾ ਹੀ ਨਾਮ ਅਨੰਦਪੁਰ ਪ੍ਰਗਟਾਕੇ 'ਖਾਲਸਾ ਪੰਥ' ਸਜਾਇਆ ਅਤੇ ਜ਼ੁਲਮ ਦੀਆਂ ਜੜ੍ਹਾਂ ਉਖੇੜਕੇ 'ਸ਼ਿਕਾਰਘਾਟ ਦੇ ਸਿਖਰ ਤੇ ਸਿਖਰ ਦੁਪਹਿਰੇ ਫੁਰਮਾਇਆ "ਖਾਲਸਾ ਜੀ ! ਇਥੇ ਅਨੰਦਪੁਰ ਦੀ ਸੀਤਲ ਸੁਗੰਧਯੁਤ ਮੰਦ ਮੰਦ ਚਲ ਰਹੀ ਪੌਣ ਦੀਆਂ ਲੈਹਿਰਾਂ ਲੈਹਿਰਾ ਰਹੀਆਂ ਹਨ' ਅਤੇ ਕਿਸੀ ਦੇ ਮੋਢੇ ਤੇ ਹੱਥ ਰਖਕੇ ਆਖਿਆ ਸੀ "ਹੁਣ ਤਾਂ ਇਹ ਸਾਡੇ ਨਾਲ ਹੀ ਰਹੇਗਾ।" ਉਸ ਗੁਰੂ ਦਸਮੇਸ ਜੀ ਦੀ ਚਰਨ ਸਰਨ ਵਿਚ ਇਹ "ਹਜ਼ੂਰੀ ਸਾਥੀ" ਸਮਰਪਣ ਹੈ।


ਵਿਸਾਖ ੧੯੯੯ }
ਨਾਦੇੜ (ਦੱਖਣ) } ਪ੍ਰਾਰਥਕ—ਸੰਗ੍ਰਹਿ ਕਰਤਾ

1787




ਗੁਰਦੁਆਰਾ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ.

ਗੁਰਦੁਆਰਾ ਨਗੀਨਾ ਘਾਟ



ਗੁਰਦੁਆਰਾ ਹੀਰਾ ਘਾਟ



# ਹਜ਼ੂਰੀ ਸਾਖੀ ਕੀ ਹੈ ?

ਇਸਦੇ ਸੰਬੰਧ ਵਿਚ ਸ੍ਰੀ ਮਾਨ ਸਰਦਾਰ ਬਹਾਦਰ ਸ੍ਰਦਾਰ ਕਾਹਨ ਸਿੰਘ ਜੀ ਮਸ਼ਹੂਰ ਵਿਦਵਾਨ ਤੇ ਰਈਸ ਨਾਭਾ ਲਿਖਦੇ ਹਨ ਕਿ–"ਪੰਥ ਰਤਨ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ ਦੀ ਯਾਤਰਾ ਕਰਨ ਵਾਲੇ ਪ੍ਰੇਮੀਆਂ ਲਈ 'ਹਜ਼ੂਰੀ ਸਾਖੀ' ਲਿਖਕੇ ਭਾਰੀ ਉਪਕਾਰ ਕੀਤਾ ਹੈ, ਇਸ ਵਿਚ ਗੁਰੂ ਧਾਮ ਦਾ ਇਤਿਹਾਸ ਰਹੁਰੀਤੀ, ਆਮਦਨ ਖਰਚ ਦਾ ਵੇਰਵਾ ਅਤੇ ਯਾਤਰਾ ਦੀ ਵਿਧੀ ਆਦਿਕ ਸਿਰਲੇਖ ਵੱਡੀ ਯੋਗਤਾ ਨਾਲ ਲਿਖੇ ਹਨ। ਜੋ ਜੋ ਤ੍ਰੁਟੀਆ ਅਤੇ ਸੁਧਾਰ ਲਾਇਕ ਗੱਲਾਂ ਹਨ ਉਹ ਮਿਤ੍ਰ ਭਾਵ ਨਾਲ ਪ੍ਰਗਟ ਕੀਤੀਆਂ ਹਨ। ਇਸ ਟ੍ਰੈਕਟ ਤੋਂ ਅਪਾਰ ਲਾਭ ਹੋਣ ਦੀ ਆਸ ਹੈ। ਮੈਂ ਅਕਾਲੀ ਜੀ ਨੂੰ ਇਸ ਸੇਵਾ ਦੇ ਬਦਲੇ ਅਤੀ ਧੰਨਵਾਦ ਪੇਸ਼ ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਸ੍ਰੀ ਹਜ਼ੂਰ ਸਾਹਿਬ ਜੀ ਦੇ ਯਾਤਰੂ ਪ੍ਰੇਮੀਆਂ ਪਾਸ ਤਾਂ ਇਸ ਪੁਸਤਕ ਦਾ ਹੋਣਾਂ ਬਹੁਤ ਹੀ ਜ਼ਰੂਰੀ ਹੈ, ਪਰ ਸਾਧਾਰਨ ਰੀਤ ਨਾਲ ਹਰ ਇਕ ਸਿਖ ਨੂੰ ਏਹ ਪੁਸਤਕ ਪਾਸ ਰਖਣੀ ਚਾਹੀਦੀ ਹੈ।

ਪੰਥ ਦਾ ਸੇਵਕ–

੨੦–੪–੩੩ ਕਾਹਨ ਸਿੰਘ ਨਾਭਾ ਨਿਵਾਸੀ

# ਮਨੋਰਥ ਸੂਚਕ ਬਿਨੈ

ਅਜ ਕਲ ਤਾਂ ਰੇਲ ਦੇ ਕਾਰਨ ਹਜ਼ੂਰ ਸਾਹਿਬ (ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ) ਜਾਣਾਂ ਬਹੁਤ ਸੁਖਾਲਾ ਹੈ, ਪਰੰਤੂ ਜਦ ਪੈਦਲ ਚਲਕੇ ਜੰਗਲਾਂ ਬੀਆਬਾਨਾਂ ਪਹਾੜਾਂ ਤੇ ਦਰਿਆਵਾਂ ਨੂੰ ਚੀਰ ਕੇ ਗੁਰ ਸਿਖ ਪੁਜਦੇ ਸੀ ਉਸ ਵੇਲੇ ਸਿਵਾਏ ਅਕਾਲ ਪੁਰਖ ਗੁਰੂ ਪਾਤਸ਼ਾਹ ਜੀਦੇ ਭਰੋਸੇ ਤੇ, ਉਨ੍ਹਾਂ ਦੀ ਚਰਨ ਸਰਨ ਦੇ ਹੋਰ ਕੌਣ ਸਾਥੀ ਸੀ? ਹਾਂ, ਉਸ ਵੇਲੇ ਸਿਖ ਬੱਚਾ੨ ਇਸ ਰਵਾਇਤ ਤੋਂ ਜਾਣੂ ਸੀ ਕਿ:–"ਸਿਖ ਦੇ ਪ੍ਰਾਣਾਂਤ ਤਕ ਉਸਨੂੰ ਵੇਖਣ ਦੀ ਗੁਰੂ ਜੀ ਇੰਤਜ਼ਾਰੀ ਰਖਦੇ ਹਨ।" ਧੰਨ ਗ੍ਰੀਬ ਨਿਵਾਜ ਪਤਿਤ ਪਾਵਨ ਗੁਰੂ ਤੂੰ ਧੰਨ ਹੈਂ। ਓਹ ਗੁਰ ਸਿਖ ਭੀ ਧੰਨ ਹਨ, "ਜਿਨ ਐਸੀ ਜਾਨੀ" ਪਰੰਤੂ ਅਸੀਂ ਤਾਂ ਪਤਾ ਪੁਛਣ ਯਾ ਨਾ ਮਿਲਣ ਤੇ ਐਸ਼ ਆਰਾਮ ਦੀ ਹਾਲਤ ਵਿਚ ਭੀ ਦਰਸ਼ਨਾਂ ਤੋਂ ਵਾਜੇ ਰਹੀ ਜਾਂਦੇ ਹਾਂ? "ਹਰ ਕਿਸੀ ਨੂੰ ਸਹਿਜੇ ਹੀ ਪਤਾ ਲਗ ਜਾਏ ਕਿ ਹਜ਼ੂਰ ਸਾਹਿਬ ਕਿਥੇ ਹੈ?" ਬਸ ਇਹ ਇਛਾ ਹੈ! ਇਹ ਮਨੋਰਥ ਹੈ!! ਜਿਸ ਦੀ ਪੂਰਨਤਾ ਵਾਸਤੇ ਇਸ 'ਹਜ਼ੂਰੀ ਸਾਥੀ' ਨੂੰ ਲਿਖਿਆ ਹੈ ਤੇ ਇਸ ਸਬੰਧੀ ਸਹਾਇਕਾਂ ਦਾ ਅਤੀਯੰਤ ਧੰਨਵਾਦੀ ਹਾਂ, ਜੇ ਕਿਸੀ ਸਵਾਲਖ ਨੇ ਭੀ ਲਾਭ ਉਠਾਇਆ ਤਦ ਮੈਂ ਆਪਣੀ ਮੇਹਨਤ ਸੁਫਲ ਸਮਝਾਂਗਾ?

ਪ੍ਰਾਰਥਕ–ਸੰਗ੍ਰਹਿ ਕਰਤਾ

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਦਖਨ ਪ੍ਰਵੇਸ਼

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪੰਜਾਬ ਤੋਂ ਰਾਜਪੂਤਾਨਾ ਹੋਕੇ, ਬੁਰਹਾਨਪੁਰ, ਅਕੋਲਾ, ਇਗੋਲੀ, ਬਾਸਮ, ਬਸਮਤ, ਆਦਿ ਲੰਘ ਆਏ ਤਦ ਇਕ ਰਮਣੀਕ ਥਾ ਵੇਖ:-

"ਨਗਰ ਨੰਦੇੜ ਵਹਿਰ ਕੀ ਥਾਈ।
ਉਤਰੇ ਸਤਿਗੁਰ ਸੋ ਅਪਨਾਈ।
ਅਹੇ ਪੁਰਾਤਨ ਭੂਮ ਹਮਾਰੀ।
ਅਪਰ ਮਾਲ ਕੀ ਸਕਲ ਬਿਡਾਰੀ"।੨੭॥

ਕਹਿਕੇ ਜਿਥੇ ਆਪਨੇ ਉਤਾਰਾ ਕੀਤਾ ਉਸ ਥਾਂ ਦਾ ਮਾਲਕ ਇਕ ਨੰਦੇੜ ਦਾ ਮੁਗਲ ਕਿਹਾ ਜਾਂਦਾ ਸੀ ਜਿਸਨੇ ਖਬਰ ਪਾਕੇ ਉਠਾਣ ਦਾ ਜਤਨ ਕੀਤਾ ਤੇ ਇਹ ਮਾਮਲਾ ਜਦ ਰਈਸਾਂ, ਹਾਕਮਾਂ ਤਕ ਪੁਜ ਗਿਆ, ਤਦ ਫੈਸਲਾ ਇਹ ਹੋਇਆ ਕਿ-

"ਜੋ ਇਸ ਕੀ ਅਭਿਲਾਖਾ ਧਰੈ। ਕੋ ਇਕ ਪਤਾ ਬਤਾਵਨ ਕਰੈ।"

ਇਸ ਪਰ ਜਦ ਗੁਰੂ ਜੀ ਨੇ-

"ਤਪ ਕੀ ਮਾਲ ਬਿਭੂਤ ਦਿਖਾਈ।
ਜੋਜਨ ਭੂਮ ਦੀਨ ਹਰਖਾਈ।"

ਤਾਂ ਭੀ ਮੁਗਲ ਨੂੰ ਦੇਨ ਲਈ ਗ੍ਰੀਬ ਨਿਵਾਜ ਸਤਿਗੁਰੂ ਜੀ ਨੇ:-

"ਕਰੀ ਬਛਾਵਨ ਗਨ ਦੀਨਾਰ।
ਜਿਹ ਲਗ ਅਬਲੋ ਹੈ ਦਰਬਾਰ"।

ਜਿਨਾ ਨੂੰ ਸਮੇਟ ਕੇ ਮੁਗਲ ਅਪਨੇ ਘਰ ਗਿਆ ਤਦ ਹਕੂਮਤ ਵਲੋਂ- "ਇਕ ਜੋਜਨ ਲਗ ਗੁਰੂ ਸਥਾਨਾ।"


ਚੋਤ੍ਰਫੀ ਦਾ ਪਟਾ ਲਿਖਕੇ ਭੇਟ ਕੀਤਾ ਗਿਆ, ਉਸੀ ਥਾਂ ਗੁਰੂ ਜੀ ਖਾਲਸੇ ਸਮੇਤ ਨਿਵਾਸ ਕਰਨ ਲਗੇ, ਪਰੰਤੂ ਜਿਥੇ ਹਰ ਰੋਜ਼ ਮਹਾਰਾਜ ਦੀਵਾਨ ਸਜਾਂਦੇ ਸੀ, ਉਥੇ ਹੀ ਭਾਣਾ ਵਰਤਾਣ ਤੋਂ ਪਹਿਲੇ, ਆਪਨੇ ਤਖਤ ਸਜਾਕੇ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼-ਪ੍ਰਦੱਖਣਾ ਕਰਕੇ ਇਸ ਭਾਵ ਦਾ ਬਦਨ ਕੀਤਾ:-

"ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੇਂ ਲੇਹਿ।"
"ਦਸ ਮੈਹਲਨ ਕੀ ਪੜੀਅਹਿ ਬਾਨੀ।
ਅਚੁਤ ਪਦ ਪਾਵਹੁ ਨਿਰਬਾਨੀ।"

ਇਸਤਰਾਂ ਕਈ ਹੋਰ ਭੀ ਪ੍ਰਸ਼ਨ ਉਤਰ ਹੋਣ ਤੇ ਇਕ ਪ੍ਰਸ਼ਨ ਦੇ ਉਤਰ ਵਿਚ ਭਾਈ ਸੰਤੋਖ ਸਿੰਘ ਜੀ ਨੂੰ ਇਥੇ ਹੀ ਰਹਿਣ ਦੀ ਆਗਿਆ ਹੋਈ, ਜਿਸਨੂੰ ਆਪਨੇ ਅੰਤ ਪ੍ਰਯੰਤ ਪੂਰਾ ਕੀਤਾ ਅਤੇ ਸਾਰੇ ਦਿਨ ਦੇ ਦਰਸ਼ਨ-ਦੀਦਾਰ ਮਗਰੋਂ ਦੀਵਾਨ-ਦਰਬਾਰ ਦੀ ਸਮਾਪਤੀ ਹੋਈ ਤੇ ਉਸੀ ਥਾਂ ਆਪਣੇ ਚਿਖਾ ਤਿਆਰ ਕਰਵਾਕੇ ਚੌਗਿਰਦੇ ਕਨਾਤ ਲਵਾਈ ਤੇ ਸੰ: ੧੭੬੫ ਕਤਕ ਸ਼ੁਦੀ ਪੰਚਮੀ ਵਾਲੇ ਦਿਨ "ਵੀਰਵਾਰ ਨਿਸ ਚੜ੍ਹੇ ਬਬਾਨ" ਵਾਲੀ ਲੀਲਾ ਵਰਤਾਈ, ਤਦ ਸਾਰੀ ਰਾਤ ਖਾਲਸਾ ਜੀ ਨੇ "ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ" ਕਰਕੇ ਚਿਤਾ ਠੰਡੀ ਹੋਣ ਤੇ ਬਹੁਤ ਭਾਲ ਕੀਤੀ ਪਰੰਤੂ:—

"ਫੂਲ ਅਸਤ੍ਰ ਕਛ ਸ਼ਸਤ੍ਰ ਨ ਪਾਇਓ।
ਏਕ ਪਤ੍ਰਾ ਨਹੀਂ ਨੈਨ ਲਖਾਇਓ।
ਅਸਥੀ ਕੋ ਤੈਂਹ ਲੇਪ ਨ ਕੋਈ।
ਈਧਨ ਭਸਮ ਪਰੀ ਬਹੁ ਜੋਈ।
'ਆਯੁਧ ਨਹੀ ਏਕ ਤਹੇ ਪਾਇਓ।
ਹੇਰ ਸਭਨ ਕੇ ਮਨ ਬਿਸਮਾਇਓ।
"ਦੇਹ ਸੈਹਤ ਕੀਨਸ ਪ੍ਰਸ ਥਾਨਾ।
ਮਗ ਗਮਨੇ ਪਿਖ ਨਿਸਚੇ ਠਾਨਾ॥੩੯॥
ਸਕਲ ਬਟੋਰ ਬਿਭੂਤ ਬਨਾਈ।
ਰਚਿਓ ਸਿੰਘਾਸਨ ਪੁਨ ਤਿਸਥਾਈ"।


ਅਜ ਤਕ ਇਸੀ ਸਿੰਘਾਸਨ ਨੂੰ ਤਖਤ ਸਚਖੰਡ ਅਤੇ



ਹਜ਼ੂਰ ਸਾਹਿਬ ਜੀ ਦੇ ਮੌਜੂਦਾ ਸਰਬਰਾਹ
ਸਰਦਾਰ ਧਰਮ ਸਿੰਘ ਜੀ



ਹਜ਼ੂਰ ਸਾਹਿਬ ਜੀ ਦੀ ਸਦਰ ਕਮੇਟੀ ਦੇ ਪ੍ਰੈਜ਼ੀਡੈਂਟ
ਆਰਮਸਟ੍ਰਾਂਗ ਐਸਕੁਆਇਰ



ਗੁਰਦੁਆਰਾ ਸ਼ਹੀਦ ਗੰਜ.



ਹਜ਼ੂਰ ਸਾਹਿਬ ਜੀ ਦੇ ਅਨਿੰਨ ਸੇਵਕ, ਸਿੱਖ ਸੰਗਤ ਵਣਜਾਰਿਆਂ.

ਇਸ ਪਰ ਸਜੀ ਹੋਈ ਅਮਾਰਤ ਨੂੰ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ ਆਖਦੇ ਹਨ ਅਤੇ ਇਸੀ ਦਾ ਸੰਕੇਤਕ ਨਾਮ ਸ੍ਰੀ ਹਜ਼ੂਰ ਸਾਹਿਬ ਜੀ ਹੋਣ ਤੇ ਇਸ ਸਾਰੇਪੁਰੇ ਨੂੰ ਹਜ਼ੂਰ ਸਾਹਿਬ ਕਹਿੰਦੇ ਹਨ। ਪਰੰਤੂ ਲੋੜ ਹੈ ਕਿ ਇਸ ਅਸਟੇਸ਼ਨ ਦਾ ਨਾਮ ਭੀ ਹਜ਼ੂਰ ਸਾਹਿਬ ਹੋਵੇ ਇਸ ਲਈ ਸਰਬਰਾਹ ਸਾਹਿਬ ਤੇ ਸੰਗਤਾਂਨੂੰ ਹਰ ਮਹਲੇ-ਗੁਰਪੁਰਬ ਆਦਿ ਤੇ ਰੇਜ਼ੂਲੇਸ਼ਨ ਭੇਜਕੇ ਜਿੰਮੇ ਵਾਰਾਂ ਔਫ਼ੀਸਰਾਂ ਨੂੰ ਚੇਤਾਉਣੀ ਕਰਾਂਵਦੇ ਰਹਿਣਾਂ ਚਾਹੀਏ।

## ਸ੍ਰੀ ਹਜ਼ੂਰ ਸਾਹਿਬ ਅਰਥਾਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਦੇ ਬੁੰਗਿਆਂ ਦੀ ਰਚਨਾ ਤੇ ਖਾਲਸੇ ਦੇ ਪ੍ਰਬੰਧ ਦਾ ਸਮਾਚਾਰ

ਬਿਕ੍ਰਮੀ ੧੭੬੫ ਕਤਕ ਵਿਚ ਪੰਥ ਵਾਲੀ ਸ਼ਹਿਨਸ਼ਾਹ ਸਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭਾਈ ਸੰਤੋਖ ਸਿੰਘ ਜੀ ਹਜ਼ੂਰੀ ਕਾਰਬਾਰੀ ਨੂੰ ਇਸ ਭਾਵ ਦਾ ਹੁਕਮ ਦਿਤਾ ਕਿ ਸਾਡੇ ਪਿਛੋਂ ਤੁਸੀ ਹਮੇਸ਼-

"ਇਸ ਥਲ ਰਹੋ ਦੇਗ ਵਰਤਾਵਹੁ।
ਸਰਧਾ ਜੁਤ ਸੋ ਸਿੰਘ ਟਿਕਾਵਹੁ।
ਦਰਬ ਅਸੰਖ ਈਹਾਂ ਜੋ ਆਇ।
ਤਿਸਤੇ ਨਹ ਮੰਦਰ ਚਿਨਵਾਇ॥
ਸਕਲ ਦੇਗ ਪਰ ਦੇਹੁ ਲਗਾਈ।
ਪੰਚਾਮ੍ਰਿਤ ਆਦਿਕ ਵਰਤਾਈ॥
ਕਰਹੁ ਪਕਾਵਨ ਦੇਹ ਵਰਤਾਇ।
ਧੰਨ ਕੀ ਚਿੰਤਾ ਕਰਹੁ ਨ ਕਾਇ॥

ਦਰਸ਼ਨਾਂ ਦੀ ਸਿਕ ਪ੍ਰਗਟ ਕਰਨ ਤੇ ਗੁਰੂ ਜੀ ਨੇ ਇਸ ਭਾਵ ਦਾ ਹੁਕਮ ਫੁਰਮਾਇਆ ਕਿ-

"ਨਿਸਚੇ ਸਬਦ ਰਿਦਾ ਹੈ ਮੇਰੋ।
ਤਿਸ ਸੋ ਮਿਲੀਐ ਸੰਝ ਸਵੇਰੋ।

ਹਰਿ ਗੁਰ ਗੁਨਮਹਿ ਮਨਹਿਪਰੋਵਹੁ।
ਤਿਸਤੇ ਮਿਲ ਨਿਆਰੇ ਨਹ ਹੋਵਹੁ।
ਆਯੁਧ, ਵਿਦਿਆ ਸੋ ਚਿਤ ਲਾਓ।
ਬਨਹੁ ਬੀਰ ਅਰ ਸਮੁਖ ਸਿਧਾਓ।
ਨਿਸ ਦਿਨ ਗੁਰਬਾਨੀ ਅਭਿਆਸੋ।
ਕੈ ਸਸਤ੍ਰਨ ਸੰਗ ਸਤ ਬਿਨਾਸਹੁ।
ਜੋ ਗੁਰੂਅਨ ਜਗ ਕਰ ਬਿਲਾਸਾ।
ਸੁਨਹੁ ਪ੍ਰੇਮ ਧਰ ਸਭ ਇਤਿਹਾਸਾ।
ਗੁਰਮਤ ਦੇਤ ਸਕਲ ਕਲਿਆਨ।
ਸੁਖ ਪ੍ਰਾਪਤ ਪਾਠਕ ਸ੍ਰੋਤਾਨ।

ਇਸੀ ਆਗਿਆ ਪਰ ਅਮਲ ਕਰਨ ਲਈ ਭਾਈ ਸੰਤੋਖ ਸਿੰਘ ਜੀ ਨੇ ਮਹਾਰਾਜ ਦੇ ਜੋਤੀ ਜੋਤ ਪਿਛੋਂ ਉਥੇ ਹੀ ਪਹਿਰਾ ਦੇਣਾ ਸ਼ੁਰੂ ਕੀਤਾ; ਪ੍ਰੰਤੂ ਥੋੜੇ ਹੀ ਦਿਨਾਂ ਬਾਦ ਬਹਾਦਰ ਸ਼ਾਹ ਦੇ ਦਿਲੀ ਨੂੰ ਵਾਪਸ ਹੋ ਜਾਣ ਪਿਛੋਂ ਸ਼ਹਿਰੀ ਤੇ ਹੋਰ ਤੁਰਕਾਂ ਨੇ ਛੇੜ ਖਾਨੀ ਸ਼ੁਰੂ ਕਰ ਦਿਤੀ।

ਅਕਾਲੀ ਗੁਰਬਖਸ਼ ਸਿੰਘ ਨਿਹੰਗ ਤੇ ਅਕਾਲੀ ਗਜਗਾਹ ਸਿੰਘ ਜੀ ਨਿਹੰਗ ਸਿੰਘ ਕੁਝ ਹੋਰ ਸਿੰਘਾਂ ਸਮੇਤ ੧੭੬੬ ਦੀ ਬਰਸਾਤ ਵਿਚ ਮਹਾਰਾਜ ਜੀ ਦੇ ਜੋਤੀ ਜੋਤ ਦਾ ਸੁਣਦੇ ਹੀ ਆ ਗਜੇ, ਤੇ ਇਨ੍ਹਾਂ ਨੇ ਦੂਰ ਦੂਰ ਤਕ ਮੈਦਾਨ ਬਣਾਕੇ ਵਾੜ ਕੀਤੀ ਅਤੇ ਅੰਦਰਲੇ (ਪਿਛਲੇ) ਬਾਵੜੇ ਦਾ ਆਰੰਭ ਕੀਤਾ, ਕਿਉਂਕਿ ਇਸ ਵੇਲੇ ਤਕ ਸਿੰਘ ਜਲ ਗੁਦਾਵਰੀ ਤੋਂ ਹੀ ਲਿਆਂਵਦੇ ਸਨ ਤੇ ਮੋਰਚੇ ਲਗੇ ਰਹਿਣ ਕਰਕੇ ਇਸ਼ਨਾਨ ਆਦਿਕ ਵਾਸਤੇ ਬਹੁਤਾ ਇੰਤਜ਼ਾਮ ਕਰਨਾ ਪੈਂਦਾ ਸੀ, ਕਿਉਂਕਿ ਤੁਰਕਾਂ ਵਲੋਂ ਹੁਣ ਨਿਤ ਘਾਤ ਪਾਕੇ ਹੱਲੇ ਹੋ ਹੀ ਜਾਂਦੇ ਸਨ।

੧੭੬੭ ਵਿਚ ਸਰਦਾਰ ਮੇਲਾ ਸਿੰਘ ਜੀ ੩੦ ਸਿੰਘਾਂ ਦੇ ਜਥੇ ਸਮੇਤ ਇਥੇ ਪੁਜੇ ਜਿਨ੍ਹਾਂ ਨੇ ਤੰਬੂ ਕਨਾਤਾਂ ਤੇ ਮਹਿਲ ਮਸਤਾਨੇ ਵੇਖਕੇ ਦੀਵਾਨ ਅਸਥਾਨ (ਤਖਤ ਸਾਹਿਬ ਜੀ)

ਵਾਲੀ ਥਾਂ ਤੇ ੧੦੦੦) ਰੁਪਏ ਦਾ ਸਾਮਾਨ ਇਕਤ੍ਰ ਕਰਕੇ ਆਪ ਤੇ ਹੋਰ ਸਿੰਘਾਂ ਸਮੇਤ ਹਥੀਂ ਸੇਵਾ ਕਰਕੇ ਸ਼ੁਰੂ ਵਿਚ ਮੰਦਰ ਤਿਆਰ ਕੀਤਾ। ਜਿਸ ਵਿਚ ਮਹਾਰਾਜ ਦੇ ਸ਼ਸਤ੍ਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ-ਪ੍ਰਕਾਸ਼ ਹੋਕੇ ਦੀਵਾਨ ਸਜਣ ਲਗ ਗਿਆ, ਪ੍ਰੰਤੂ ਇਨ੍ਹਾਂ ਦੇ ਵਾਪਸ ਹੋ ਜਾਣ ਪਿਛੋਂ ਛੇਤੀ ਹੀ ਸਰਦਾਰ ਅਫਲ ਕਲਾ ਸਿੰਘ ਜੀ ਕੁਝ ਜਥੇ ਸਮੇਤ ਆ ਪੁਜ, ਜਿਨ੍ਹਾਂ ਦਾ ਅਕਾਲੀ ਗਜਗਾਹ ਸਿੰਘ ਜੀ ਨਿਹੰਗ ਨਾਲ ਇਕ ਦਿਨ ਬਿਲਾਸ ਪਰਸਪਰ ਸ੍ਰੀ ਸਾਹਿਬ ਤਕ ਪੁਜਣ ਤੇ ਅਕਾਲੀ ਗਜਗਾਹ ਸਿੰਘ ਜੀ ਨਿਹੰਗ ਸਿੰਘ ਸ਼ਹੀਦੀ ਪਾ ਗਏ। ਇਨ੍ਹਾਂ ਦੇ 'ਗਜਗਾਹ' ਨੂੰ ਅਕਾਲੀ ਗੁਰਬਖਸ਼ ਸਿੰਘ ਜੀ ਨਿਹੰਗ ਸਿੰਘ ਤਖ਼ਤ ਸਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਦੇ ਹਜ਼ੂਰ ਹਾਜ਼ਰ ਕਰਕੇ, ਆਪ ਕੁਝ ਸਿੰਘਾਂ ਸਮੇਤ ਨਗੀਨਾ ਘਾਟ ਦੇ ਕਿਨਾਰੇ ਜਾ ਬਿਰਾਜੇ। ਪ੍ਰੰਤੂ ਭਾਈ ਸੰਤੋਖ ਸਿੰਘ ਜੀ ਦਾ ਸੰਮਤ ੧੭੭੧ ਵਿਚ ਕਮਰ ਕਸਾ ਹੋ ਜਾਣ ਪਰ ਇਨ੍ਹਾਂ ਦੇ ਇਕ ਸਾਥੀ ਅਕਾਲੀ ਖੁਸ਼ਾਲ ਸਿੰਘ ਜੀ ਨਿਹੰਗ ਜਥੇਦਾਰੀ ਦੀ ਸੇਵਾ ਲਈ ਚੁਣੇ ਗਏ, ਜਿਨ੍ਹਾਂ ਤੋਂ ਪਿਛੋਂ ੧੭੭੬ ਵਿਚ ਅਕਾਲੀ ਲਾਲ ਸਿੰਘ ਜੀ ਨਿਹੰਗ ਸਿੰਘ ਜਥੇਦਾਰ ਬਣੇ ਅਤੇ ਇਨ੍ਹਾਂ ਹੀ ਦਿਨਾਂ ਵਿਚ ਇਕ ਸਰਦਾਰ ਚੜ੍ਹਤ ਸਿੰਘ ਜੀ ਕਰਤਾਰ ਪੁਰੀਏ ਜਥੇ ਸਮੇਤ ਪੁਜੇ, ਇਹ ਬੜੇ ਉਦਮੀ ਉਤਸ਼ਾਹੀ ਤੇ ਕਾਰੀਗਰ ਸਿਆਣੇ ਸਨ। ਇਨ੍ਹਾਂ ਨੇ ਇਟਾਂ ਪਥਰ ਤਿਆਰ ਕਰਕੇ ਅਕਾਲ ਬੁੰਗੇ ਦੀ ਨੀਂਹ ਰਖੀ ਅਤੇ ਉਤੇ ਕਚੀ ਛਤ ਪਾਈ ਜਿਸ ਨੂੰ ਸ੍ਰ: ਗਾਹੂ ਸਿੰਘ ਜੀ ਨੇ ੫੦੦੦੦) ਲਗਾਕੇ ਫੇਰ ਪਕਾ ਕੀਤਾ ... ਬਾਂਵੜਾ ਭੀ ਪਕਾ ਬਣਵਾਇਆ।

੧੭੮੫ ਵਿਚ ਸ: ਚੜ੍ਹਤ ਸਿੰਘ ਜੀ ਦੇ ਯਤਨ ਨਾਲ ... ਬਖਤਾਵਰ ਸਿੰਘ ਜੀ ਜਥੇਦਾਰ ਮੁਕੱਰਰ ਹੋਣ ... ਸਾਰੇ ਹਜ਼ੂਰੀ ਸੇਵਾਦਾਰ ਨਵੇਂ ਸਿਰ ਮੁੜ ਪਰ...

ਜੁਦਾ ਜੁਦਾ ਟਹਿਲ ਲਈ ਮੁਕਰਰ ਕੀਤੇ ਗਏ, ਕਿਉਂਕਿ ਪਹਿਲੇ ਬਹੁਤੇ ਸਿੰਘਾਂ ਦੇ ਫਤਹ ਗਜਾਣ, ਚਾਲੇ ਪਾਣ, ਉਪ੍ਰਾਮ ਤੇ ਬਿਧ ਹੋ ਜਾਣ ਕਰਕੇ ਸੇਵਾ ਦਾ ਸਿਲਸਿਲਾ ਟੁਟਦਾ ਜਾਂਦਾ ਸੀ, ਜਿਸ ਦੇ ਮੁੜ ਜਾਰੀ ਹੋਣ ਤੇ ਖਾਲਸੇ ਦੀ ਇਨ੍ਹਾਂ ਪਰ ਬੜੀ ਖੁਸ਼ੀ ਹੋਈ, ਇਸੀ ਕਰਕੇ ਸਰਬ ਸੰਮਤੀ ਨਾਲ ੧੮੯੨ ਵਿਚ ਸ: ਚੜ੍ਹਤ ਸਿੰਘ ਜੀ ਨੂੰ ਹੀ ਜਥੇਦਾਰ ਥਾਪਿਆ ਗਿਆ।

ਏਹ ਜਿਥੇ ਸੂਰਬੀਰ ਦਲੇਰ ਉਤਸ਼ਾਹੀ ਤੇ ਨੀਤੀ ਨਿਪੁੰਨ, ਪ੍ਰਬੰਧ ਤੇ ਸੇਵਾ ਵਿਚ ਆਪਣੀ ਆਪ ਹੀ ਮਿਸਾਲ ਸਨ, ਉਥੇ ਨਾਮ ਰਸੀਏ ਕੀਰਤਨੀ (ਰਾਗੀ) ਤੇ ਦਰਦ ਦਿਲ ਵਾਲੇ ਦੀਦਾਰੀ ਯੋਗਾ ਅਭਿਆਸੀ ਭੀ ਸਨ। ਇਸੀ ਕਰਕੇ ਸਾਰੇ ਇਲਾਕੇ ਵਿਚ ਇਨ੍ਹਾਂ ਦੇ ਸਤਿਕਾਰ ਸ਼ੋਭਾ ਦੀ ਬੜੀ ਚਰਚਾ ਸੀ। ਇਨ੍ਹਾਂ ਨੇ ਹੀ ਨਗੀਨੇ ਘਾਟ ਵਾਲੇ ਬੁੰਗੇ ਬਣਾਏ ਕੁਝ ਦਿਨਾਂ ਤੋਂ ਇਨ੍ਹਾਂ ਨਾਲ ਸ: ਮੋਹਰ ਸਿੰਘ ਜੀ ਭੀ ਆ ਮਿਲੇ ਸਨ, ਜੋ ਅਰਬੀ ਫ਼ਾਰਸੀ ਦੇ ਵਿਦਵਾਨ ਫਿਲਾਸਫਰ ਤੇ ਰਾਜ-ਨੀਤੀ ਦੇ ਮਾਹਰ ਹੋਣ ਕਰਕੇ ਸ਼ਹਿਰ ਦੇ ਨਾਇਬ (ਹਾਕਮ) ਨਾਲ ਮਿਲਕੇ ਇਲਾਕੇ ਦੇ ਕਿਤਨੇ ਹੀ ਝਗੜੇ ਮਾਮਲੇ ਤੈਹ ਕਰਦੇ ਸਨ। ਇਨ੍ਹਾਂ ਨੇ ੧੯੩੦ ਵਿਚ ੧੦੦੦੦) ਰੁਪਏ ਖਰਚ ਕੇ ਤਖਤ ਸਾਹਿਬ ਜੀ ਦੀ ਦੁਬਾਰਾ ਸੇਵਾ ਕਰਾਈ ਅਤੇ ਵੱਡਾ ਭਾਰੀ ਜਗ (ਲੰਗਰ) ਦੀਵਾਨ ਕੀਤਾ ਜਿਸ ਕਰਕੇ ਸਾਰੀ ਪ੍ਰਾਂਤ ਵਿਚ ਮੁੜ ਖਾਲਸੇ ਦੀ ਧਾਂਕ ਮਚ ਗਈ,

ਇਨ੍ਹਾਂ ਦਿਨਾਂ ਵਿਚ ਹੀ ਕੰਧਾਰ ਗਾਉਂ ਦੇ ਹਿੰਦੂ ਰਾਜ ਘਰਾਣੇ ਦੇ ਦੋਹਾਂ ਭਰਾਵਾਂ ਵਿਚ ਕਿਸੀ ਗ ਦੁਵੇਸ਼ਾਗਨੀ ਪ੍ਰਚੰਡ ਹੋ ਗਈ। ਇਨ੍ਹਾਂ ਦੇ ਪਰਸਪਰ ਕਰਾਣ ਵਿਚ, ਖਾਲਸੇ ਨੇ ਫਤਹ ਪਾਈ। ਇਸ ਖੁਸ਼ੀ ਦੋਹਾਂ ਭਰਾਵਾਂ ਨੇ ੧੮੦੦੦) ਰੁਪਿਆ ਭੇਟਾ ਕੀਤਾ, ਨਾਲ ਹੋਰ ਮਿਲਾਕੇ ਸ: ਮੋਹਰ ਸਿੰਘ ਜੀ ਨੇ ੧੯੪੫

੪੫੦੦੦) ਦੀ ਰਕਮ ਖਰਚਕੇ ਮਾਈ ਭਾਗ ਕੌਰ ਜੀ ਦੀ ਯਾਦਗਾਰ ਵਿਚ ਬੁੰਗਾ ਤਿਆਰ ਕਰਵਾਇਆ, ਕਿਉਂਕਿ ੧੯੪੨ ਵਿਚ ਏਹ ਜਥੇਦਾਰ ਥਾਪੇ ਜਾ ਚੁਕੇ ਸੀ।

ਇਨ੍ਹਾਂ ਦਿਨਾਂ ਵਿਚ ਹੀ ਅਕਾਲੀ ਮਹਾ ਕਾਲ ਸਿੰਘ ਨਿਹੰਗ ਰਾਜਪੂਤਾਨੇ ਵਲੋਂ ਨਜ਼ਰਾਨੇ ਲੈਕੇ ਆਪਣੇ ਜਥੇ ਸਮੇਤ ਇਥੇ ਪੁਜੇ ਜਿਸ ਤੋਂ ਹੋਰ ਹੋਰ ਬੁੰਗੇ ਬਣਨ ਦੀ ਤਿਆਰੀ ਆਰੰਭ ਹੋਈ ਪ੍ਰੰਤੂ ੧੯੪੯ ਵਿਚ ਸ: ਮੋਹਰ ਸਿੰਘ ਜੀ ਦੇ ਪਿਛੋਂ ਸ: ਰਾਮ ਸਿੰਘ ਜੀ ਦੇ ਸਮੇਂ ਤੁਰਕਾਂ ਵਲੋਂ ਹਲਾ ਹੋਣ ਤੇ ਜੰਗ ਜਾਰੀ ਹੋ ਗਿਆ। ਜਿਸ ਕਰਕੇ ਛੇਤੀ ਛੇਤੀ ਪੂਰੀ ਪੂਰੀ ਤੇ ਪਕੀ ਸੇਵਾ ਨ ਹੋ ਸਕੀ ਕਿਉਂਕਿ ਸਾਰੇ ਇਲਾਕੇ ਦੀ ਤੁਰਕਾਨੀ ਗੁਰਦਵਾਰੇ ਦੀ ਲੁਟ ਲਈ ਹਿਲ ਖੜੋਤੀ ਸੀ।

ਇਸੀ ਘਮਸਾਨ ਅੰਦਰ ੧੯੬੦ ਵਿਚ ਸ: ਧਰਮ ਸਿੰਘ ਅਤੇ ੧੯੭੨ ਵਿਚ ਸ: ਚੜ੍ਹਤ ਸਿੰਘ ਜਥੇਦਾਰ ਦੂਜੇ ਭੀ ਜੰਗ ਅੰਦਰ ਹੀ ਸ਼ਹੀਦੀ ਪਾ ਗਏ ਜਿਨ੍ਹਾਂ ਨੇ ੨੦੦੦੦) ਰੁਪਿਆ ਖਰਚਕੇ ਅੰਦਰਲਾ ਬਾਵੜਾ ਪਕਾ ਕਰਵਾਇਆ, ਅਤੇ ਜਿਥੇ ਹੁਣ ਬਾਬਾ ਨਿਧਾਨ ਸਿੰਘ ਵਾਲਾ ਬੁੰਗਾ ਕਹਿਲਾਂਦਾ ਹੈ, ਜਿਸਨੂੰ ਬੁੰਗਾ ਸਰਬਲੋਹ ਭੀ ਆਖਦੇ ਸਨ ਇਥੇ ਇਕ ਦੁਛੱਤਾ ਬੁੰਗਾ ਬਣਵਾਇਆ ਸੀ ਜੋ ਗੰਗਾ ਦੀ ਸੈਲਾਬ ਨਾਲ ਰੁੜ੍ਹ ਗਿਆ। (ਇਸਦਾ ਕੁਝ ਜਿਕਰ ਬਾਬਾ ਨਿਧਾਨ ਸਿੰਘ ਜੀ ਤੇ ਅਕਾਲੀ ਹਰਦਿਤ ਸਿੰਘ ਜੀ ਨਿਹੰਗ ਸਿੰਘ ਵਾਲੀ ਉਸ ਦਰਖਾਸਤ ਵਿਚ ਹੈ ਜੋ ੭ ਫਰਵਰਦੀ ੧੩੨੩ ਫਸਲੀ ਨੂੰ ਉਨ੍ਹਾਂ ਨੇ ਉਸਦੀ ਮੁਰੰਮਤੀ ਲਈ ਬਰਾਹ ਹਜ਼ੂਰ ਸਾਹਿਬ ਪਾਸ ਦਿਤੀ ਸੀ)।

੧੯੭੨ ਤੋਂ ੧੯੭੬ ਤਕ ਸ: ਮਹਿਤਾਬ ਸਿੰਘ ਜੀ ਅਤੇ ੧੯੭੬ ਤੋਂ ੧੯੮੦ ਤਕ ਸ: ਆਇਆ ਸਿੰਘ ਜੀ ਜਥੇਦਾਰ ਸਨ ਪ੍ਰੰਤੂ ੧੯੮੦ ਤੋਂ ਖਾਲਸਾ ਚਾਲੇ ਪਾ ਗਿਆ, ਕਿਉਂਕਿ ਮੰਨ ਵੇਲੇ ਬ੍ਰਿਛਾਂ ਦੇ ਛਿਲਕੇ ਤੇ ਪਤੇ ਭੀ ਛਕਣ ਲਈ ਖਾਲਸੇ ਪਰੇ

ਜੀਨੂੰ ਮਿਲਣੇ ਕਠਨ ਸਨ, ਤਦੋ ੧੯੯੦ ਤੋਂ ੧੯੯੨ ਤਕ ਉਦਾਸੀ ਸੰਤ ਸੇਵਾ ਕਰਨ ਲਈ ਟਿਕਾਏ ਗਏ। ਪ੍ਰੰਤੂ ੧੯੯੨ ਵਿਚ ਸ: ਜਸਾ ਸਿੰਘ ਜੀ ਜਥੇ ਸਮੇਤ ਪੁਜੇ ਤੇ ਮੁੜ ਸੇਵਾ ਲਈ ਖਾਲਸੇ ਜੀ ਦੇ ਪਹਿਰੇ ਲਗਾਏ ਗਏ। ਇਸੀ ਜਥੇਦਾਰ ਜੀ ਦੇ ਵਕਤ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ ਨੇ ਜਦ ਸ੍ਰੀ ਤਰਨ ਤਾਰਨ ਸਾਹਿਬ ਆਦਿ ਗੁਰਦੁਆਰਿਆਂ ਦੀ ਸੇਵਾ ਲਈ ਕਮਰ ਕਸਾ ਕੀਤਾ ਤਦ ਇਥੇ ਭੀ ਸ: ਚੰਦਾ ਸਿੰਘ ਜੀ ਦੀ ਰਾਹੀਂ ਕਾਰੀਗਰ ਤੇ ਮਾਇਆ ਭੇਜਕੇ ਤਖਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ ਅਤੇ ਹੋਰ ਗੁਰਦੁਆਰੇ ਸਾਹਿਬਾਨ, ਬਾਰਾਂਦਰੀ ਆਦਿ ਦੀ ਸੇਵਾ ਆਰੰਭ ਕਰਵਾਈ।

ਇਸੀ ਸਮੇਂ ਵਿਚ ਮਹਾਰਾਜਾ ਚੰਦੂ ਲਾਲ ਜੀ ਬਹਾਦਰ ਨੇ ਨਗੀਨਾ ਘਾਟ ਦੀਆਂ ਪੌੜੀਆਂ ਚਾਲੀ ਹਜ਼ਾਰ ਰੁਪਿਆ ਖ਼ਰਚ ਕੇ ਬਣਵਾਈਆਂ ਤੇ ਬਿਸ਼ਨ ਪੁਰੀ, ਬਾਂਸਰੀ, ਬਾੜੀ, ਏਲਕੀ ਤੇ ਮਸੋੜ ਆਦੀ ਪਿੰਡ ਲੰਗਰ ਲਈ ਭੇਟ ਕੀਤੇ। ਬਾਹਦ ਵਿਚ ਕੁਛ ਪਿੰਡ ਰਾਜਾ ਨਾਨਕਚੰਦ ਸਾਹਿਬ ਵਲੋਂ ਤੇ ਸਾਲਾਨ ਪਟਿਆਲਾ, ਜੀਂਦ, ਨਾਭਾ, ਕਪੂਰਥਲਾ, ਫ਼ਰੀਦ ਕੋਟ ਤੇ ਹੋਰ ਸਿਖ ਰਈਸਾਨ ਵਲੋਂ ਲੰਗਰ ਆਦਿ ਲਈ ਲਾਏ ਗਏ। ਸੰਨ ੧੯੯੪ ਵਿਚ ਸ: ਈਸ਼ਰ ਸਿੰਘ ਜੀ ਦੇ ਜਥੇਦਾਰ ਬਣਨ ਪਰ ਦੁਸੇਹਿਰੇ, ਦੀਵਾਲੀ ਦਾ ਮਹਲਾ ਬੜੇ ਰੰਗ ਨਾਲ ਖੇਲਿਆ ਗਿਆ, ਪ੍ਰੰਤੂ ਲਿਖਾਰੀ ਰਣ ਸਿੰਘ ਜੀ ਦੀ ਬੇ-ਇਤਫ਼ਾਕੀ ਹੋ ਜਾਣ ਦੇ ਕਾਰਣ ਤੁਰਕ ਲੁਟਣ ਲਈ ਆ ਪਏ, ਰਹਿਰਾਸੀਆ ਸਿੰਘ ਸ਼ਹੀਦ ਹੋਇਆ ਤੇ ਤੁਰਕਾਂ ਭਾਂਜ ਖਾਧੀ, ਸੰਨ ੧੯੯੬ ਵਿਚ ਸ: ਵਰਿਆਮ ਸਿੰਘ ਜੀ ਤਿੰਨ ਦਿਨ ਜਥੇਦਾਰ ਰਹਿਕੇ ਸ਼ਹੀਦ ਹੋਏ ਤੇ ਸ: ਤਾਰਾ ਸਿੰਘ ਜਥੇਦਾਰ ਬਣਿਆ। ਇਸੀ ਸਾਲ ਵਿਚ ਮ: ਰਣਜੀਤ ਸਿੰਘ ਜੀ ਦੇ ਕਮਰਕਸੇ ਦੀ ਖਬਰ ਸੁਣਕੇ ਆਏ ਹੋਏ ਕਾਰਬਾਰੀ ਹਰ ਹੋ ਗਏ ਤੇ ਗੁਰਦੁਆਰੇ ਦੀ ਦੂਜੀ ਛੱਤ ਅਧੂਰੀ ਰਹਿਗਈ। ਜਿਸ ਸਦਰ ਤੇ ਮੁਕਾਮੀ ਕਮੇਟੀ ਵਲੋਂ ਸਰਬਰਾਹਾਂ ਦੀ ਨਿਗਰਾ)

ਵਿਚ ਪ੍ਰਬੰਧ ਹੋ ਜਾਣ ਤੇ, ਏਹ ਸੇਵਾ ਆਮ ਖ਼ਾਲਸੇ ਤੇ ਸੰਗਤਾਂ ਦੇ ਹਿਸੇ ਆਈ, ਆ ਰਹੀ ਤੇ ਆਵੇਗੀ ਸਮਝਨਾ ਚਾਹੀਏ। ਇਸੇ ਜਥੇਦਾਰ ਨੇ ੧੫੦੦੦) ਖ਼ਰਚਕੇ ਨਗੀਨਾ ਘਾਟ ਦੂਜਾ ਬੁੰਗਾ ਬਣਵਾਇਆ। ਇਸੀ ਸਮੇਂ ਸ: ਚੇਨ ਸਿੰਘ, ਸ: ਬਹਾਦਰ ਸਿੰਘ ਕਾਰਬਾਰੀ ਦੇ ਵਿਰੁਧ (ਪਾਰਟੀ ਬਾਜ਼ੀ) ਕਰਕੇ ਜੰਗ ਹੋਇਆ। ੪੦ ਸਿੰਘ ਚਲ ਬਸੇ, ਸ: ਬਹਾਦਰ ਸਿੰਘ ਰੁਹੇਲਿਆਂ ਨੂੰ ਮਦਤ ਵਿਚ ਲੈ ਆਇਆ। ਸ: ਮਨਸਾ ਸਿੰਘ ਕਾਰਬਾਰੀ ਹੋਇਆ, ਜਿਸਨੇ ਮਸੋੜ ਪਿੰਡ ਅੰਗਰੇਜ਼ ਅਫ਼ਸਰ ਨੂੰ ਮਿਲਕੇ ਜਗੀਰ ਦਾ ਬੰਦੋਬਸਤ ਕਰਾਇਆ ਅਤੇ ਖਾਲਸੇ ਨੇ ਕੰਧਾਰ ਦੇ ਨੈਨ ਸਿੰਹ ਰਾਜਾ ਤੇ ਬਦਲੀ ਖਾਨ ਦੇ ਜੰਗ ਵਿਚ ਸਾਥ ਦਿਤਾ ਤੇ ਫ਼ਤਹ ਹੋਈ।

੧੯੧੦ ਵਿਚ ਜਥੇਦਾਰੀ ਸ: ਅਤਰ ਸਿੰਘ ਜੀ ਦੇ ਹਥ ਆਈ। ਕਿਸ਼ਨ ਸਿੰਘ ਰਾਜਾ ਸਿੰਘ ਨੇ ਮਨਸਾ ਸਿੰਘ ਕਾਰਬਾਰੀ ਕਤਲ ਕੀਤਾ, ਉਸਦੇ ਪੁਤਰ ਸ: ਧੰਨਾ ਸਿੰਘ ਨੇ ਇਨ੍ਹਾਂ ਨੂੰ ਮਾਰਕੇ (ਕਿੱਕਰ ਦੇ ਦਰਖਤਾਂ ਨਾਲ ਲਟਕਾ ਕੇ) ਜਥੇਦਾਰ ਦਾ ਡੇਰਾ ਲੁਟ ਲੀਤਾ ਤੇ ਰੁਹੇਲੇ ਮਦਤੀ ਲੈਕੇ ਤਖਤ ਸਾਹਿਬ ਨੂੰ ਲੁਟਣ ਲਈ ਚੜ੍ਹਾਈ ਕੀਤੀ ਇਸ ਵੇਲੇ ਜ਼ਿਲੇਦਾਰ ਹਾਕਮ "ਪਿਸ਼ਤਨ" ਜੀ ਸਨ।

ਗੁਰਦੁਵਾਰੇ ਸਾਹਿਬ ਦੀ ਹਤਕ ਸਮਝ ਕੇ ਪੰਜਾਬ ਤੋਂ ਆਏ ਹੋਏ ਬਿਹੰਗਮ ਤੇ ਨਿਹੰਗ ਸਿੰਘਾਂ ਨੇ ਅਤੇ ਸ: ਆਸਾ ਸਿੰਘ ਕਰੀਮ ਨਗਰ ਵਾਲੇ ਦੇ ਪਿਤਾ ਸ: ਖੜਗ ਸਿੰਘ ਜੀ ਨੇ ਚੇਲਿਆਂ ਦੇ ਸਰਦਾਰ ਨੂੰ ਲਲਕਾਰ-ਵੰਗਾਰਕੇ ਥਾਂ ਰਖਿਆ ਰੁਹੇਲਿਆ ਭਾਂਜ ਖਾਧੀ। ਇਸ ਫੁਟ ਤੇ ਧੜੇਬਾਜੀ ਵਿਚ [illegible]ਕਾਰ ਵਲੋਂ ਗੁਰਦੁਆਰੇ ਸਾਹਿਬ ਤੇ ਜਗੀਰ ਦੇ ਪ੍ਰਬੰਧ ਵਿਚ [illegible] ਦਖਲ ਦਿਤਾ ਗਿਆ ਅਤੇ ਰਾਇ ਹਨਵੰਤ ਪ੍ਰਸ਼ਾਦ [illegible] ਭੇਜਕੇ ਮੁਲਾਜ਼ਮਾਨ ਗੁਰਦੁਆਰਾ ਸਾਹਿਬ ਤੇ ਹੋਰ ਪੰਗੇ

ਗੁਰਦਵਾਰੇ ਸਾਹਿਬ ਦੇ ਪਲੱਸਤਰ, ਸੋਨੇ ਦੇ ਪੱਤਰੇ ਵਾ ਹੋਰ ਸ਼ਿਲਾਈ ਬੁਰਜੀਆਂ ਤੇ ਸੰਗਮਰਮਰ ਦਾ ਫ਼ਰਸ਼ ਵਾ ਜੜਾਵਟ ਸਾਮਾਨ ਆਦਿ ਵਿਚ ਭੀ ਬੇਅੰਤ ਵਾਧਾ ਹੋਇਆ ਹੈ ਜਿਸਦੇ ਦੋ ਵਡੇ ਕਾਰਨ ਹਨ—

ਪਹਿਲਾ:—ਸ਼ੁਰੂ ਵਿਚ ਪੁਰਾਣੀ ਰਵਾਇਤ ਅਨੁਸਾਰ ਢੰਗ ਵਰਤਾਣ ਤੇ ਜ਼ੋਰ ਸੀ, ਪਰੰਤੂ ਹੁਣ ਉਹ ਖਿਆਲ ਪੂਰਾ ਅਮਲ ਵਿਚ ਨਹੀਂ ਲਿਆਂਦਾ ਗਿਆ।

ਦੂਜਾ:—ਪਹਿਲੇ ਪੈਦਲ ਰਸਤਾ ਹੋਣ ਕਰਕੇ ਸੰਗਤਾਂ ਦੀ ਆਵਾ ਜਾਈ ਤੇ ਜਗੀਰ ਦੀ ਆਮਦਨ ਭੀ ਘਟ ਸੀ। ਪ੍ਰੰਤੂ ਇਸ ਸਮੇਂ ਵਿਚ ਹਰ ਪਾਸੇ ਤੋਂ ਜਿਥੇ ਆਮਦਨ ਦਾ ਵਾਧਾ ਹੋਇਆ ਹੈ, ਉਥੇ ਹੋਰ ਭੀ ਰੌਣਕ ਵਧੀ ਹੈ, ਕਿਉਂਕਿ ਗੌਰਮਿੰਟ ਸਟੇਟ ਨਜ਼ਾਮ ਤੇ ਉਨ੍ਹਾਂ ਦੇ ਔਹੁਦੇਦਾਰ, ਸਿਖ ਗੁਰੂਆਂ ਦੇ ਮਨੁਸ਼ ਮਾਤਰ ਪਰ ਕੀਤੇ ਉਪਕਾਰ ਵਾ ਖਾਲਸੇ ਦੀ ਸਟੇਟ ਸਬੰਧੀ ਕੀਤੀ ਸੇਵਾ ਤੇ ਕੁਰਬਾਨੀ ਦੇ ਸਤਕਾਰ ਨੂੰ ਬੜੀ ਡੂੰਘੀ ਨਿਗਾਹ ਨਾਲ ਵੇਖਦੇ ਤੇ ਸਮਝਦੇ ਹਨ?

ਅਜ ਕਲ ਗੁਰਦੁਆਰਾ ਸਾਹਿਬ ਦੀ ਸਦਰ ਕਮੇਟੀ ਦੇ ਪ੍ਰੈਜ਼ੀਡੈਂਟ ਓਹੀ ਸਾਹਿਬ ਬਹਾਦਰ ਹਨ ਜਿਨ੍ਹਾਂਦੇ ਵਕਤਵਿਚ ਚਲੇ ਹੋਏ ਗੁਰਦੁਆਰਾ ਮਾਲ ਟੇਕੜੀ ਸਾਹਿਬ ਦੇ ਕੇਸ ਸਬੰਧੀ ਫੈਸਲੇ ਨੇ ਮੁੜ ਇਸ ਵੇਲੇ ਖ਼ਾਲਸਾ ਪੰਥ ਤੇ ਨਜ਼ਾਮ ਗੌਰਮਿੰਟ ਦੇ ਪੁਰਾਣੇ ਦੋਸਤਾਨਾ ਸਬੰਧ ਨੂੰ ਹੋਰ ਤਰੋਤਾਜ਼ਗੀ ਦੇ ਦਿਤੀ ਹੈ. ਇਸ ਲਈ ਮੌਜੂਦਾ ਸੂਰਤ ਨਾਲੋਂ ਵਧੀਕ ਗੁਰਦੁਆਰਾ ਸਾਹਿਬ ਦੀ ਉਨਤੀ ਤੇ ਵਾਧਾ ਦਿਨੋ ਦਿਨ ਚੜ੍ਹਦੀ ਕਲਾ ਪਰ ਹੈ, ਤੇ ਰਹੇਗਾ?

## ਮੌਜੂਦਾ ਸਰਬਰਾਹ ਸਾਹਿਬ

ਪੰਥ ਦੇ ਵਿਦਵਾਨ ਤੇ ਦਰਦੀ ਸਿਖਾਂ ਦੇ ਕੇਂਦਰ ਵਿਚੋਂ ਪ੍ਰਵੇਸ਼ ਤੇ ਪੜ੍ਹਾਈ ਪ੍ਰਾਪਤ ਹੋਣ ਵਾਲੇ ਜੋ ਹੁਣ ਉਮਰ ਦੇ ਲਿਹਾਜ਼ ਨਾਲ ਭੀ ਕਾਫ਼ੀ ਤਜਰਬਾ ਪਾ ਚੁਕੇ ਹਨ, ਭਾਵੇਂ ਇਥੋਂ ਕਿ ...ਜੀ)

ਕਮਚਾਰੀ ਕਰਕੇ ਪਹਿਲੇ ਪੂਰਨ ਸਤਕਾਰ ਪ੍ਰਾਪਤ ਨਹੀਂ ਕਰ ਸਕੇ ਪ੍ਰੰਤੂ ਹੁਣ ਉਮੇਦ ਹੈ ਕਿ ਆਪ ਸਿਆਣਪ, ਦਿਆਨਤ, ਨਿਰਮਾਨਤਾ ਤੇ ਸਨਮੁਖਤਾ ਆਦਿ ਸ਼ੁਭ ਲਛਣਾਂ ਦੀ ਤਨੋ ਮਨੋ ਪਹਿਲੇ ਤੋਂ ਵਧੀਕ ਵਰਤੋਂ ਰਖਕੇ ਸ਼ਲਾਘਾ ਯੋਗ ਤਰੀਕੇ ਨਾਲ ਸੇਵਾ ਨਿਭਾਉਣਗੇ। ਅਤੇ ਜਿਥੇ ਆਪ ਨੇ ਗੋਬਿੰਦ ਸਾਗਰ, ਗੋਬਿੰਦ ਬਾਗ, ਗੋਬਿੰਦ ਕਲੱਬ ਗੋਬਿੰਦ ਰੋਡ, ਗੋਬਿੰਦ ਹਸਤਪਤਾਲ, ਰਸੀਦਾਂ, ਵਜ਼ੀਫ਼ੇ ਤਾਲੀਮੀ, ਸਾਲਾਨਾ ਰਪੋਟ, ਫ਼ਹਿਰਿਸਤਾਂ ਸਾਮਾਨ, ਨਗਰ ਕੀਰਤਨ, ਚਮਨ ਬੰਦੀ, ਸੜਕੀ ਫ਼ਰਸ਼ ਆਦਿ ਮਨੁਸ ਕ੍ਰਿਤ ਕੰਮਾਂ ਨੂੰ ਰੌਣਕ ਦਿਤੀ, ਹੈ। ਉਥੇ ਹੁਣ ਈਸ਼ੂਰ ਕ੍ਰਿਤ ਪੰਥਕ ਵਾਧੇ ਤੇ ਸ਼ੋਭਾ ਦੇ ਕੰਮਾਂ ਨੂੰ ਭੀ ਕਰਕੇ, ਸਰਕਾਰ ਨਜ਼ਾਮ ਤੇ ਖਾਲਸਾ ਪੰਥ ਤੇ ਗੁਰੂ ਜੀ ਦੀ ਨਿਗਾਹ ਵਿਚ ਹੋਰ ਵਧ ਤੋਂ ਵਧ ਮਾਨ ਪਰਾਪਤ ਕਰਨ ਦੇ ਪਾਤਰ ਬਨਣ ਦਾ ਯਤਨ ਕਰਨਗੇ।

ਹਾਂ! ਜੋ ਅਸਹਿ ਰੰਜ ਗੁਜ਼ਰੇ ਸਾਲ ਆਪ ਨੂੰ ਗੁਰਮੁਖ ਅਰਧੰਗੀ ਦੇ ਵਿਯੋਗ ਪਰ ਅਚਾਨਕ ਹੀ ਉਠਾਣਾ ਪਿਆ ਹੈ ਭਰੋਸਾ ਹੈ ਆਪ ਗੁਰਮੁਖ ਸਿਖਾਂ ਵਾਂਗ ਭਾਣੇ ਪਰ ਸਾਕਰ ਤਿਆਰ ਬਰਤਿਆਰ "ਯਥਾ ਰਾਜਾ ਤਥਾ ਪਰਜਾ" ਵਾਲਾ ਪ੍ਰਭਾਉ ਉਨ੍ਹਾਂ ਪਰ ਪਾਉਨ ਦਾ ਯਤਨ ਕਰਨਗੇ। ਜੋ ਆਪ ਜੀ ਨੂੰ 'ਹਾਂ ਜੀ! **ਰਾਜਾ ਸਾਹਿਬ** ਕਹਿਕੇ ਬੁਲਾਉਨ ਦੀ ਕਰਦੇ ਹਨ!'

## ਹਜ਼ੂਰ ਸਾਹਿਬ ਕਿਥੇ ਹੈ?

ਦੱਖਣ ਦੇਸ਼ ਦੀ ਰਿਆਸਤ ਨਜ਼ਾਮ ਹੈਦਰਾਬਾਦ ਵਿਚ ਜਿਲਾ (ਨਿਗਨੰਕਾ) ਨੰਦੇੜ ਦੇ ਸ਼ੈਹਰ ਤੇ ਅਸਟੇਸ਼ਨ ਦੇ ਵਿਚਾਲੇ ਗੁਦਾਵਰੀ ... ਦੇ ਕਿਨਾਰੇ ਵਿਦਮਾਨ ਹੈ ਅਤੇ ਇਸਦੇ ਹਿਰਦੇ ਵਿਚ ... ਸਤ ਇਤਿਹਾਸਕ ਗੁਰਦੁਆਰੇ ਸਾਹਿਬ ਹਨ, ਦੇਖੋ ... ਅੰਕ (ੳ)

## ਹਜ਼ੂਰ ਸਾਹਿਬ ਕਿਥੋਂ ਦੀ ਜਾਈਦਾ ਹੈ ?

ਸ੍ਰੀ ਹਜ਼ੂਰ ਸਾਹਿਬ ਜੀ ਦੇ ਯਾਤਰੂ ਜਿਥੇ ਭੀ ਕਿਸੀ
ਨਜ਼ਦੀਕ ਦੇ ਅਸਟੇਸ਼ਨ ਪੁਰ ਪੁਜਣ ਉਥੋਂ ਸਿਧਾ ਹੀ ਨੰਦੇੜ
ਦਾ ਟਿਕਟ ਲੈਣ ਦੀ ਕੋਸ਼ਸ਼ ਕਰਨ, ਭਾਵੇਂ ਬਹੁਤੇ ਟਿਕਟ
ਮਾਸਟਰ ਐਸੀ ਹਾਲਤ ਵਿਚ ਕੁਛ ਨ ਕੁਛ ਟਿਕਟ ਦੀ ਰਕਮ ਤੋਂ
ਵਧੀਕ ਲੈਣ ਦੀ ਕੋਸ਼ਸ਼ ਕਰਦੇ ਹਨ ਪਰੰਤੂ ਵਾਹ ਲਗਦੇ ਕਿਸੀ
ਨੂੰ ਭੀ ਕੁਛ ਨਹੀ ਦੇਣਾ ਚਾਹੀਏ, ਹਾਂ ਜੇ ਹੋ ਸਕੇ ਤਦ ਅਸਟੇਸ਼ਨ
ਮਾਸਟਰ ਤਕ ਨੌਬਤ ਪੋਹਚਾਣੀ ਅਯੋਗ ਨਹੀਂ ਹੋਵੇਗੀ, ਕਿਆ
ਚੰਗਾ ਹੋਵੇ ਜੇ ਵਡੇ ੨ ਅਸਟੇਸ਼ਨਾਂ ਪਰ ਰਿਸਵਤ ਖੋਰਾ ਲਈ
ਮਹਿਕਮਾ ਖੁਦ ਕੋਈ ਯੋਗ ਪ੍ਰਬੰਧ ਕਰੇ।

ਹਜ਼ੂਰ ਸਾਹਿਬ ਜਾਨ ਲਈ ਅਗੇ ਲਿਖੇ ਜੰਕਸ਼ਨਾਂ ਤੋਂ
ਹੋਕੇ ਜਾਈਦਾ ਹੈ ਜੈਸਾ ਕਿ:—

| (੧) | | | (੨) |
|---|---|---|---|
| ਲੰਡੀ ਕੋਟ | ਜਾਲੰਧਰ | ਅਟਾਰਸੀ | ਜੰਮੂ |
| ਜਮਰੌਦ | ਲੁਧਿਆਨਾ | ਖੰਡੂਆ | ਸਿਆਲਕੋਟ |
| ਪਸ਼ੌਰ | ਰਾਜਪੁਰ: | ਬੁਰਹਾਨ ਪੁਰ | ਨਾਰੋਵਾਲ |
| ਕੈਮਲ ਪੁਰ | ਅੰਬਾਲਾ | ਭੁਸਾਵਲ | ਸ਼ਾਂਹਦਰਾ |
| ਟੈਕਸਲਾ | ਕੁਰਖੇਤਰ | ਮਨਮਾੜ | ਲਾਹੌਰ |
| ਗੋਲੜਾ | ਪਾਨੀਪਤ | ਐਲੂਰਾ | ਰਾਇਵਿੰਡ |
| ਰਾਵਲਪਿੰਡੀ | ਦਿੱਲੀ | ਦੌਲਤਾਬਾਦ | ਕਸੂਰ |
| ਮੰਧਰਾ | ਮਥਰਾ | ਔਰੰਗਾਬਾਦ | ਫੀਰੋਜ਼ ਪੁਰ |
| ਲਾਲਾ ਮੂਸਾ | ਆਗਰਾ | ਜਾਲਨਾ | ਫਰੀਦ ਕੋਟ |
| ਵਜ਼ੀਰਾਬਾਦ | ਧੌਲ ਪੁਰ | ਪੂਰਨਾ | ਕੋਟਕਪੂਰਾ |
| ਸ਼ਾਹਦਰਾ | ਗਵਾਲੀਆਰ | ਪ੍ਰਭਨੀ | ਬਠਿੰਡਾ |
| ਲਾਹੌਰ | ਝਾਂਸੀ | ਨੰਦੇੜ | ਜਾਖਲ |
| ਅੰਮ੍ਰਿਤਸਰ | ਬੀਨਾ | (ਹਜ਼ੂਰ ਸਾਹਿਬ) | ਜੀਂਦ |
| | ਭੁਪਾਲ | | |

ਰੋਹਤਕ
ਦਿੱਲੀ
ਰਵਾੜੀ
ਅਜਮੇਰ
ਮਾਰਵਾੜ
ਸਾਬਰ ਮਤੀ
ਐਮਦਾਬਾਦ
ਬੜੋਦਾ
ਬੰਬਈ
ਕਲਿਆਨ
ਪੂਨਾ
ਡੰਡ
ਵਾਡੀ
ਹੈਦਰਾਵਾਦ
(ਦਖਨ)
ਸਕੰਦਰਾਵਾਦ
ਬਲਾਰਮ
ਨਜ਼ਾਮਾਵਾਦ
ਮੁਰਾਟ
ਨੰਦੇੜ
(ਹਜ਼ੂਰ ਸਾਹਿਬ)

(੩)

ਬੰਨੂ
ਕੋਹਾਟ
ਰਾਵਲਪਿੰਡੀ

(੪)

ਕੁਝੋਦਿਟਾ
ਚਮਨ
ਫੋਰਟਸੰਡੇਮਨ
ਗੁਲਿਸਤਾਨ
ਨੋਸਕੀ
ਸ਼ਿਵੀ
ਜੈਕਬਾਵਾਦ
ਸ਼ਕਾਰਪੁਰ
ਲਾਰਕਾਨਾ
ਰੁਕ । ਸਖਰ
ਰੋਹੜੀ
ਹੈਦਰਾਵਾਦ
(ਸਿੰਧ)
ਕਰਾਂਚੀ
ਬੰਬਈ
ਮਨਮਾੜ
ਔਰੰਗਾਬਾਦ
ਪੂਰਨਾ
ਨੰਦੇੜ
(ਹਜ਼ੂਰ ਸਾਹਿਬ)

(੫)

ਰੋਹੜੀ
ਖਾਨ ਪੁਰ
ਸਮੱਾ ਸੱਟਾ
ਭਾਲਾਵਾਲ
ਨਗਰ
ਮਕਲੋਡ ਗੰਜ
ਰੋਡ
ਬਠਿੰਡਾ
ਦਿੱਲੀ

(੬)

ਦਿੱਲੀ
ਮਥਰਾ
ਭਰਤਪੁਰ
ਬਾਂਦੀ ਕੂਈ
ਜੈਪੁਰ
ਜੋਧ ਪੁਰ
ਬੀਕਾਨੇਰ
ਗੁਜਰਾਤ
ਅਜਮੇਰ
ਇੰਦੋਰ
ਖੰਡੂਆ
ਭੁਸਾਵਲ
ਮਨਮਾੜ
ਨੰਦੇੜ
(ਹਜ਼ੂਰ ਸਾਹਿਬ)

(੭)

ਅਲਮੋੜਾ
ਨੈਨੀ ਤਾਲ
ਗੋਂਡਾ
ਮੁਰਾਦਾਵਾਦ
ਲਖਨਊ
ਕਾਨਪੁਰ
ਝਾਂਸੀ

(੮)


ਪਟਨਾ ਸਾਹਿਬ
ਮੁਗਲਸਰਾਏ
ਅਲਾਹਵਾਦ
(ਪ੍ਰਾਗਰਾਜ)
ਮਾਨਕ ਪੁਰ
ਕਟਨੀ
ਜਬਲ ਪੁਰ
ਅਟਾਰਸੀ
ਨਾਗਪੁਰ
ਵਾਰਧਾ
ਕਾਜੀਪੇਟ
ਸਕੰਦਰਾਵਾਦ
ਨੰਦੇੜ
(ਹਜ਼ੂਰ ਸਾਹਿਬ)

(੯)

ਫੈਜ਼ਾਵਾਦ
ਅਜੁਧਿਆ
ਪ੍ਰਤਾਪ ਗੜ੍ਹ
ਪ੍ਰਾਗਰਾਜ

(੧੦)

ਕਲਕਤਾ
(ਹਾਵੜਾ)
ਖੜਗ ਪੁਰ
ਅਡਰਾ
ਟਾਟਾ ਨਗਰ
ਪਰੇਲੀਆਂ


ਲੂਨੀ
ਮਾਰਵਾੜ
ਭੂਪਾਲ
ਜਬਲਪੁਰ
ਰਾਇਪੁਰ
ਚਾਂਦਾ
ਹਜ਼ੂਰ ਸਾਹਿਬ
ਸਿਕੰਦਰਾਬਾਦ

| | | | |
|---|---|---|---|
| [illegible] | ਅਸੋਨ ਗਾਉ | ਨੰਦੇੜ | ਮਦਰਾਸ |
| ਸੀਲੀ | ਰੰਗੀਆ | (ਹਜ਼ੂਰ ਸਾਹਿਬ) | ਗੁੰਟਾਖੋਲਾ |
| ਰਰਸੂ ਗੋਂਡਾ | ਧਾਰਜੀ ਲਿੰਗ | (੧੨) | ਵਾਡੀ |
| ਬਿਲਾਸ ਪੁਰ | ਧਬੜੀ ਘਾਟ | ਸੀਲੋਨ | ਬੰਬਈ |
| ਸ਼ਾਹਿ ਪੁਰ | ਢਲ ਸਿੰਘ ਪੁਰ | (ਲੰਕਾ) | ਮਨਮਾੜ |
| ਨਾਗ ਪੁਰ | ਬਦਰ ਪੁਰ | ਧਨਸ਼ਾ | ਔਰੰਗਾਵਾਦ |
| ਵਾਰਧਾ | ਚਟਗਾਉ | ਕੋਡਾਈ | ਪੂਰਨਾ |
| ਕਾਜ਼ੀ ਪੇਟ | ਢਾਕਾ | ਰਾਮੇਸ਼ਵਰ | ਨੰਦੇੜ |
| ਸਕੰਦਰਾਵਾਦ | ਬੇਰੀਸਾਲ | ਰਾਮ ਬਨ | (ਹਜ਼ੂਰ ਸਾਹਿਬ) |
| ਨੰਦੇੜ | ਚਾਂਦ ਪੁਰ | ਮਧੁਰਾ | (੧੪) |
| (ਹਜ਼ੂਰ ਸਾਹਿਬ) | ਖੁਲਨਾ | ਪੌਂਡਾ ਨੂਰ | ਨਾਗ ਪੁਰ |
| (੧੧) | ਕਲਕਤਾ | ਮਦਰਾਸ | ਅਕੋਲਾ |
| ਸਦੀਆ | ਖੜਗ ਪੁਰ | ਬੀਜਵਾੜਾ | ਵਾਸਮ, ਤੋਂ |
| ਤਮਰਗੜ੍ਹ | ਖੁਰਡਾ ਰੋਡ | ਕਾਜੀਪੇਟ | ਲਾਗੀਤੇ |
| ਮਨੀ ਪੁਰ | (ਜਗਨ ਨਾਥ) | ਸਕੰਦਰਾਵਾਦ | ਇੰਗੋਲੀ |
| ...ਅ ਛੇਗ | ਬੀਜਵਾੜਾ | ਨੰਦੇੜ | ਪੂਰਨਾ |
| ...ਗਾਉ | ਕਾਜੀਪੇਟ | (ਹਜ਼ੂਰ ਸਾਹਿਬ) | ਨੰਦੇੜ |
| ਗੋਹਾਟੀ | ਸਕੰਦਰਾਵਾਦ | (੧੩) | (ਹਜ਼ੂਰ ਸਾਹਿਬ) |

ਨੋਟ-ਕੰਧਾਰ ਗਜਨੀ, ਕਾਬਲ, ਤੀਰਾਹ ਵਲੋਂ ਪਸ਼ੌਰ ਦੀਰਾਂਨ ਵਲੋਂ ਚਮਨ, ਕਸ਼ਮੀਰ ਵਲੋਂ ਰਾਵਲ ਪਿੰਡੀ, ਭਦਰ ਵਾੜ, ਕਸ਼ਟਵਾੜ ਵਲੋਂ ਜੰਮੂ ਸਿਆਲ ਕੋਟ, ਜੁਗਿੰਦਰ ਨਗਰ ਪਾਲਮ ਪੁਰ ਕਾਂਗੜੇ ਵਲੋਂ ਅੰਮ੍ਰਿਤਸਰ, ਸ਼ਿਮਲੇ ਵਲੋਂ ਅੰਬਾਲੇ, ਨਨੀਤਾਲ ਡੇਹਰਾ ਦੂਨ ਵਲੋਂ ਲੁਕਸਰ ਸਹਾਰਨ ਪੁਰ ਹੋਕੇ ਹਜ਼ੂਰ ਸਾਹਿਬ ਪੁਜਣ ਲਈ ਦਿੱਲੀ ਤੋਂ ਸਿਧਾ ਬਡੀ ਲੈਂਨ ਮਨਮਾੜ ਵਾਲੀ ਗਡੀ ਉਤੇ ਬੈਠਣਾ ਚਾਹੀਏ ਪ੍ਰੰਤੂ ਹਰ ਇਕ ਪਾਸੇ ਤੋਂ ਮਨਮਾੜ ਤੇ ਸਕੰਦਰਾ ਵਾਦ ਗਡੀ ਜ਼ਰੂਰ ਬਦਲਨੀ ਪੈਂਦੀ ਹੈ।

ਪ੍ਰਿਥੀ ਚੰਦ ਸਾਹਿਬ, ਤੇ ਪਿਛੋ ਬਾਬਾ ਧੀਰ ਮਲ ਸਾਹਿਬ, ਆਦਿਕਾਂ ਦੀ ਅਤੇ ਸਾਡੀ ਵਰਤੋਂ ਵਿਚ ਕੋਈ ਫਰਕ ਨਹੀਂ ਰਹਿੰਦਾ ਅਤੇ ਇਕ ਤਰ੍ਹਾਂ ਨਾਲ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਗੁਰਦੁਆਰੇ ਦਾ ਬੇਮਿਸਾਲ ਮੁਕਾਬਲਾ ਤੇ ਹੱਤਕ ਹੈ ਜੋ ਕਿਸੇ ਸਿਖ ਵਲੋਂ, ਨਹੀਂ ਹੋਣੇ ਚਾਹੀਏ ?

ਇਹ ਦਰੁਸਤ ਹੋ ਸਕਦਾ ਹੈ ਕਿ ਯਾਤਰੂਆਂ ਨੂੰ ਕਿਸੀ ਹੋਰ ਥਾਂ ਉਤਰਕੇ ਵਧੀਕ ਸੁਖ ਤੇ ਸਵਾਦੀ ਗਫੇ ਮਿਲਦੇ ਹੋਣ ਪਰੰਤੂ ਉਨ੍ਹਾਂ ਦੀ ਸ਼ਰਧਾ ਤੇ ਸੇਵਾ ਦੇ ਭਾਵ ਵਿਚ ਜ਼ਰੂਰ ਫਰਕ ਪੈ ਜਾਂਦਾ ਹੈ ਜੇ ਐਸਾ ਨਾਂ ਭੀ ਹੋਵੇ ਤਾਂ ਭੀ ਉਨ੍ਹਾਂ ਨੂੰ ਏਹ ਵਰਤਾਰਾ ਸ਼ੋਭਦਾ ਨਹੀਂ। ਕਿਉਂਕਿ ਓਹ ਆਂਵਦੇ ਤਾਂ ਹਨ ਤਖਤ ਸਾਹਿਬ ਜੀ ਦੇ ਦਰਸ਼ਨ-ਸੇਵਾ ਲਈ, ਏਸ ਵਾਸਤੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਗੁਰਦੁਆਰੇ ਸਾਹਿਬ ਵਲੋਂ ਜੋ ਉਨ੍ਹਾਂ ਦੇ ਸਤਕਾਰ ਵਾਸਤੇ ਪ੍ਰਬੰਧ ਕੀਤਾ ਗਿਆ ਹੈ ਓਹ "ਰੂਖੋ ਭੋਜਨ ਭੂਮ ਸੈਂਨ ਸਖੀ ਪ੍ਰਿਅ ਸੰਗ ਸੂਖ ਬਿਹਾਤ॥ ਕਨਕ ਮੰਦਰ ਪਾਟ ਸੇਜ ਮੋਹਿ ਨਾਹਿ ਇਨਸਿਉ ਤਾਤ" ਯ "ਧੂੜੀ ਵਿਚ ਰੁਲੰਦੜੀ ਸੋਹਾ ਨਾਨਕ ਤੈਂ ਸਹੁ ਨਾਲੇ" ਆਦਿ ਗੁਰਵਾਕਾਂ ਦੇ ਭਾਵ ਅਨੁਸਾਰ ਪ੍ਰਵਾਨ ਕਰਨ ਤੇ ਗੁਰਦੁਆਰੇ ਹੀ ਬਿਸਰਾਮ ਕਰਨ, ਹਾਂ ! ਇਥੋਂ ਹੋਕੇ ਫਿਰ ਜਿਥੇ ਜਿਥੇ ਸੇਵਾ ਕਰਨ ਉਨ੍ਹਾਂ ਦੀ ਖੁਸ਼ੀ ਹੈ ਕੋਈ ਰੋਕ ਨਹੀਂ ਪਰ ਪਹਿਲਾਂ ਫਰਜ਼ ਏਹੀ ਹੈ ਕਿ ਇਥੇ ਹੀ ਉਤਰਨ।

ਚੂੰਕਿ ਇਥੇ ਗੁਰੂ ਜੀ ਦੇ ਹਥੀਂ ਚਲਾਯਾ ਹੋਯਾ ਤੇ ਗੁਰੂ ਕੇ ਲੰਗਰ ਦੇ ਨਾਮ ਪਰ ਹਰ ਪਹਿਲੂ ਤੋਂ ਜਾਇਜ਼ ਸਿਲਸਿਲੇਵਾਰ ਲੰਗਰ ਪਹਿਲੇ ਤੋਂ ਹੀ ਜਾਰੀ ਹੈ, ਜੇ ਕੋਈ ਇਕ ਸਿਖ ਭੀ ਹੋਰ ਕੋਈ ਲੰਗਰ ਐਸੇ ਤਰੀਕੇ ਪਰ ਜਾਰੀ ਕਰੇ ਜੋ ਬਜਾਏ ਗੁਰੂ ਕ[illegible] ਯਾ ਗੁਰਦੁਆਰੇ ਦਾ ਲੰਗਰ ਸਮਝੇ ਜਾਣ ਦੇ ਕਿਸੀ ਹੋਰ ਦ[illegible] ਕਿਹਾ ਜਾ ਸਕੇ ਤਦ ਭੀ ਕਹਿਣਾ ਪਵੇਗਾ ਕਿ ਏਹ ਮੁਕਾਬਲਾ[illegible] ਤੇ ਨਾ ਜਾਇਜ਼ ਹੈ, ਤੇ ਇਸਦੀ ਤੈਹ ਵਿਚ ਕੇਵਲ ਸੰਗਤਾਂ

ਆਰਾਮ ਤੇ ਸੇਵਾ ਕਰਕੇ ਸਰੀਰ ਤੇ ਪਦਾਰਥ ਦੀ ਸਫਲਤਾ ਦਾ ਹੀ ਉਚ ਭਾਵ ਨਹੀਂ ਬਲਕਿ ਕੁਛ ਹੋਰ ਭੀ ਭਾਵ ਹੈ? ਪਰੰਤੂ ਜੇ ਪ੍ਰਤਖਛ ਗੁਰਦੁਆਰੇ ਤੇ ਗੁਰੂ ਕੇ ਲੰਗਰ ਦੀ ਤਰ੍ਹਾਂ ਹੀ ਸੰਗਤਾਂ ਦੀ ਖੁਲ੍ਹੀ-ਸਾਂਝੀ ਮਾਇਆ ਦੁਆਰੇ ਲੰਗਰ ਜਾਰੀ ਰਖਿਆ ਜਾਏ ਤਾਂ ਕਿਸ ਤਰ੍ਹਾਂ ਸੇਵਾ ਸਫਲਤਾ ਨਿਸਚੇ ਕੀਤੀ ਜਾਵੇਗੀ? ਕਿਆ ਚੰਗਾ ਹੋਵੇ ਜੋ ਐਸੇ ਸੇਵਾ ਭਾਵ ਵਾਲੇ ਪਰ-ਸੁਆਰਥੀ ਸਜਣ, ਤੇ ਗੁਰਦੁਆਰਾ ਸਾਹਿਬ ਦੇ ਪਰਬੰਧ ਦੁਆਰੇ ਗੁਰਦੁਆਰੇ ਦੀ ਸ਼ੋਭਾ ਤੇ ਪਦਾਰਥ ਦੀਉਨਤੀ ਨੂੰ ਚਾਹੁਣ ਵਾਲੇ ਜ਼ਿੰਮੇਵਾਰ (ਮੁਕਾਮੀ ਤੇ ਸਦਰ ਕਮੇਟੀ) ਆਪਸ ਵਿਚ ਮਿਲਕੇ ਇਕੱਠਾਂ ਇਕ ਮਿਕ ਹੋਕੇ ਗੁਰੂ ਕੇ ਨਾਮ ਪਰ ਲੰਗਰ ਚਲਾਉਣ ਤਾਂਕਿ ਇਕੋ ਗੁਰੂ ਕੀ ਗੋਲਕ ਵਿਚ ਕਿਰਤੀਆਂ ਦੀ ਕਮਾਈ ਜਮਾਂ ਹੋਕੇ ਸਫਲ ਹੋਵੇ, ਤੇ "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵਲਾਇ" ਗੁਰਵਾਕ ਦੀ ਪਾਲਨਾ ਹੋਕੇ "ਕਹੁ ਨਾਨਕ ਸ਼ੋਭਾ ਸੰਗ ਜਾਵਹੁ ਪਾਰ ਬ੍ਰਹਮ ਕੇ ਦੁਆਰੇ" ਵਾਲਾ ਲਾਭ ਲੀਤਾ ਜਾਏ?

ਇਹ ਦਰੁਸਤ ਹੈ ਕਿ ਯਾਤਰੂਆਂ ਲਈ ਗੁਰਦੁਆਰੇ ਸਾਹਿਬ ਵਲੋਂ ਸੇਵਾਦਾਰ ਸਟੇਸ਼ਨ ਤੇ ਜਾਏ, ਅਤੇ ਬੈਲ ਗਡੀ ਭੀ ਸਾਮਾਨ ਲਈ ਭੇਜ ਦਿਤੀ ਜਾਏ, ਮਗਰ ਲਾਰੀ ਯਾ ਮੋਟਰ ਦੇ ਰਖਣ ਵਿਚ ਕੁਛ ਨੁਕਸ ਹੋਰ ਭੀ ਹਨ ਤੇ ਇਕ ਫਜ਼ੂਲ ਖਰਚੀ ਭੀ ਹੈ ਇਸ ਲਈ ਏਹ ਸੂਬ੍ਹਾ ਸਾਹਿਬ ਜੀ ਸੋਚ ਸਕਦੇ ਹਨ ਕਿ ਇਸਦਾ ਰਖਣਾ ਕਿਤਨਾ ਕੁ ਜ਼ਰੂਰੀ ਹੈ।

## ਪੋਲੀਸ ਤੇ ਰੇਲਵੇ ਸਟੇਸ਼ਨ

ਹਜ਼ੂਰ ਸਾਹਿਬ ਸਟੇਸ਼ਨ ਦੇ ਪਲੇਟ ਫ਼ਾਰਮ ਯਾ ਫਾਟਕ ਪਰ ਹੀ ਪੁਲੀਸ ਵਾਲੇ ਬੇ-ਵਰਦੀ ਯਾ ਬਾ-ਵਰਦੀ

ਸਿਖ ਮਾਤਰ ਨੂੰ ਵੇਖਦੇ ਹੀ ਘੇਰ ਖੜੇਂਦੇ ਹਨ ਅਤੇ ਨਾਮ ਪਤਾ ਪੁਛਣਾ ਸ਼ੁਰੂ ਕਰ ਦੇਂਦੇ ਹਨ ਇਨ੍ਹਾਂ ਪਾਸ ਫਿਲਹਾਲ ਚਰ ਇਕ ਸਜਣ ਨੂੰ ਆਪਣਾ ਤੇ ਪਿਤਾ ਜੀ ਦਾ ਨਾਮ, ਪਿੰਡ, ਥਾਣਾ, ਤੇ ਜ਼ਿਲਾ ਲਿਖਾ ਦੇਣੇ ਕੋਈ ਸੰਕੋਚ ਨਹੀਂ ਕਰਨਾ ਚਾਹੀਏ ਪਰੰਤੂ ਇਹ ਸਲੂਕ ਸਭਯਤਾ, ਸਤਕਾਰ ਤੇ ਇਨਸਾਫ਼ ਦੇ ਖਿਲਾਫ਼ ਹੈ, ਕਿਉਂਕਿ ਇਸ ਵਿਚ ਅਗੇ ਲਿਖੇ ਵੀਚਾਰ ਹਨ:—

੧. ਜਿਸ ਤਰ੍ਹਾਂ ਇਸ ਰਿਆਸਤ ਵਿਚ ਬਰਤਾਨਵੀ ਗੌਰਮੈਂਟ ਦੀ ਸਿਖ ਰਿਆਇਆ ਨਾਲ ਇਹ ਸਲੂਕ ਕੀਤਾ ਜਾਂਦਾ ਹੈ ਐਸਾ ਅਸੱਭ ਸਲੂਕ ਰਿਆਸਤੀ ਪਰਜਾ ਨਾਲ ਬਰਤਾਨਵੀ ਇਲਾਕੇ ਵਿਚ ਕਿਤੇ ਨਹੀਂ ਹੋਂਦਾ ਹੈ।

੨. ਜਿਸ ਤਰ੍ਹਾਂ ਇਹ ਰਿਆਸਤ ਸਿਖਾਂ ਨਾਲ ਇਹ ਸਲੂਕ ਕਰਦੀ ਹੈ ਇਸੀ ਤਰ੍ਹਾਂ ਇਸ ਰਿਆਸਤ ਦੀ ਰਿਆਇਆ ਨਾਲ ਕਿਸੀ ਸਿਖ ਰਿਆਸਤ ਵਿਚ ਇਹ ਸਲੂਕ ਨਹੀਂ ਕੀਤਾ ਜਾਂਦਾ ?

੩ ਜਿਸ ਗੁਰਦੁਆਰੇ ਸਾਹਿਬ ਦੀ ਇੰਤਜ਼ਾਮੀਆਂ ਕਮੇਟੀ ਦਾ ਸਦਰ (ਪ੍ਰੈਜ਼ੀਡੈਂਟ) ਹੀ ਨਾਜ਼ਮ ਪੋਲੀਸ ਹੋਵੇ ਤੇ ਇਕ ਤਰ੍ਹਾਂ ਨਾਲ ਜੋ ਆਏ ਯਾਤਰੂ ਉਸਦੇ ਪਰਾਹੁਣੇ ਨਹੀਂ, ਤਾਂ ਉਸਦੇ ਸ਼ੁਭਚਿੰਤਕ (ਸਜਣ) ਹੋਣ ਤੇ ਯੋਗ ਨਹੀਂ ਕਿ ਐਸੀ ਪਰਾਹੁਣ ਯਾ ਮਿਤਰ ਚਾਰੀ ਕੀਤੀ ਜਾਏ ?

੪. ਜਿਥੇ ਸਟੇਸ਼ਨੋਂ ਉਤਰਕੇ ਇਨ੍ਹਾਂ ਆਰਾਮ ਕਰਨਾ ਤੇ ਵਕਤ ਗੁਜ਼ਾਰਨਾ ਹੈ, ਉਸ ਜਗ੍ਹਾਂ ਭੀ ਪੋਲੀਸ ਦਾ ਪਰਬੰਧ ਹੈ ਤੇ ਸਟੇਸ਼ਨ ਤੋਂ ਪੁਛ-ਗਿਛ ਦੀ ਲੋੜ ਕੀ ਹੈ ?

ਇਨ੍ਹਾਂ ਵੀਚਾਰਾਂ ਨੂੰ ਮੁਖ ਰਖਕੇ ਲੋੜ ਹੈ ਕਿ ਅਗਰ ਧੀਕ ਚੰਗਾ ਨਹੀਂ ਤਾਂ ਬਰਤਾਨਵੀ ਤੇ ਨਜ਼ਾਮੀ ਆਮ ਰਿਆਇਆ ਜੇਸ਼ਾ ਸਲੂਕ ਤਾਂ ਇਸ ਰਿਆਸਤ ਵਿਚ ਸਿਖਾਂ ਨਾਲ ਖੁਲ੍ਹ ਮ-ਖੁਲ੍ਹਾ ਹੋਣਾ ਚਾਹੀਦਾ ਹੈ ? ਜੋ ਰਿਆਸਤੀ

ਹੱਕੇ ਲੈਂਨ ਖ ਰ ਇਕ ਰ ਜ਼ਰੂਰ ਮੌ ਪਾਂ ਲ ਪੰ ਜੀ)

ਹੋਰ ਪਰਜ਼ਾ ਜੇਸੇ ਸਿਖ ਇਤਬਾਰ ਦੇ ਯੋਗ ਨਹੀਂ, ਤਾਂ ਉਹ ਵਕਤ ਛੇਤੀ ਆ ਜਾਏਗਾ ਕਿ ਸਿਖ ਆਪਣੀ ਇਸ ਤਰ੍ਹਾਂ ਲਿਖਾ ਪੜ੍ਹੀ ਦੀ ਹਤਕ ਨਾਲੋਂ ਰਿਆਸਤ ਦੇ ਇਸ ਕਾਨੂੰਨ ਦਾ ਉਲੰਘਣ ਕਰਕੇ ਸਵਰਾਜ ਮੰਦਰ ਦੀ ਇਜ਼ਤ ਪਤ ਕਰਨ ਲਈ ਮਜਬੂਰ ਹੋ ਜਾਣਗੇ? ਕਿਉਂਕਿ ਐਸੇ ਵੀਚਾਰ ਸਿਖਾਂ ਵਿਚ ਹੋ ਰਹੇ ਹਨ, ਇਸ ਲਈ ਮੈਂ ਮਿੱਤਰ ਭਾਵ ਨਾਲ ਸਟੇਟ ਦੇ ਜ਼ਿਮੇਵਾਰ ਸਜਣਾਂ ਨੂੰ ਪਰਗਟ ਕਰ ਦਿਤਾ ਹੈ? ਮੇਰੇ ਖਿਆਲ ਵਿਚ ਜੇ ਜ਼ਰੂਰ ਲਿਖਾ-ਪੜ੍ਹੀ ਕਰਨੀ ਹੀ ਹੈ ਤਦ ਅਸਟੇਸ਼ਨ ਤੋਂ ਵਧੀਕ ਇਤਮੀਨਾਨ ਤੇ ਸਭਤਾ ਨਾਲ ਗੁਰਦੁਆਰੇ ਸਾਹਿਬ ਦੇ ਰਿਹਾਇਸ਼ੀ ਮਕਾਨਾਂ ਵਿਚ ਭੀ ਹੋ ਸਕਦੀ ਹੈ? ਇਸ ਲਈ ਗ਼ੈਰ ਮੁਅਜ਼ਜ਼ਾਨਾ ਤਰੀਕੇ ਦੀ ਪੁਛ ਗਿਛ ਬੰਦ ਕਰਨ ਦੇ ਸਵਾਲ ਪਰ ਗ਼ੌਰ ਕੀਤੀ ਜਾਏ? ਕਿਉਂਕਿ ਸਿਖ ਯਾਤਰੂਆਂ ਵਿਚ ਬੜੇ ਬੜੇ ਮੁਅਜ਼ਜ਼ ਸ਼ਰੀਫ਼ ਲੋਕ ਭੀ ਹੁੰਦੇ ਹਨ ਜਿਨ੍ਹਾਂ ਨੂੰ ਹੋਰ ਕੌਮਾਂ ਨਾਲੋਂ ਸਿਖਾਂ ਨੂੰ ਅਲਹਿਦਾ ਕਰਕੇ ਕੀਤੀ ਹੋਈ ਪੁਛ ਗਿਛ ਗਵਾਰਾ ਨਹੀਂ ਹੋਂਦੀ! ਹਾਂ ਜੇ ਹਰ—ਇਕ ਮੁਸਾਫ਼ਰ ਨਾਲ ਇਹ ਸਲੂਕ ਹੋਵੇ ਤਦ ਭਾਵੇਂ ਕੋਈ ਭੀ ਮਹਿਸੂਸ ਨਹੀਂ ਕਰੇਗਾ।

## ਕਸਟਮ ਯਾ ਕਰੋੜ ਗਿਰੀ

ਇਥੇ ਸਟੇਸ਼ਨ ਦੇ ਪਾਸ ਹੀ ਚੁੰਗੀ, ਕਸਟਮ ਯਾ ਕਰੋੜ ਗਿਰੀ ਦਾ ਦਫਤਰ ਹੈ। ਜਿਥੇ ਮਸੂਲ ਵਾਲੀਆਂ ਚੀਜ਼ਾਂ ਦੀ ਪੁਛ ਤੇ ਭਾਲ ਚੌਕਸੀ ਨਾਲ ਕੀਤੀ ਜਾਂਦੀ ਹੈ ਪ੍ਰੰਤੂ ਜੋ ਸਾਮਾਨ ਨਿਜੀ ਵਰਤੋਂ ਵਾਸਤੇ ਹੋਵੇ ਯਾ ਗੁਰਦੁਆਰੇ ਸਾਹਿਬ ...ਟ ਕਰਨ ਲਈ ਹੋਵੇ ਉਸ ਦਾ ਮਸੂਲ ਨਹੀਂ ਲੀਤਾ ...ਂਦਾ, ਕਿਉਂਕਿ ਗੌਰਮੈਂਟ ਨਜ਼ਾਮ ਵਲੋਂ ਮਸੂਲ ਮਾਫ ਹੈ। ...ਾਂ ਭੀ ਹਰ ਇਕ ਚੀਜ਼ ਤਸੱਲੀ ਬਖਸ਼ ਤਰੀਕੇ ਨਾਲ ਸ...ਾ ਦੇਣੀ ਚਾਹੀਦੀ ਹੈ। ਜੇ ਕੋਈ ਬੇਚਨ ਯਾ ਵਪਾਰ ਮੰਨ... ਪਰੇਰਿ...

ਰਨ ਲਈ ਚੀਜ਼ ਹੋਵੇ ਤਾਂ ਉਸ ਦਾ ਮਸੂਲ ਲਗਦਾ ਹੈ, ਜੋ ਕਾਨੂੰਨ ਦੀ ਹਦ ਤੋਂ ਜ਼ਧੀਕ ਨਸ਼ੀਲੀ ਹਫੀਮ ਵਗੈਰਾ ਦੀ ਚੀਜ਼ ਹੋਵੇ ਤਾਂ ਜਬਤੀ,ਚਾਲਾਨ,ਤਕ ਨੌਬਤ ਪੁਜ ਪੈਂਦੀ ਹੈ?

## ਉਤਰਨ ਸਬੰਧੀ ਵਾਕਫ਼ੀ

ਜਦ ਕੋਈ ਯਾਤਰੂ ਉਤਰਨ ਵਾਲੀ ਹਦੂਦ ਵਿਚ ਪੁਜਦਾ ਹੈ ਤਦ ਨਾਲ ਦੇ ਸੇਵਾਦਾਰ ਆਪ ਖੁਦ ਹੀ ਡੇਰਾ ਕਰਾਨ ਦੀ ਕੋਸ਼ਸ਼ ਕਰਦੇ ਹਨ, ਪਰ ਜੇ ਖੁਦ ਭੀ ਪੇਰਿਆ ਜਾਏ ਤਾਂ ਹਰਜ ਨਹੀਂ ਹੈ। ਪ੍ਰੰਤੂ ਸਾਮਾਨ ਰਖ ਰਖਾਕੇ ਯਾ ਪਹਿਲੇ ਹੀ, ਸਟੇਸ਼ਨ ਦੇ ਮਜ਼ੂਰ ਤੇ ਟਾਂਗੇ, ਕਾਰ ਆਦਿ ਵਾਲੇ ਨੂੰ ਮੁਕਰਰਾ ਮਜ਼ੂਰੀ ਦੇ ਯਾ ਦਿਲਾ ਦੇਣੀ ਚਾਹੀਏ ਅਤੇ ਜੋ ਗੁਰਦੁਆਰੇ ਸਾਹਿਬ ਜੀ ਦੀ ਲਾਰੀ ਯਾ ਗਡੀ ਹੈ ਤਦ ਦੇਣ ਦੀ ਲੋੜ ਨਹੀਂ, ਕਿਉਂਕਿ ਸੰਗਤਾਂ ਤਾਂ ਹੋਰ ਭੀ ਹਰ ਇਕ ਜਾਇਜ਼ ਤਰੀਕੇ ਨਾਲ ਭੇਟ ਕਰ ਸਕਦੀਆਂ ਹਨ ਤੇ ਇਸਤਰ੍ਹਾਂ ਲੈਣਾ ਦੇਣਾ ਕੋਈ ਸੋਭ-ਨੀਕ ਤਰੀਕਾ ਨਹੀਂ ਹੈ।

ਆਏ ਯਾਤਰੀ ਅਕਸਰ ਸੰਗਤਬੁੰਗਾ, ਬਾਰਾਂਦਰੀ, ਫਰੀਦਕੋਟੀ ਬੁੰਗੇ, ਅਕਾਲਬੁੰਗੇ, ਟਿੰਡਬੁੰਗੇ ਕਰਨੈਲ ਤਾਰਾ ਸਿੰਘ ਜੀ ਵਾਲੇ ਬੁੰਗੇ, ਰਾਮਗੜ੍ਹੀਆਂ ਦੇ ਬੁੰਗੇ, ਤੇ ਮਾਈ ਭਾਗੋ ਜੀ ਵਾਲੇ ਬੁੰਗੇ ਉਤਰਦੇ ਹਨ ਪਰ ਜਦ ਕਦੀ ਭੀੜ ਬਹੁਤੀ ਹੋਵੇ ਤਦ ਹਰ ਹੋਰ ਅਸਥਾਨਾਂ ਤੇ ਬੁੰਗਿਆਂ ਦਾ ਭੀ ਪ੍ਰਬੰਧ ਹੁੰਦਾ ਹੈ।

ਭਾਵੇਂ ਆਮ ਤੌਰ ਪਰ ਚੋਰੀ ਆਦਿ ਦਾ ਇਥੇ ਖਤਰਾ ਨਹੀਂ ਹੁੰਦਾ, ਤਾਂ ਭੀ ਅਵੇਸਲੇ ਹੋਣਾ ਠੀਕ ਨਹੀਂ ਇਸ ਕਰਕੇ ਹਰ ਇਕ ਯਾਤਰੂ ਨੂੰ ਆਪਣੇ ਆਪਣੇ ਸਾਮਾਨ ਦੀ ਨਿਗਰਾਨੀ ਤੇ ਸੰਭਾਲ ਜ਼ਰੂਰੀ ਹੈ ਜੇ ਜੰਦਰੇ ਦੀ ਲੋੜ ਪ... ਯਾ ਨੌਕਰ ਆਦਿ ਲੋੜ ਹੋਵੇ ਤਦ ਦਰੋਗਾ ਸਾਹਿਬ ਨਾ... ਵਿਚਾਰਨਾ ਚਾਹੀਏ। ਪ੍ਰੰਤੂ ਜੇ ਵਧੀਕ ਜੋਖੋਂ ਵਾਲੀ ਵ... ...ਹਲ ...ਜੀ)

ਹੋਵੇ ਤਾਂ ਉਹ ਬਾਕਾਇਦਾ ਸੁਬ੍ਹਾ ਸਾਹਿਬ ਜੀ ਦੀ ਰਾਹੀਂ ਰਖਕੇ ਰਸੀਦ ਲੈ ਲੈਣੀ ਚਾਹੀਏ।

ਹਰ ਇਕ ਉਤਾਰੇ ਦੇ ਥਾਂ ਫਿਲਹਾਲ ਸੋਚ ਇਸ਼ਨਾਨ ਦਾ ਪੂਰਾ ਪੂਰਾ ਪ੍ਰਬੰਧ ਨ ਹੋਣ ਕਰਕੇ ਪੁਜਦੇ ਹੀ ਪੁਛ ਗਿਛ ਕਰ ਲੈਣੀ, ਯਾਤ੍ਰੀ ਦਾ ਅਪਣਾ ਫਰਜ਼ ਹੈ। ਪਰ ਬਹੁਤੇ ਯਾਤ੍ਰੂ ਅਕਸਰ ਬਾਹਰ ਗੰਗਾ ਵਲ ਖੇਤਾਂ ਯਾ ਮੈਦਾਨਾ ਵਿਚ ਖੁਲ੍ਹੇ ਥਾਂ ਤੇ ਹੀ ਮੈਦਾਨ ਖੇਲਦੇ, ਰੀਤੇ ਕੁਦਾਂਦੇ ਤੇ ਇਸ਼ਨਾਨ ਆਦਿ ਕਰਦੇ ਹਨ ਕਿਉਂਕਿ ਏਹ ਬਹੁਤ ਨਜ਼ੀਕ ਤੇ ਸਿਧੇ ਸਾਫ਼ ਥਾਂ, ਪਰਦਾ ਭੀ ਹੋਂਦੇ ਹਨ ਪਰੰਤੂ ਪੈਹਲੇ ਕਿਸੇ ਵਾਕਫ਼ ਨਾਲ ਜਾਕੇ, ਵੇਖ ਲੈਣਾਂ ਚਾਹੀਏ ਤਾਕੇ ਵਕਤ ਬੇਵਕਤ ਬੇਖਬਰੀ ਕਰਕੇ ਖੇਦ ਨ ਹੋਵੇ।

## ਗੁਰਦੁਆਰੇ ਸਾਹਿਬ ਦੀ ਹਾਜ਼ਰੀ

ਇਸ਼ਨਾਨ ਆਦਿ ਕਰਕੇ ਸੁਥਰੇ ਬਸਤਰ ਪੈਹਨ ਕੇ ਦਰੋਗੇ ਸਾਹਿਬ ਯਾ ਕਿਸੀ ਹੋਰ ਹਜ਼ੂਰੀ ਸਿੰਘ ਯਾ ਸੇਵਾਦਾਰ ਨੂੰ ਨਾਲ ਲੈਕੇ ਮਿਰਯਾਦਾ ਪੂਰਬਕ ਪਤਾਸੇ ਪਰਸਾਦ ਤੇ ਭੇਟ ਆਦਿਕ ਲੈਕੇ ਮੁਨਾਸਬ ਵਕਤ ਪਰ ਖਾਸ ਪੌੜੀਆਂ ਦੇ ਰਸਤੇ ਜੇ ਸਾਫ ਨਹੀਂ, ਤੁਦ ਚਰਨ ਗੰਗਾ ਪਰ ਚਰਨ ਧੋਕੇ ਤੇ ਜੋੜਾ ਪਾਇਪੋਸ਼ਾਂ ਦੇ ਸੇਵਾਦਾਰ ਦੀ ਸਪੁਰਦ ਰਖਕੇ ਗੁਰਦੁਆਰੇ ਸਾਹਿਬ ਜੀ ਦੇ ਅੰਦਰ ਜਾਨਾਂ ਚਾਹੀਏ, ਅਰਦਾਸ ਹੋਣ ਵਾਲੀ ਥਾਂ ਤੇ ਪੁਜਨ ਪਰ ਮਥਾ ਟੇਕ ਕੇ ਬੈਠ ਜਾਣਾ ਚਾਹੀਏ ਕਿਉਂਕੇ ਇਥੇ ਭੇਟ ਪ੍ਰਕਰਮਾ, ਕਰਨ ਤੋਂ ਪਹਿਲੇ ਅਰਦਾਸ ਕੀਤੀ ਜਾਂਦੀ ਹੈ ਜੋ ਇਕਤ੍ਰਾਂ ਦੀ ਸੋਧ ਹੈ, ਇਸ ਲਈ ਜਦ ਪੂਜਾਰੀ ਗਰੰਥੀ ਸਿੰਘ ਜੀ ਪੁਛਣ, ਤਦ ਖੜੇ ਹੋਕੇ ਬਾਅਦਬ ਭਾਉ ਨਾਲ ਉਤਰ ਸੱਚਾ ਸੁੱਚਾ ਦੇ ਕੇ ਜੋ ਗੁਰਮਤ ਅਨਕੂਲ ਆਗਿਆ ਹੋਵੇ, ਬਿਨਾ ਹਿਕਮਤ, ਹੁਜਤ ਸਤਿਬਚਨ ਕਹਿਕੇ ਪ੍ਰਵਾਨ [illegible]ਾਹੀਏ।

## ਖੰਡੇ ਦੇ ਅੰਮ੍ਰਿਤੀਏ ਦਾ ਅਰਦਾਸ

ਜੋ ਅੰਮ੍ਰਿਤਧਾਰੀ ਹਨ ਉਨ੍ਹਾਂ ਨੂੰ ਗੁਰਦੁਆਰੇ ਸਾਹਿਬ ਹਾਜ਼ਰ ਹੋਣ ਲਈ ਆਵਨ ਤੋਂ ਪਹਿਲੇ ਉਤਾਰੇ ਵਾਲੀ ਥਾਂ ਤੇ ਹੋਰ ਤਾਂ ਸਾਰ ਬਸਤ੍ਰ-ਸ਼ਸਤ੍ਰ ਸਜਾਨੇ ਚਾਹੀਏ ਪਰੰਤੂ ਤੇੜ ਬਿਨਾ ਕਛੈਰੇ ਤੋਂ ਹੋਰ ਕੁਛ ਨਹੀਂ ਪਹਿਨਣਾਂ ਚਾਈਏ। ਜੇ ਕੋਈ ਅੰਮ੍ਰਿਤਧਾਰੀ ਪੁਛ ਗਿਛ ਕਰਨ ਤੋਂ ਤਨਖਾਹੀਆ ਸਾਬਤ ਹੋਵੇ ਤਦ ਤਨਖਾਹ ਬਖਸ਼ੀ ਜਾਂਦੀ ਹੈ ਪਰ ਜੇ ਕੋਈ ਪਤਿਤ ਹੋਵੇ ਤਦੋਂ ਉਸਨੂੰ ਤਨਖਾਹ ਬਖਸ਼ਾਕੇ ਮੁੜ ਅਮ੍ਰਿਤ ਛੱਕਨ ਦੀ ਲੋੜ ਹੈ, ਐਸੇ ਤਨਖਾਹੀਏ ਤੇ ਪਤਿਤ ਜਦ ਤਕ ਤਨਖਾਹ ਨ ਬਖਸਾਵਨ ਯਾ ਅੰਮ੍ਰਿਤਪਾਨ ਨ ਕਰਨ ਤਦ ਤਕ ਉਨ੍ਹਾਂ ਦੀ ਅਰਦਾਸ ਨਹੀਂ ਹੋਂਦੀ ਤੇ ਨਾ ਹੀ ਭੇਟ-ਪ੍ਰਕਰਮਾ ਹੋਂਦੀ ਹੈ ਇਸ ਲਈ ਉਨ੍ਹਾਂ ਦੀ ਸੰਗਤ ਪੰਗਤ ਵਿਚ ਅਭੇਦਤਾ ਭੀ ਨਹੀਂ ਹੋਂਦੀ ਕਿਉਂਕਿ ਹੁਕਮ ਹੈ ਕਿ:—

"ਜੇ ਕੁਰੇਹਤੀਏ ਜਗ ਦਰਸਾਵਤ।
ਪਾਹੁਲ ਛਕ ਕੁਕਰਮ ਕਮਾਵਤ।
ਤਿਨ ਸਿਉਂ ਬਰਤਨ ਨਾਹਿ ਮਿਲਾਵੈ।
ਰਹੈ ਨਿਰਲੇਪ ਪਰਮ ਸੁਖ ਪਾਵੈ"।

ਐਸੇ ਬਬੇਕੇ ਹੋਏ ਸੱਜਣ ਕੀਰਤਨ, ਕਥਾ ਤੇ ਪ੍ਰਸਾਦਿ ਵਰਤਣ ਵੇਲੇ ਸਾਹਮਨੀ ਪ੍ਰਕਰਮਾਂ ਵਿਚ ਬੈਠਕੇ ਲਾਭ ਲੈ ਸਕਦੇ ਹਨ ਤੇ ਲੰਗਰ ਦੀ ਪੰਗਤ ਤੋਂ ਅਲੈਹਿਦਾ ਪ੍ਰਸ਼ਾਦ ਛੱਕ ਸਕਦੇ ਹਨ, ਕਿਸੀ ਸਿਖ ਨੂੰ ਕੋਈ ਹਕ ਨਹੀਂ ਕਿ ਉਨ੍ਹਾਂ ਦਾ ਤ੍ਰਿਸਕਾਰ ਬਾਣੀ ਯਾ ਕਰਮ ਦੁਆਰੇ ਕਰੇ ਪਰੰਤੂ ਪੰਥਕ ਮਰਯਾਦਾ ਦੇ ਧਾਰਨੀ ਬਨੌਣ ਲਈ ਪ੍ਰੇਮ ਨਾਲ ਹਰ ਇਕ ਸੱਜਨ ਨੂੰ ਯੋਗ ਪ੍ਰੇਰਨਾ ਕਰਨੀ ਹਰ ਇਕ ਦਾ ਫਰਜ਼ ਹੈ।

## ਤਨਖਾਹੀਆ ਕੌਣ ਹੋਂਦਾ ਹੈ?

ਹਰ ਇਕ ਮਨੁਖ ਨੂੰ ਅਮ੍ਰਿਤ ਛੱਕਣ ਵੇਲੇ ਕਛ, ਕਿਰਪਾਨ ਕੜਾ, ਕੰਘਾ, ਅੰਗਸੰਗ ਰਖਣ, ਕਮਾਈ ਵਿਚੋਂ ਦਸਵੰਧ ਗੁਰੂ ਕਾ ਦੇਣ, ਗੁਰਮਤ ਅਨਸਾਰ ਜਨਮ ਤੋਂ ਮ੍ਰਿਤੂ ਪ੍ਰਯੰਤ ਸੰਸਕਾਰ ਕਰਨ ਤੇ ਨਿਤ ਜਪੁ ਸਤ ਸ਼ਬਦ, ਜਾਪੁ ਦਸ ਸਬਦ ਦਸ ਸਵਯੇ, ਰਹਿਰਾਸ, ਆਰਤੀ, ਕੀਰਤਨ ਸੋਹਿਲਾ, ਨੇਮ ਨਾਲ ਪੜ੍ਹਨ ਦੀ ਤਾਗੀਦ ਂਦੀ ਹੈ। ਇਸਨੂੰ ਜੋ ਪੂਰਾ ਨ ਕਰੇ ਸੋ ਤਨਖਾਹੀਆ ਕਹਿਲਾਂਦਾ ਹੈ ਤੇ ਜੋ ਗੁਰੂ ਕੇ ਯਾ ਸੰਗਤ ਦੇ ਹਜ਼ੂਰੇ ਵੀਚਾਰ ਕਰਕੇ ਕਿਸੀ ਗਲੇ ਤਨਖਾਹੀਆ ਕਰਾਰ ਦਿਤਾ ਜਾਏ ਉਸਨੂੰ ਭੀ ਤਨਖਾਹੀਆ ਕਹਿੰਦੇ ਹਨ, ਇਹ ਸੰਗਤ ਖਾਲਸੇ ਦੀ ਵੀਚਾਰ ਦੇ ਸਾਹਮਣੇ ਆਪਣੀ ਨਿੰਮਰਤਾ ਨਾਲ ਘਟ ਤੋਂ ਘਟ ਜ ਦਾਤਨਾ ਯਾ ਜੋੜਿਆ ਦੀ ਸੇਵਾ ਅਤੇ ਪੰਜ ਪੌੜੀਆਂ ਦੇ ਪਾਠ ਤੇ ਭੀ ਬਖਸ਼ੇ ਜਾਂਦੇ ਹਨ।

## ਕੁਰੈਹਤੀਆ ਤੇ ਪਤਿਤ ਕਿਸਨੂੰ ਕਹਿੰਦੇ ਹਨ?

ਹਰ ਇਕ ਮਨੁਖ ਨੂੰ ਅਮ੍ਰਿਤ ਛਕਾਣ ਵੇਲੇ ਪ੍ਰੰਪਰਾ ਤੋਂ ਪ੍ਰਣ ਕਰਾਇਆ ਜਾਂਦਾ ਹੈ ਕਿ ਉਹ ਕੁਠਾ ਮਾਸ, ਤਮਾਕੂ ਨ ਵਰਤੇ, ਮੁਸ਼ਲੀ ਵੇਸਵਾ ਦਾ ਸੰਗ ਤੇ ਕੇਸਾਂ ਦੀ ਬੇਅਦਬੀ ਨਾ ਕਰੇ ਅਤੇ ਨਾਂ ਹੀ ਕਿਸੀ ਐਸੇ ਕੁਰੈਹਤੀਏ ਤੇ ਬੇ ਅਮ੍ਰਿਤੀਏ ਦਾ ਜੂਠਾ ਖਾਏ ਪੀਏ ਪਰੰਤੂ ਜੋ ਇਸ ਪ੍ਰਣ ਨੂੰ ਪੂਰਨ ਨਾ ਕਰਨ ਉਨਾਂ ਨੂੰ ਕੁਰਹਿਤੀਏ ਯਾ ਪਤਿਤ ਕਹਿੰਦੇ ਹਨ, ਇਹ ਜਦ ਤਕ ਘਟ ਤੋਂ ਧਨ ਦੀ, ਸ੍ਰੀਰਕ ਸੇਵਾ ਤੇ ਗਰਬਾਣੀ ਦੇ ਪਾਠ ਤਨਖਾਹ ਪ੍ਰਵਾਨ ਕਰਕੇ ਮੁੜ ਅੰਮ੍ਰਿਤ ਨ ਛਕਣ ਤਦ ਤਕ ਗਤ ਪੰਗਤ ਵਿਚ ਅਭੇਦ ਨਹੀਂ ਵਰਤਨ ਦਿਤੇ ਜਾਂਦੇ ਪੰਥ ਦੀ ਜਥੇਬੰਦੀ ਲਈ ਕਾਨੂੰਨ ਸੀ ਜਿਸਦਾ ਅਜੇ ਤਖਤਾ ਕੁਛ ਰਵਾਜ ਹੈ, ਪਰੰਤੂ ਆਮ ਪੰਥ ਵਿਚ ਕੁਛ ਸਮੇਂ ਤੋਂ ਦੀ ਥਾਂ, ਪਰ ਇਮਤਰੀ ਲਫਜ਼ ਵਰਤਿਆ ਜਾਂਦਾ ਹੈ

ਅਤੇ ਕੁਰੇਹਤੀਏ ਤੇ ਬੇ ਅੰਮ੍ਰਿਤੀਏ ਦੀ ਜੂਠ ਦਾ ਜਿਥੇ ਜਿਕਰ ਹੀ ਛਡ ਦਿਤਾ ਗਿਆ ਹੈ, ਉਥੇ ਤਨਖਾਹੀਏ ਪਤਿਤ ਨਾਲ ਨਾ ਵਰਤਨ ਵਾਲਾ ਅਸੂਲ ਭੀ ਮੂਲੋਂ ਹੀ ਉਡਾ ਦਿਤਾ ਗਿਆ ਹੈ। ਇਸ ਕਰਕੇ ਭੀ ਹਜਾਰਾਂ ਸਿੰਘ ਪਤਿਤ ਹੋ ਗਏ ਯਾ ਹੋ ਰਹੇ ਹਨ !

## ਨਿਰਮਲੇ ਸਿੰਘ ਯਾ ਸੰਤਾਂ ਦਾ ਅਰਦਾਸ

ਜਿਨ੍ਹਾ ਵਿਦਵਾਨ ਗੁਰੂ ਕਿ ਸਿਖਾਂ ਦੀ ਅੰਤਰ ਆਤਮੇ ਦੀ ਨਿਰਮਲਤਾ ਕਰਕੇ ਗੁਰੂ ਅਕਾਲ ਪੁਰਖ ਨਾਲ ਅਭੇਦ ਇਕਰਸ ਏਕਤਾ ਦੀ ਲਗਾਤਾਰ, ਤਾਰ ਜੁੜ ਗਈ ਅਰਥਾਤ "ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ"। ਉਨ੍ਹਾਂ ਨੂੰ ਗੁਰੂ ਪੰਥ ਵਲੋਂ ਨਿਰਮਲੇ ਨਾਮ ਨਾਲ ਸਤਕਾਰਿਆ ਗਿਆ, ਸ਼ੁਰੂ ਵਿਚ ਇਨ੍ਹਾਂ ਦੇ ਲਿਬਾਸ ਭੋਜਨ ਤੇ ਹੋਰ ਚਿੰਨ ਆਦਿਕ ਕੋਈ ਭੀ ਅੰਨ ਸੰਪ੍ਰਦਾਈ ਨਹੀਂ ਸਨ, ਇਸ ਕਰਕੇ ਇਹ ਖਾਲਸਾ ਪੰਥ ਵਿਚ ਪ੍ਰਚਾਰਕ ਹੋਣ ਕਰਕੇ ਪੂਜਨੀਕ ਰਹੇ, ਪਰੰਤੂ ਸਾਵਨ ਸੁਦੀ ੧੨ ਸੰਮਤ ੧੯੧੯ ਮੁਤਾਬਕ ੧੦ ਸਫਰ ਸੰ: ੧੨੭੮ ਹਿਜਰੀ ਵਿਚ ਜੋ ਰੁਪਯਾ ਬਤੌਰ ਪੇਸ਼ਕੀ ਬੀਸਸਾਲਾ ਬਨਜਰ ਇਜਰਾਇ ਕਾਰੋਬਾਰ ਧਰਮ ਅਰਥ ਅਖਾੜੇ ਧਰਮ ਧੁਜਾ ਸਿਖਾਨ ਵਾ ਸਾਧਾਨ ਨਿਰਮਲਾ, ਪੰਥ ਗੁਰੂ ਖਾਲਸਾ ਜੀ ਦੇ ਵਾਸਤੇ ਰਿਆਸਤ ਪਟਿਆਲਾ ਮਹਾਰਾਜਾ ਨਰਿੰਦਰ ਸਿੰਘ ਬਹਾਦਰ, ਰਿਆਸਤ ਜੀਂਦ ਰਾਜਾ ਸਰੂਪ ਸਿੰਘ ਸਾਹਿਬ ਬਹਾਦਰ, ਰਿਆਸਤ ਨਾਭਾ ਰਾਜਾ ਭਰਪੂਰ ਸਿੰਘ ਸਾਹਿਬ ਬਹਾਦਰ, ਵਲੋਂ ਮਿਲਨ ਤੇ ਅਖਾੜਾ ਗੁਰਦੁਆਰੇ ਅਤੇ ਤੀਰਥਾਂ ਦੀ ਯਾਤਰਾ ਲਈ ਪ੍ਰਸਥਾਨ ਕਰਦਾ ੨ ਸ੍ਰੀ ਹਜ਼ੂਰ ਸਾਹਿਬ ਪੁਜਾ ਤਾਂ [illegible] ਪੰਚ ਕਰਾਹ ਦੀ ਰਹਿਤ ਤੋਂ ਬਿਨਾਂ ਹੀ ਕੁਛ ਨਿਰਮਲਿਆ ਦ[illegible] ਅਰਦਾਸ ਹੋਵੇ, ਇਸ ਗੱਲ ਤੇ ਖਿਚਤਾਣ ਵਧਕੇ ਨੌਬਤ ਪ[illegible] ਸਾਹਿਬ ਤਕ ਪੁਜੀ। ਕਿਉਂਕਿ ਉਸ ਵੇਲੇ ਦੇ ਸੰਤਾਂ ਦੇ ਲ[illegible]ਆਂ ਸਨ "ਅਸੀਂ ਚਾਂਦੀ ਦੇ ਜੂਤੇ ਨਾਲ ਅਰਦਾਸਾ ਕਰਾ ਲਵਾ[illegible]

ਰਿਆਂ.

ਇਸਤੋਂ ਅਲਾਵਾ ਰਹਿਤ ਦੇ ਤੇ ਰਹਿਤਨਾਮਿਆਂ ਦੇ ਖਿਲਾਫ ਭੀ ਕੁਬੋਲ ਬੋਲੇ ਗਏ ਸੀ, ਜਿਸ ਕਰਕੇ ਇਥੋਂ (ਹਜ਼ੂਰ ਸਾਹਿਬ ਤੋਂ) ਪੰਥ ਵਿਚ ਇਨ੍ਹਾਂ ਦੇ ਤਨਖਾਹੀ ਹੋਣ ਦੇ ਹੁਕਮਨਾਮੇ ਜਾਰੀ ਕੀਤੇ ਗਏ ਤੇ ਅਜੇ ਤਕ ਆਪਸ ਵਿਚ ਚੰਗੀ ਤਰ੍ਹਾਂ ਮੇਲ ਨਹੀਂ ਹੋਇਆ, ਜੋ ਪੰਥਕ ਸ਼ਾਨ ਤੇ ਸੰਤ ਮਾਨ ਲਈ ਸ਼ੋਭਨੀਕ ਨਹੀਂ ਹੈ । ਕਿਆ ਚੰਗਾ ਹੋਵੇ ਜੋ "ਗੁਰਸਿਖ ਗੁਰ ਸਿਖ ਪੂਜਦਾ ਭਾਇ ਭਗਤ ਭੈ ਭਾਣਾ ਭਾਇਆ" ਦੇ ਵਾਕ ਤੋਂ ਸਿਖਿਆ ਲੈਕੇ ਪਰਸਪਰ ਗੁਰ-ਮ੍ਰਿਯਾਦਾ ਅਨਕੂਲ ਮੇਲ ਕੀਤਾ ਜਾਏ ਤੇ ਪੰਥ ਦੇ ਪੜ੍ਹੇ-ਅਨ-ਪੜ੍ਹੇ ਸਾਰੇ ਸਜਣ ਸਤਿਗੁਰੂ ਜੀ ਦੀ ਰਹਿਤ ਮ੍ਰਿਯਾਦਾ ਸਬੰਧੀ ਆਗਿਆ ਦੇ ਇਕਸਾਰ ਪਾਲਨ ਕਰਨ ਵਾਲੇ ਬਣੇ ਰਹਿਕੇ ਪਥ ਤੇ ਧਰਮ ਦਾ ਪ੍ਰਚਾਰ ਕਰਨ ਵਾਲੇ ਸਾਰੇ ਸੁਹਿਰਦ ਸਾਬਤ ਹੋਣ ?

ਨਿਰਮਲੇ ਸਿੰਘ ਸਜਣਾਂ ਦੇ ਮਾਨਨੀਯਾ ਮੁਖੀਆਂ ਨੂੰ ਉਸ ਅਸਥਾਨ (ਬੁੰਗੇ) ਵਲ ਬਹੁਤ ਛੇਤੀ ਧਿਆਨ ਦੇਣਾ ਚਾਹੀਦੇ ਜੋ ਇਥੋਂ ਬਿਕਰੀ ਹੋ ਗਿਆ ਹੈ ਤੇ ਅਗੇ ਨੂੰ ਕੋਈ ਦੂਰ ਦਰਸੀ ਵਿਦਵਾਨ ਜਤਿੰਦ੍ਰੇ ਰਾਜ ਯੋਗੀ ਹੁਮੇਸ ਲਈ ਇਥੇ ਬੈਠਾਉਣ ਦੀ ਪ੍ਰਪਾਟੀ ਜਾਰੀ ਕਰਨੀ ਚਾਹੀਏ ਜੋ ਪੰਥਕ ਮੇਲ ਮ੍ਰਿਯਾਦਾ ਤੇ ਵਿਦਿਆ ਗੁਰਮਤ ਪ੍ਰਚਾਰ ਵਿਚ ਕਾਮਯਾਬੀ ਹਾਸਲ ਕਰਨ ।

## ਕੇਸਾਧਾਰੀ ਬੇ-ਅੰਮ੍ਰਤੀਏ

ਅਕਸਰ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਤੋਂ ਸਾਰੇ ਹੀ [illegible]ਖ ਅਪਣੇ ਧੰਨ ਭਾਗ ਜਾਣਕੇ ਇਥੇ ਹਾਜ਼ਰ ਹੋਣ ਦੀ ਕੋਸ਼ਸ਼ [illegible]ਦੇ ਹਨ, ਜਿਨ੍ਹਾਂ ਵਿਚ ਕੁਛ ਨਾ ਕੁਛ ਹੀ ਨਹੀਂ ਬਲਕਿ ਬਹੁਤੇ [illegible]ਧਾਰੀ ਬੇ ਅੰਮ੍ਰਤੀਏ ਹੁੰਦੇ ਹਨ ਤੇ ਇਥੇ ਭੀ ਖਾਸ ਤੌਰ ਪਰ [illegible] ਨੂੰ ਅੰਮ੍ਰਿਤ ਛਕਨ ਲਈ ਪ੍ਰੇਰਨਾਂ ਵਲ ਬਹੁਤ ਧਿਆਨ ਨਹੀਂ ਸ[illegible] ਜਾਂਦਾ, ਜਿਸ ਕਰਕੇ ਉਹ ਸਾਰੀ ਉਮਰ ਅੰਮ੍ਰਤ ਵਲੋਂ ਵਿਰਵੇ ਮੰਨ[illegible] ਜਾਂਦੇ ਹਨ। ਦੇਖੋ (ੳ)

ਪਰੋਹਿ[illegible]

ਇਥੇ ਤਾਗੀਦ ਨਾ ਹੋਣ ਕਰਕੇ ਅੰਮ੍ਰਿਤ ... ਉਹਨਾਂ ਨੂੰ ਕੋਈ ਜ਼ਰੂਰੀ ਨਹੀਂ ਭਾਸਦਾ, ਕਿਉਂਕਿ ਰਹਿਤ ਨਾਮੇ ਤੇ ਗੁਰ ਇਤਿਹਾਸ ਤਾਂ ਬਹੁਤੇ ਓਹ ਪੜ੍ਹਦੇ ਸੁਣਦੇ ਹਾ ਨਹੀਂ ਜੋ ਉਹਨਾਂ ਨੂੰ ਪਤਾ ਲਗੇ ਕਿ ਗੁਰੂ ਜੀ ਨੇ ਆਪ ਖੰਡੇ ਦਾ ਅੰਮ੍ਰਿਤ ਛਕਿਆ ਯਾ ਭਾਈ ਰਾਮ ਕੌਰ ਸਾਹਿਬ ਜੈਸੇ ਬਿਦੇਹ ਮੁਕਤਾਂ ਨੂੰ ਤੇ ਚੌਧਰੀ ਕਪੂਰੇ ਜੈਸੇ ਪੁਰਾਤਨ ਸਿਖਾਂ ਨੂੰ ਭੀ ਤਾਕੀਦਨ ਕਿਹਾ ਕਿ— 'ਜੋ ਖੰਡੇ ਕੋ ਅੰਮ੍ਰਿਤ ਲੈਹੈ। ਗੁਰ ਕੇ ਸੋ ਜਹਾਜ ਚੜ੍ਹ ਜੈ ਹੈ॥' ਯਾ 'ਧਰੇ ਕੇਸ ਪਾਹੁਲ ਬਿਨਾ ਭੇਖੀ ਮੂਰਖ ਸਿਖ। ਮੇਰੋ ਦਰਸ਼ਨ ਨਾਹਿ ਤਿਹ ਪਾਪੀ ਤਿਆਗੇ ਭਿਖ'। ਕਿਉਂਕਿ 'ਭੇਖ ਨ ਪਿਆਰੋ ਮੋਹਿ ਕੋ ਵਰਨ ਨਹੀਂ ਪ੍ਰਿਆ ਕਾਇ। ਰੈਹਤ ਪਿਆਰੀ ਮੋਹਿ ਕੋ ਸਿਦਕ ਮਹਾ ਪ੍ਰਿਆ ਆਹਿ।' ਤਾਂਤੇ ਕੋਈ ਭੀ 'ਰਹਿਤ ਬਿਨਾ ਨਹੀ ਸਿਖ ਕਹਾਵੈ'। ਕਿਉਂਕਿ 'ਰਹਿਤ ਬਿਨਾ ਦਰ ਚੋਟਾ ਖਾਵੈ॥ ਰਹਿਤ ਬਿਨਾ ਸੁਖ ਕਬਹੂ ਨਾ ਲਹੈ। ਤਾਂਤੇ ਰਹਤ ਦ੍ਰਿੜ੍ਹ ਕਰ ਗਹੈ।' ਜੇ ਸੰਸਾ ਫੁਰੇ ਰਹਿਤ ਕੀ ਹੈ ਤਦ ਪੜ੍ਹਨ ਸੁਨਣ ਤੋਂ ਪਤਾ ਲਗਦਾ ਹੈ ਕਿ 'ਪ੍ਰਥਮ ਰੈਹਤ ਇਹ ਜਾਨ ਖੰਡੇ ਕੀ ਪਾਹੁਲ ਛਕੈ॥' ਕਿਉਂਕਿ ਭਾਈ ਗੁਰਦਾਸ ਜੀ ਭੀ ਫੁਰਮਾਂਦੇ ਹਨ:—'ਪੀਓ ਪਾਹੁਲ ਖੰਡ ਧਾਰ ਹੋਇ ਜਨਮ ਸੁਹੇਲਾ॥' ਇਸ ਲਈ ਵੈਸੇ ਤਾਂ ਸਾਰੇ ਹੀ ਪ੍ਰੰਤੂ ਕੇਸਾ ਧਾਰੀਆਂ ਨੂੰ ਤਾਂ ਖਾਸ ਤੋਰ ਪਰ ਮੁਖਾਤਬ ਹੋਕੇ ਖੰਡੇ ਦਾ ਅੰਮ੍ਰਿਤ ਛਕਨ ਦੀ ਪ੍ਰੇਰਨਾ ਕੀਤੀ ਜਾਇਆ ਕਰੇ ਅਤੇ ਹਰ ਰੋਜ ਤੀਜੇ ਪਹਿਰ ਗੁਰਇਤਿਹਾਸ ਦੀ ਕਥਾ ਦਾ ਸਿਲਸਿਲਾ ਜਾਰੀ ਰਖਕੇ ਜਿਥੇ ਆਏ ਯਾਤਰੂਆਂ ਨੂੰ ਲਾਭ ਪਹੁਚਾਇਆ ਜਾਇਆ ਕਰੇ ਉਥੇ ਪੁਰੇ ਦੇ ਨਿਵਾਸੀ ਮਾਈ ਭਾਈ ਤੇ ਸਿਖ ਸਟਾਫ ਵਾਲੇ ਭੀ ਲਾਭ ਉਠਾਯਾ ਕਰਨ।

ਘਾਂ

ਰਿਆਂ.

# ਸੈਹਜ ਧਾਰੀ ਸਿਖ ਤੇ ਸੰਪਰਦਾਈ ਸਜਨ

ਭਾਵੇਂ ਸਾਰੇ ਹੀ ਚਰਨ ਪਾਹੁਲੀਏ ਤੇ ਸਤਿਨਾਮ ਦੇ ਉਪਦੇਸ਼ੀ ਸਜਨ ਸੈਹਜ ਧਾਰੀ ਸਿਖ ਹੀ ਹਨ ਤਾਂ ਭੀ ਜਿਸ ੨ ਕਿਸੀ ਗੁਰਮੁਖ ਦੇ ਨਾਮ ਨਾਲ ਕੁਛ ਜੁੜ ਬੈਠੇ ਹਨ ਓਹ ਆਪਣੀ ਇਕ ਅਲਹਦਾ ਸੰਪਰਦਾ ਯਾਂ ਜਥਾ ਸਮਝ ਦੇ ਹਨ ਅਤੇ ਦਸਵੇਂ ਗੁਰੂ ਨਾਨਕ ਦੇਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਤਾਸੇ ਪਾਕੇ ਅੰਮ੍ਰਿਤ ਤਿਆਰ ਕਰਨ ਵਾਲੇ ਭਾਵ ਨੂੰ ਪੂਰੇ ਧਿਆਨ ਨਾਲ ਨਹੀਂ ਸੋਚਦੇ ਇਸ ਲਈ ਲੋੜ ਹੈ, ਜਿਸਤਰਾਂ ਇਹਨਾ ਵੀਰਾਂ ਨਾਲ ਅਰਦਾਸ ਭੇਟ ਪ੍ਰਸਾਦਿ ਸਬੰਧੀ ਤੇ ਇਸਟ ਉਪਾਸ਼ਨਾਂ ਦੇ ਹੋਰ ੨ ਭੇਦਾਂ ਵਿਚ ਏਕਤਾ ਦਾ ਪ੍ਰਚਾਰ ਕਰਨਦੀ ਭੀਕੋਸ਼ਸ਼ ਕਰੀਏ ਪ੍ਰੰਤੂ ਇਸ ਗਲ ਨੂੰ ਹਮੇਸ਼ ਚੇਤੇ ਰਖਨਾ ਚਾਹੀਦਾ ਹੈ ਕਿ ਜਿਸ ੨ ਸੰਪਰਦਾ ਵਾਲੇ ਕੇਸਾਂ ਧਾਰੀ ਸਿਖਾਂ ਦੀ ਚੋਟੀ ਲੈ ਕੇ ਯਾ ਸਾਰੇ ਦਾ ਸਾਰਾ ਮੂੰਡ ਮੂੰਡਾਕੇ ਉਨਾਂ ਨੂੰ ਸਿਖੀ ਤੋਂ ਪਤਿਤ ਕਰਦੇ ਹਨ ਉਨ੍ਹਾਂ ਸੰਪਰਦਾਈਆਂ ਵਿਚੋਂ ਜਿਥੇ ਐਸੇ ਪਤਿਤਾਂ ਨਾਲ ਪਤਿਤਾਂ (ਕੁਰੈਹਤੀਆਂ) ਵਾਲਾ ਹੀ ਸਲੂਕ ਕੀਤਾ ਜਾਏ ਉਥੇ ਗੁਜਰੇ ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਪਣੇ ਇਸ਼ਟ ਸਮਝਣੋ ਜਿਨਾ ਉਦਾਸੀ ਕੈਹਲਾਣ ਵਾਲਿਆਂ ਇੰਨਕਾਰ ਕੀਤਾ ਤੇ ਹੋਰ ਗੁਰੂ ਦੀਆਂ ਸੰਗਤਾਂ ਨੂੰ ਅਪਣੀ ਤਰਾਂ ਬਿਮੁਖ ਕਰੀ ਜਾਂਦੇ ਹਨ ਉਨ੍ਹਾਂ ਨੂੰ ਇਸ਼ਟ ਬਿਮੁਖ ਨਿਸਚੇ ਕਰਕੇ ਹਰ ਤਰ੍ਹਾਂ ਸਮਝਾਵਣ ਪ੍ਰੇਰਣ ਦੀ ਕੋਸ਼ਸ਼ ਕੀਤੀ ਜਾਏ ਅਤੇ ਜਦ ਤਕ ਉਹ ਮੁੜ ਆਪਣੇ ਭਰੋਸੇ ਦੀ ਦ੍ਰਿੜਤਾ ਦਾ ਸਬੂਤ ਨ ਦੇਣ, ਤਦ ਤਕ ਸੰਗਤ, ਪੰਗਤ, ਪ੍ਰਕਰਮਾ ਭੇਟ ਆਦਿ ਸਭ ਕਿਸੀ ਤਰ੍ਹਾਂ ਪਾਬੰਦੀ ਰਖੀ ਜਾਏ, ਜਿਸ ਤਰ੍ਹਾਂ ਪਤਿਤਾਂ ਮੰਨ ਪਰੇਰਿ

ਦੀ ਹੁੰਦੀ ਹੈ।

ਚੰਗਾ ਹੋਵੇ ਕਿ ਤਖ਼ਤ ਸਾਹਿਬ ਦੇ ਮੁਖ ਅਧਿਕਾਰੀ (ਪੰਜ ਪਆਰੇ) ਵਡੇ ਤੇ ਛੋਟੇ ਅਖਾੜੇ ਦੇ ਤੇ ਹੋਰ ਉਦਾਸੀ ਸੰਪ੍ਰਦਾ ਦੇ ਮਹੰਤਾਂ ਨਾਲ ਵੀ ਇਸ ਬਾਰੇ ਵਿਚ ਲਿਖਾ ਪੜ੍ਹੀ ਕਰਨ ਅਤੇ ਹੋਰ ਗੁਰੂ ਘਰ ਦੀਆਂ ਸੰਪ੍ਰਦਾਵਾਂ ਯਾ ਅੰਮ੍ਰਿਤਧਾਰੀ ਸੰਪ੍ਰਦਾਵਾਂ ਵਿਚ ਜੋ ਪ੍ਰਸਪਰ ਭੇਦ ਪੰਥ ਨੂੰ ਖੇਰੂ ੨ ਕਰਨ ਵਾਲੇ ਵਧਦੇ ਜਾਂਦੇ ਹਨ, ਯੋਗ ਵਿਚਾਰ ਕਰਕੇ ਉਹਨਾਂ ਦੇ ਮਿਟਾਉਣ ਦਾ ਭੀ ਉਪਰਾਲਾ ਕਰਨ।

## ਖ਼ਾਲਸੇ ਵਿਚ ਵਰਨ ਜਤੀ ਸਬੰਧੀ ਭੇਦ

ਭਾਵੇਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਜੀ ਅਤੇ ਸ੍ਰੀ ਤਖ਼ਤ ਕੇਸ ਗੜ੍ਹ ਸਾਹਿਬ, ਅਨੰਦ ਪੁਰ ਜੀ ਦਾ ਪ੍ਰਬੰਧ ਗੁ: ਸ਼੍ਰੋਮਣੀ ਕਮੇਟੀ ਦੀ ਨਿਗਰਾਨੀ ਵਿਚ ਹੋਣ ਕਰਕੇ ਉਥੇ ਰੰਗਰੇਟੇ ਆਦਿ ਸਿੰਘਾਂ ਨਾਲ ਕੁਛ ਨ ਕੁਛ ਅਭੇਦਤਾ ਦੀ ਵਰਤੋਂ ਜਾਰੀ ਹੈ ਪ੍ਰੰਤੂ ਤਖ਼ਤ ਪਟਨਾ ਸਾਹਿਬ ਜੀ ਦੀ ਤਰ੍ਹਾਂ ਇਥੇ ਭੀ ਭੇਦ ਉਸੀ ਤਰ੍ਹਾਂ ਪ੍ਰਚਲਤ ਹੈ, ਜਿਸ ਤਰ੍ਹਾਂ ਸਿਖ ਰਾਜ ਦੇ ਵੇਲੇ ਜਾਰੀ ਹੋਯਾ ਸੀ।

ਇਸੀ ਪਰ ਬਸ ਨਹੀਂ ਬਲਕਿ ਹਜ਼ੂਰ ਸਾਹਿਬ ਤਾਂ ਕਿਤਨੇ ਹੀ ਹੋਰ ਹਿੰਦੂ ਜਾਤੀ ਦੇ ਉਹਨਾਂ ਲੋਕਾਂ ਦੇ ਮਰਦਾਂ ਨੂੰ ਅੰਮ੍ਰਿਤ ਭੀ ਨਹੀਂ ਛਕਾਇਆ ਜਾਂਦਾ ਜਿਨ੍ਹਾਂ ਵਿਚੋਂ ਇਸਤ੍ਰੀਆਂ ਸਿੰਘਣੀਆਂ ਸਜਾਈਆਂ ਹੋਈਆਂ ਮੌਜੂਦ ਹਨ। ਅਜ ਤਕ ਦੱਖਣ ਵਿਚ ਜੇ ਪੰਜਾਬ ਦੀ ਤਰ੍ਹਾਂ ਸਿਖ ਬਣਨ ਦਾ ਪ੍ਰਚਾਰ ਤੇ ਰਵ ਹੁੰਦਾ, ਤਦ ਲੱਖਾਂ ਮਨੁਸ਼, ਸਿੰਘ ਸਜੇ ਹੋਏ ਹੁੰਦੇ ਅਤੇ ਮੌ ਵਣਜਾਰੇ ਸਿਖਾਂ ਦੇ ਲੱਖਾਂ ਪ੍ਰੇਮੀ ਗੁਰੂ ਕੇ ਅੰਮ੍ਰਿਤ ਤੋਂ ਵਾਂਝੇ ਰਹਿੰਦੇ। ਇਸ ਲਈ ਲੋੜ ਹੈ ਕਿ ਪੰਜਾਬ ਨਿਵਾਸੀ, ਪੰਆਂ

ਸ਼ੁਭ-ਚਿੰਤਕ ਇਸ ਦੇਸ ਦੇ ਸਿੰਘਾਂ ਵਿਚੋਂ ਯਾ ਹਰ ਇਕ ਇਲਕੇ ਵਿਚੋਂ ਚੰਦ ਬਚੇ ਵਾਰਸਾਂ ਵਾਲੇ ਯਾ ਲਾਵਾਰਸ ਲਿਜਾਕੇ ਚੰਗਾ ਵਿਦਵਾਨ ਬਣਾਣ ਦੀ ਖੇਚਲ ਕਰਕੇ ਉਹਨਾਂ ਦੇ ਜ਼ਰੀਏ ਇਹਨਾਂ ਇਲਾਕਿਆਂ ਦੀ ਬੋਲੀ ਵਿਚ ਸਿਖ ਧਰਮ ਦਾ ਪ੍ਰਚਾਰ ਕਰਾਉਣ ਫੇਰ ਵੇਖਣ ਜਾਤ ਪਾਤ ਦੇ ਭੁਰਮ ਭੂਤ ਕਿਸ ਤਰ੍ਹਾਂ ਦੂਰ ਹੁੰਦੇ ਹਨ ?

## ਗੁਰਦੁਆਰੇ ਸਾਹਿਬ ਦਾ ਕਬਜ਼ਾ ਤੇ ਪੰਥ

ਭਾਵੇਂ ਪੰਥ ਵਿਚ ਕਈਂ ਥਾਂਈਂ ਇਹ ਵਿਚਾਰ ਹੁੰਦੇ ਹਨ ਕਿ ਸ੍ਰੀ ਹਜ਼ੂਰ ਸਾਹਿਬ ਤੇ ਪੰਥਕ ਕਬਜ਼ਾ ਕਰਕੇ ਗੁਰਦੁਆਰਾ ਸੁਧਾਰ ਕੀਤਾ ਜਾਏ, ਤਦ ਮੌਜ ਹੋਵੇਗੀ, ਪ੍ਰੰਤੂ ਮੈਂ ਇਹ ਬਿਨੈ ਕਰ ਦਿਆਂ ਕਿ ਸਿਰਫ ਆਮਦਨ ਨੂੰ ਮਨ ਮਰਜ਼ੀ ਨਾਲ ਖਰਚਣ ਦੀ ਤਾਕਤ ਹਾਸਲ ਕਰਨ ਦਾ ਨਾਮ ਹੀ ਜੇ ਗੁਰਦੁਆਰਾ ਸੁਧਾਰ ਹੈ ਤਾਂ ਐਸੀ ਇਛਿਆ ਦੇ ਪੂਰਨ ਕਰਨ ਵਾਸਤੇ ਕਬਜ਼ਾ ਲੈਣਾ ਪਾਪ ਤੇ ਜ਼ੁਲਮ ਹੋਵੇਗਾ; ਪ੍ਰੰਤੂ ਜੇ ਸਿਖ ਧਰਮ ਦੀ ਰਹੁਰੀਤ ਦਾ ਪ੍ਰਚਾਰ ਤੇ ਅਮਲ ਹੋਣਾ ਸੁਧਾਰ ਹੈ ਤਦ ਪਹਿਲੇ ਹਜ਼ੂਰੀਏ ਸਿੰਘਾਂ ਦੀ ਸੰਤਾਨ ਨੂੰ ਵਿਦਵਾਨ ਬਣਾਓ ਤੇ ਸਟੇਟ ਗੌਰਮਿੰਟ ਨਾਲ ਮਿਲਕੇ ਧੀਰੇ ੨ ਗੁਰਮਤ ਪ੍ਰਚਾਰ ਵਿਚ ਵਾਧਾ ਕਰੋ ਤਾਕਿ ਪ੍ਰੇਮ ਪ੍ਰੀਤ ਤੇ ਭ੍ਰਾਤਰੀ ਭਾਵ ਦਾ ਵਾਧਾ ਹੋ ਕੇ ਗੁਰਮੁਖ ਸਿਖਾਂ ਦੀ ਤਾਦਾਦ ਵਧੇ ਕਿਉਂਕਿ ਇਹ ਕੰਮ ਜਿਤਨਾ ਕਿ ਫਿਲਹਾਲ ਸਟੇਟਦੀ ਨਿਗਰਾਨੀ ਵਿਚ ਪ੍ਰਬੰਧ ਰਖਕੇ ਚੰਗਾ ਸਾਬਤ ਹੋਵੇਗਾ ਉਤਨਾ ਆਪਣੇ ਹਥ ਵਿਚ ਲੈਕੇ ਨਹੀਂ ਹੋ ਸਕੇਗਾ, "ਧੰਨ ਅਰ ਭੂਮ [illegible]ਤਨ ਵੈਰਾ" ਵਾਲੇ ਪਦਾਰਥ ਮੰਨੇ ਹਨ ਤੇ ਵੈਰ ਵਿਰੋਧ ਧਰਮ [illegible]ਰ ਵਿਚ ਅਜੇ ਤਕ ਮਦਤੀ ਨਹੀਂ ਸਾਬਤ ਹੋਏ।

ਵਿ
੧:
ਸਦ
ਮੰਨ
ਪਰੇਹਿ

## ਇਸਤ੍ਰੀ ਜਾਤੀ ਤੇ ਰੋਹਤ ਅੰਮ੍ਰਿਤ

ਗੁਰੂ ਘਰ ਦੀਆਂ ਤਹਿਰੀਰਾਂ ਤੋਂ ਇਹ ਸਿਧ ਹੈ ਕਿ ਗੁਰੂ ਵਾਲੇ ਯਾ ਸਿਖ ਹੋਣਾ 'ਇਸਤ੍ਰੀ-ਪੁਰਸ਼' ਲਈ ਜ਼ਰੂਰੀ ਹੈ ਅਤੇ ਰਹਿਤ ਬਿਨਾਂ ਕੋਈ ਸਿਖ ਜਿਸਤਰਾਂ ਗੁਰੂ ਵਾਲਾ ਨਹੀਂ ਹੋ ਸਕਦਾ ਤੇ ਰਹਿਤਾਂ ਵਿਚੋਂ ਪਹਿਲ। ਰਹਿਤ ਹੀ ਇਹ ਹੈ ਕਿ "ਖੰਡੇ ਕਾ ਅੰਮ੍ਰਿਤ ਛਕੋ" ਜੋ ਅੰਮ੍ਰਿਤ ਛਕੇਗਾ ਉਸ ਲਈ ਕੁਰਹਿਤਾਂ ਤੋਂ ਬਚਣਾ, ਧਰਮ ਕਿਰਤ ਤੋਂ ਦਸਵੰਧ ਦੇਣਾਂ, ਜੂਠ ਦਾ ਤਿਆਗੀ ਤੇ ਬਾਣੀ ਦਾ ਪਾਠੀ ਪੰਜ ਕਕਾਰ ਧਾਰੀ ਹੋਣਾ ਅਤੀ ਜਰੂਰੀ ਹੈ। ਇਸੀ ਤਰ੍ਹਾਂ ਇਸਤ੍ਰੀ ਜਾਤੀ ਲਈ ਭੀ ਰਹਿਤ ਤੇ ਅੰਮ੍ਰਿਤ ਵਾਲਾ ਬਣਨਾ ਯੋਗ ਹੈ ਪਰੰਤੂ ਨਾਲ ਹੀ ਇਸ ਗਲ ਦੀ ਭੀ ਲੋੜ ਹੈ ਕਿ ਸਿਖ ਸਿੰਘਣੀਆਂ ਕੇਸਾਂ ਦਾ ਅਦਬ ਕਰਨ ਵਾਲੇ "ਗੁਰ ਕੀ ਮੋਹਰ ਗੁਰੂ ਸਮ ਜਾਨੈ' ਯਾ 'ਗੁਰ ਸਮ ਅਦਬ ਕੇਸ ਕਉ ਠਾਨੈ' 'ਪਹਰ ਕਾਛ ਸਿਰ ਲਘੁ ਦਸਤਾਰਾ" ਵਾਲੇ ਬਚਨ ਦੇ ਭਾਵ ਅਨੁਸਾਰ ਹੋਣ। ਨਹੀਂ ਤਾਂ ਖਤਰਾ ਹੈ ਕਿ ਇਸਤ੍ਰੀ ਪੁਰਸ਼ ਦੇ ਅੰਮ੍ਰਿਤ ਰਹਿਤ ਦਾ ਭੇਦ ਤੇ ਦਿਨ ਪ੍ਰਤੀ-ਦਿਨ ਵਧ ਰਹੀ ਕੇਸਾਂ ਦੇ ਮੁਖਾਲਫ ਜਦੋ ਜਹਿਦ (ਫੈਸ਼ਨ ਪ੍ਰਸਤੀ) ਖਾਲਸਾ ਪੰਥ ਦੇ ਮੁਖ ਨਿਸ਼ਾਨ ( ਬਿਨਾਂ ਕੇਸ ਹੇਚ ਅਸਤ ਜੁਮਲਾ ਨਿਸ਼ਾਂ ) ਨੂੰ ਸਖਤ ਨੁਕਸਾਨ ਪਹੁੰਚਾਵੇਗੀ. ਕਿਉਂਕਿ ਇਸਦੇ ਵਿਚ ਹੀ ਕਿਤਨੇ ਹੀ ਜ਼ਹਿਰਦਾਰ ਭੇਦ ਭਰੇ ਹੋਏ ਹਨ ਜਿਨ੍ਹਾ ਦਾ ਲਿਖਣਾ ਯੋਗ ਨਹੀਂ

ਇਸ ਲਈ ਖਾਸ ਕਰ ਤਖਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ ਦੇ ਮੁਖ ਅਧਿਕਾਰੀਆਂ ਅਤੇ ਹਜ਼ੂਰੀ ਖਾਲਸਾ ਜੀ ਅੰਮ੍ਰਿਤ ਇਕ, ਰਹਿਤ ਇਕ, ਕੇਸਾਂ ਦਾ ਅਦਬ ਇਕ, ਸ਼ਸਤ੍ਰਾਂ ਬਾਣੀ ਅਭਿਆਸ ਇਕ, ਇਸ਼ਟ ਉਪਾਸਨਾ ਤੇ ਤ੍ਰੀਕਾ (ਮਿਲ ਪ੍ਰਚਾਰ ਕਰਨ ਲਈ ਸ਼ੀਘਰ ਤੋਂ ਸ਼ੀਘਰ ਕਮਰ ਕਸਾ ਕਰਕੇ (ਜੀ) ਵਿਚੋਂ ਹੀ ਪ੍ਰਚਾਰ ਅਰੰਭ ਕਰਨਾ ਚਾਹੀਏ।

## ਗ੍ਰੰਥੀ ਯਾ ਪੁਜਾਰੀ ਸਿੰਘ ਜੀ ਕੀ ਪੁਛਦੇ ਹਨ

ਪ੍ਰੰਪ੍ਰਾ ਤੋਂ ਪੰਥ ਵਿਚ ਇਹ ਮ੍ਰਿਯਾਦਾ ਹੈ। ਜਦ ਕੋਈ ਪੰਥ ਦੇ ਕਿਸੀ ਜਥੇ ਵਿਚੋਂ ਰਾਤ ਯਾ ਦਿਨ ਕਿਤੇ ਅਕੇਲੇ ਗੁਜ਼ਾਰ ਆਵੇ ਤਦ ਉਸ ਨੂੰ ਪੁਛਿਆ ਜਾਂਦਾ ਸੀ ਕਿ "ਕੀ ਤਿਆਰ ਬਰ-ਤਿਆਰ ਹੋ ?" ਤਦ ਓਹ 'ਹਾਂ' ਯਾ 'ਨਾਂਹ' ਕਰਦਾ ਤਾਂ ਫਿਰ ਕਿਸੀ ਸੇਵਾ ਪੰਗਤ ਸੰਗਤ ਵਿਚ ਉਸਨੂੰ ਸ਼ਾਮਲ ਕਰਦੇ, ਧੀਰੇ ੨ ਇਹ ਆਮ ਪੰਥਕ ਸੰਗਤਾਂ ਜਥੇ ਤਾਂ ਭੁਲ ਗਏ ਪਰੰਤੂ ਗੁਰਦੁਆਰਿਆਂ ਵਿਚ ਰਹੇ। ਹੁਣ ਆਮ ਗੁਰਦੁਆਰਿਆਂ ਵਿਚੋਂ ਭੀ ਭੁਲੀ ਬੈਠੇ ਹਨ ਪਰੰਤੂ ਤਖਤਾਂ ਪਰ ਅਜੇ ਇਹ ਪੰਥਕ ਮ੍ਰਿਯਾਦਾ ਆਖਰੀ ਦਮਾਂ ਤੇ ਪੁਜੀ ਵੇਖੀਦੀ ਹੈ, ਕਿਉਂਕਿ ਬਹੁਤੇ ਜੈਂਟਲਮੈਨ, ਰਈਸ, ਸਰਦਾਰ ਤੇ ਲੀਡਰ ਐਸਾ ਪੁਛਣਾ ਇਕ ਤਰ੍ਹਾਂ ਦੀ ਹਤਕ ਸਮਝਕੇ ਨਕ ਚਾੜ੍ਹਦੇ—ਵਟਦੇ ਹਨ, ਜਿਸ ਕਰਕੇ ਪੁਜਾਰੀ ਗਰੰਥੀ ਭੀ ਚੰਗੀ ਤਰ੍ਹਾਂ ਪੁਛ ਗਿਛ ਕਰਨ ਦੀ ਥਾਂ ਸਿਰੋਂ ਭਾਰ ਲਾਹਣ ਦੀ ਕਟਦੇ ਦਿਖਾਈ ਦੇਂਦੇ ਹਨ। ਦਰ ਅਸਲ ਜੋ ਲੋਕ ਇਸ ਪੁਛ ਗਿਛ ਦੇ ਮੁਖਾਲਫ ਹਨ ਓਹ ਪੰਥਵਿਚ ਕੁਰੈਹਤੀਆਂ, (ਪਤਿਤਾਂ) ਤੇ ਤਨਖਾਹੀਏ ਬੇ-ਅੰਮ੍ਰਿਤੀਆਂ ਦੀ ਤਾਦਾਦ ਵਧਾਨ ਦੇ ਪ੍ਰਚਾਰਕ ਹਨ ਯਾ ਖੁਦ ਕਿਸੀ ਭੁਲ ਕਰਕੇ ਲਿੰਡੇ ਹਨ ਸੋ ਅਪਣੀ ਭੁਲ ਲੁਕਾਈ ਰਖਣ ਵਾਸਤੇ ਦੂਜਿਆਂ ਨੂੰ ਚੰਗੀ ਤਰ੍ਹਾਂ ਪੁਛ ਗਿਛ ਨਹੀਂ ਕਰਦੇ ਯਾ ਪੁਛ ਗਿਛ ਕਰਨ ਉਪਰ ਘੂਰੀਆਂ ਵਟਦੇ ਹਨ।

ਹਾਂ! ਹਾਂ! ਗੁਰੂ ਤਖਤਾਂ ਦੇ ਮੁਖ ਅਧਿਕਾਰੀ ਸਜਣਾਂ ਨੂੰ ਇਹ ਕੰਮ ਢਿਲਾ ਨਹੀਂ ਕਰਨਾ ਚਾਹੀਏ, ਕਿਉਂਕਿ ਉਨ੍ਹਾਂ ਦੀ ਮੁਖ ਡੀਊਟੀ ਏਹੀ ਹੈ। ਇਸ ਲਈ ਜਦ ਕੋਈ ਅਰਦਾਸ ਲਈ ਹਾਜ਼ਰ ਹੋਵੇ ਤਦ ਪੁਛਣ ਵਾਲੇ 'ਸਤ-ਬਚਨ' ਜ਼ਰੂਰ ਉਸਨੂੰ ਪੁਛਣੇ ਚਾਹੀਦੇ ਹਨ।

ਕਿਆ ਚੰਗਾ ਹੋਵੇ ਜੋ ਬਜਾਏ ਪੁਜਾਰੀ ਸਿੰਘ ਜੀ ਦੇ ਅੰਦਰੋ ਹੌਲੇ ਗੌਲੇ ਵਿਚ ਪੁਛਣ ਦੇ, ਬਾਹਰ ਅਪਣੇ ਥਾਂ ਖੜੋਤੇ ਗ੍ਰੰਥੀ ਸਿੰਘ ਜੀ ਪੁਛ ਲੀਤਾ ਕਰਨ ਤੇ ਫੇਰ ਸੰਗਤ ਸਮੇਤ ਪੁਜਾਰੀ ਸਿੰਘ ਸਾਹਿਬ ਤੋਂ ਪ੍ਰਵਾਨਗੀ ਲੈਕੇ ਜੋ ਹੁਕਮ ਹੋਵੇ ਉਸਨੂੰ ਸੁਣਾ ਦੇਣ ਤੇ ਅਮਲ ਕਰਾਉਣ, ਕਿਉਂਕਿ ਅਜਕਲ ਇਕ ਤਾਂ ਅੰਦਰੋਂ ਪੁਜਾਰੀ ਸਿੰਘ ਜੀ ਧੀਰੇ ਬੋਲਦੇ ਹਨ, ਦੂਜਾ ਦੀਵਾਨ ਵਿਚ ਕੀਰਤਨ ਤੇ ਹੋਰ ਸ਼ੋਰ ਭੀ ਹੁੰਦਾ ਹੈ।ਪ੍ਰੰਤੂ ਬਚਨ ਪੁਛਨ(ਸੋਧ ਕਰਨ) ਵੇਲੇ ਹਰ ਪਾਸੇ ਚੁਪ ਦੀ ਲੋੜ ਹੈ ਤੇ ਸਭ ਦੇ ਮੰਨ ਆਇ ਯਾਤ੍ਰੀ ਲਈ "ਮੇਲ ਲੇਹੁ ਦਇਆਲੁ ਢਹਿ ਪਏ ਦੁਆਰਿਆ" ਦੀ ਪ੍ਰਾਰਥਨਾਂ ਵਿਚ ਲੀਨ ਹੋਣੇ ਚਾਹੀਦੇ ਹਨ, ਤੇ ਪੁਜਾਰੀ ਯਾ ਗ੍ਰੰਥੀ ਸਿੰਘ ਜੋ ਅਰਦਾਸ ਕਰੇ ਓਹ ਲਫਜ਼ ਤੋਲਵੇਂ ਮਿਣਵੇ ਭਰਵੇਂ ਹੋਣੇ ਚਾਹੀਏ ਜੋ ਸਭਦੇ ਕੰਨਾਂ ਤਕ ਪੁਜ ਕੇ ਸਭ ਦੇ ਚਿਤ ਅਕਾਗਰ ਕਰਨ।

## ਅਰਦਾਸੇ ਪਿਛੋਂ ਕੀ ਕੀਤਾ ਜਾਵੇ

ਜੇ ਅਰਦਾਸ ਕਰਾਨ ਵਾਲਾ ਤਿਆਰ ਬਰ ਤਿਆਰ ਹੈ ਤਦ ਭੇਟ, ਗੋਲਕ, ਮੰਨਤ ਆਦਿ ਹਾਜਰ ਕਰਕੇ ਲਿਖਾਰੀ ਸਿੰਘ ਜੀ ਤੋਂ ਰਸੀਦ ਲੈ ਲੀਤੀ ਜਾਏ, ਪ੍ਰਦਖਨਾਂ ਕਰਕੇ ਇਕ ਥਾਂ ਸਿਰ ਬੈਠਕੇ ਪ੍ਰੇਮ ਨਾਲ ਕੀਰਤਨ ਕਥਾ ਆਦਿ ਸਰਵਨ ਕੀਤੇ ਜਾਣ, ਪ੍ਰੰਤੂ ਜਦ ਇਸ ਵਕਤ ਦੇ ਦੀਵਾਨ ਦਾ ਭੋਗ ਪਵੇ ਤਦ ਅਰਦਾਸ ਪਿਛੋਂ ਡੇਰੇ ਯਾ ਹੋਰ ਦੀਦਾਰੇ, ਸੇਵਾ, ਲੰਗਰ ਆਦਿ ਲਈ ਕਿਤੇ ਜਾਨਾ ਚਾਹੀਏ ਅਤੇ ਹਰ ਰੋਜ ਸਵੇਰੇ ਤਿੰਨ ਵਜੇ ਤੋਂ ਆਸਾ ਜੀ ਦੀ ਵਾਰ ਤੋਂ ਨੌ ਵਜੇ ਤਕ ਕੀਰਤਨ, ਕਥਾ ਦਾ ਅਨੰਦ ਲੈਕੇ ੧੧ ਵਜੇ ਲੰਗਰ ਪ੍ਰਸਾਦ ਦੇ ਦੀਵਾਨ ਤੇ ਸ਼ਾਮ ਨੂੰ ਪੰਜ ਵਜੇ ਤੋਂ ਕੀਰਤਨ ਸੋਦਰ ਰਹਿਰਾਸ ਆਰਤੀ ਚੌਂਕੀ ਦਾ ਅਤੇ ਰਾਤ ਦੇ ਨੌ ਵਜੇ ਤੋਂ ਕੀਰਤਨ ਸੋਹਲੇ ਦੀ ਚੌਂਕੀ ਦਾ ਅਨੰਦ ਲੈਣਾ ਚਾਹੀਜੀ)

## ਆਮ ਹਿੰਦੂ, ਮੁਸਲਮਾਨ ਆਦਿਕ ਦਰਸ਼ਕ

ਇਥੇ ਭਾਵੇਂ ਵਿਚਲੀ ਪ੍ਰਕਰਮਾਂ ਹਿੰਦੂ ਹੀ ਕਰ ਸਕਦੇ ਹਨ ਪਰੰਤੂ "ਜਿਹ ਦਰ ਆਵਤ ਜਾਤਿਅਹੁ ਹਟਕੇ ਨਾਹੀ ਕੋਇ, ਸੋ ਦਰ ਕੈਸੇ ਛੋਡੀਐ ਜੋ ਦਰ ਐਸਾ ਹੋਇ" ਗੁਰ ਵਾਕ ਦੇ ਭਾਵ ਅਨੁਸਾਰ ਚਾਹੇ ਮੁਕਰਰ ਥਾਂ ਤੇ ਹੀ ਸਹੀ, ਪਰ ਦਰਸ਼ਨ ਤਾਂ ਹਰ ਇਕ ਆਦਮੀ ਕਰ ਸਕਦਾ ਹੈ । ਇਸੀ ਕਰਕੇ ਆਏ ਫਸਟ, ਸੈਕੰਡ ਕਲਾਸੀਆਂ ਦਾ ਤਾਂ ਸਤਕਾਰ ਕਰਨ ਲਈ ਕੋਈ ਜ਼ਿਮੇਵਾਰ ਪੁਜ ਜਾਂਦਾ ਹੈ, ਲੇਕਨ ਫਟੇ ਟੁਟੇ ਇੰਟਰ ਤੇ ਖਸਤਾ ਹਾਲੀ ਥਰਡ ਕਲਾਸੀਆਂ ਦੇ ਭਾ ਕੀ ਗੁਜ਼ਰਦੀ ਹੈ, ਬਿਨਾਂ ਗੁਰੂ ਦਸਮੇਸ਼ ਜੀ ਤੋਂ ਹੋਰ ਕੌਣ ਅਨੁਭਵ ਕਰ ਸਕਦਾ ਹੈ ? ਹਾਂ! ਲੋੜ ਜ਼ਰੂਰ ਹੈ ਕਿ ਬਾਕਾਯਦਾ ਸਮਝੇ ਬੁਝਾਏ ਕੁਝ ਪਰੇਮੀ ਐਸੇ ਮੁਕਰਰ ਹੋਣ ਜੋ ਦਰਸ਼ਨ ਵਾਲਿਆਂ ਨੂੰ ਦਰਸ਼ਨ ਪ੍ਰਦਖਣਾ ਵਾਲਿਆਂ ਨੂੰ ਪ੍ਰਦਖਣਾ, ਪ੍ਰਸਾਦਵਾਲਿਆਂਨੂੰ ਪ੍ਰਸਾਦ, ਅਰਦਾਸ ਤੇ ਸਿਰੋਪਾਵ ਵਾਲਿਆਂਨੂੰ ਸਿਰੋਪਾਵ ਤੋਂ ਅਲਾਵਾ ਗੁਰੂ ਕੇ ਉਪਦੇਸ਼, ਇਤਿਹਾਸ ਦਾ ਗਫਾ ਐਸ ਚੰਗੇ ਤਰੀਕੇ ਨਾਲ ਦੇਣ । ਜਿਸਤੋਂ 'ਰੋਵਤ ਆਇ ਸੁ ਹਸੈ" ਦੀ ਸ਼ਕਲ ਵਿਚ ਇਥੋਂ ਦਰਸ਼ਕ ਵਾਪਸ ਹੋਂਣ, ਇਸੀਤਰਾਂ ਪਰਦਾ ਨਸ਼ੀਨ ਬੀਬੀਆਂ ਲਈ ਕੋਈ ਸੁਘੜ ਸੁਚੇਤ ਤੇ ਸੁਚੱਜੀ ਸੀਲਵੰਤ ਮਾਈ ਮੁਕਰਰ ਹੋਵੇ ਜੋ ਉਨ੍ਹਾਂ ਦੇ ਦਿਲ ਵਿਚ ਦਸਮੇਸ ਸਤਿਕਾਰ ਦੇ ਗਨੇ ਪਾ ਦਿਤਾ ਕਰੇ ਅਤੇ ਇਹਨਾਂ ਦਰਸ਼ਕਾਂ ਦੀ ਬੋਲੀ ਅਨੁਸਾਰ ਟ੍ਰੈਕਟ, ਪੈਂਫਲੇਟ, ਕਤਾਬ ਤੇ ਫੋਟੋ ਆਦਿ ਇਨਾਂ ਨੂੰ ਰ ਦਾ ਦਿਤਾ ਜਾਇਆ ਕਰੇ, ਪ੍ਰੰਤੂ ਸਿਖ ਧਰਮ ਪੰਥ ਵਿਰੋਧੀ ਕ ਚੀਜ ਬਾਹਰ ਛੁਡਾਈ ਜਾਵੇ ।

## ਇਤਲਾਹ ਦੇਣੀ

ਜਦ ਕਿਸੀ ਮਹਾਰਾਜੇ, ਰਾਜੇ, ਰਈਸ, ਔਹਦੇਦਾਰ, ਪਤਵੰਤੇ, ਤੇ ਪ੍ਰਤਿਸਟਤ ਦਰਸ਼ਕ ਨੇ ਦੀਦਾਰੇ ਕਰਨੇ ਹਣ ਤਦ ਅਪਣ ਪੁਜਨ ਸਬੰਧੀ ਇਤਲਾਹ 'ਮੋਹਤਿਮਿੰਮ ਗੁਰਦੁਆਰਾ 'ਨਦੇੜ' (ਦਖਨ)' ਦੇ ਪਤੇ ਪਰ ਚਿਠੀ ਯਾ ਤਾਰ ਦੁਆਰੇ ਦੇਣ ਦੀ ਖੇਚਲ ਕਰਨੀ ਕਿਉਂਕਿ ਇਸਤਰਾਂ ਭਰ ਪ੍ਰਕਾਰ ਯੋਗ ਪ੍ਰਬੰਧ ਸਕਦਾ ਹੈ।

## ਗੁਰਦ੍ਵਾਰਾ ਸਾਹਿਬ ਤੇ ਹਾਤੇ ਵਿਚ ਮਨਾਹੀ

ਹਰ ਇਕ ਸਿਖ ਗੁਰਦੁਆਰੇ ਵਿਚ ਭੀ ਐਸੀ ਮਨਾਹੀਂ ਤਾਂ ਹੋਂਦੀ ਹੈ, ਪ੍ਰੰਤੂ ਇਥੋਂ ਦੇ ਦਰਸ਼ਕਾਂ ਲਈ ਮੁਨਾਸਬ ਏਹੀ ਹੈ ਕਿ ਉਹ ਦਰਸ਼ਨ ਲਈ ਜਾਣੇ ਵਾਲੇ ਹੁਕਾ, ਤਮਾਕੂ, ਸਿਗਾਰ, ਸਿਗਰਟ, ਖੈਂਨੀ, ਜਰਦਾ, ਪਤੀ, ਨਸਵਾਰ, ਬੀੜੀ, ਸ਼ਰਾਬ, ਗਾਂ ਚਰਸ, ਜੂਤਾ, ਬੂਟ ਵਗੈਰਾ ਤੇ ਸਿੰਧੀ, ਤਾੜੀ, ਮਾਸ, ਅੰਡਾ, ਅੰਦਰ ਨਾ ਲੈ ਜਾਨ ਅਤੇ ਨਾਹੀਂ ਮੂੰਹ ਵਿਚ ਪਾਨ ਨਾ ਸ਼ਰਾਬੀ ਨਸ਼ੇ ਦੀ ਹਾਲਤ ਵਿਚ ਨਾਂ ਨੰਗੇ ਸਿਰ ਯਾ ਾਂ ਪੈਰ ਧੋਤੇ ਦੇ ਅੰਦਰ ਜਾਨ ਦੀ ਕੋਸ਼ਸ਼ ਕਰਨ ਅਤੇ ਨਾਹੀਂ ਸਲ ਛੜੂ ਵਗੈਰਾ ਲੈਕੇ ਫਾਟਕ ਤੋਂ ਅੰਦਰ ਜਾਣ। ਜੀ)

# ਲੰਗਰ ਪ੍ਰਸਾਦਿ

ਇਥੇ ਅਜੇ ਤੰਦੂਰ, ਰਸੋਈ ਘਰ ਯਾ ਹੋਟਲ ਦਾ ਰਵਾਜਾ ਨਹੀਂ ਹੈ ਪ੍ਰੰਤੂ ਬਾਹਰੋਂ ਆਈਆਂ ਸੰਗਤਾਂ ਲਈ ਨਿਤ ਦੋ ਵੇਲੇ ਲੰਗਰ ਪ੍ਰਸਾਦ (ਦਾਲਾ, ਭਾਜਾ, ਚਟਨ ਪੁਲਾਓ, ਅਚਾਰ ਤੇ ਚਾਵਲ ਪ੍ਰਸਾਦੇ ਦਹੀਂ ਮਠਾ ਆਦਿ) ਤਿਆਰ ਹੋਕੇ ਅਜ ਕਲ ਬਾਰਾਂਦਰੀ ਦੇ ਅੰਦਰ ਵਰਤਦਾ ਹੈ । ਕਿਤਨੇ ਹੀ ਸਜਣ ਆਪਨੇ ਜਾਣੂੰ ਮੇਲੀਆਂ ਦੇ ਤੇ ਬ ਪੁਜਾਰੀ ਸਿੰਘ ਦੇ ਬੁੰਗੇ ਤੇ ਬਾਬੇ ਨਿਧਾਨ ਸਿੰਘ ਵਾਲੇ ਬੁੰਗੇ ਭੀ ਪ੍ਰਸਾਦਿ ਛਕਨ ਚਲੇ ਜਾਂਦੇ ਹਨ, ਕਿਤਨੇ ਹੀ ਆਪਣੇ ਨੌਕਰਾਂ ਚਾਕਰਾਂ ਦੀ ਰਾਹੀਂ ਯਾ ਆਪ ਅਪਨਾ ਪ੍ਰਬੰਧ ਭੀ ਕਰਨ ਦੀ ਕੋਸ਼ਸ਼ ਕਰਦੇ ਹਨ, ਪ੍ਰੰਤੂ ਪ੍ਰਬੰਧਕਾਂ ਵਲੋਂ ਆਏ ਸਾਰੇ ਹੀ ਯਾਤ੍ਰੀਆ ਨੂੰ ਜਾਇਜ ਹਕਦਾਰ ਲੰਗਰ ਦਾ ਜਾਣਕੇ ਸਭ ਲਈ ਪ੍ਰਸਾਦਾ ਤਿਆਰ ਹੁੰਦਾ ਹੈ ।

ਚੂੰਕਿ ਗੁਰੂ ਦਸਮੇਸ ਜੀਦਾ ਹੁਕਮ ਸੀ ਕਿ ਲੰਗਰ ਚਲਾਓ ਇਸ ਕਰਕੇ ਇਥੇ ਲੰਗਰ ਲਈ ਅਖੁਟ ਖਜ਼ਾਨੇ ਗੁਰੂ ਕਿ ਖੁਲੇ ਹੋਏ ਹਨ ਤਾਂ ਭੀ ਆਈਆਂ ਸੰਗਤਾਂ ਆਪਣੇ ਧੰਨ ਭਾਗ ਜਾਨਕੇ ਕੁਛ ਨਾ ਕੁਛ ਲੰਗਰ ਫੰਡ ਵਿਚ ਜ਼ਰੂਰ ਹਾਜਰ ਕਰਦੀਆਂ ਹਨ ਪ੍ਰੰਤੂ ਜੇ ਇਥੇ ਥਾਂ ਥਾਂ ਲੰਗਰ ਖੋਲੇ ਜਾਣ ਤਦ ਜਿਸਤਰਾਂ ਦੇਣ ਵਾਲੇ ਸੋਚਾਂ ... ਪੈਂਦੇ ਹਨ ਕਿ ਕਿਥੇ ਕਿਤਨਾ ਦਈਏ ? ਉਥੇ ਪ੍ਰਬੰਧਕਾਂ ਨੂੰ ਭੀ ...ਨਿਆਂ ਹੀ ਤਰਹ ਦੀ ਦੁਚਿਤਾਈ ਫੁਰਿਆ ਕਰੇਗੀ ਤੇ ...ਤਾਈ ਵਿਚ ਦੂਖ ਘਨੇਰੇ ।। ਹੋਣ ਕਰਕੇ ਬੇਗਮ ਪੁਰੇ ...ਨੰਦ ਨਹੀਂ ਮਾਣ ਸਕਾਂਗੇ, ਇਸ ਲਈ ਲੋੜ ਹੈ ਕਿ ਇਥੇ ...ਕੇ ਨਾਲ ਸੇਵਾ ਹੋਵੇ, ਜਿਸ ਤਰ੍ਹਾਂ "ਦੁਬਿਧਾ ਰਤੀ ਨ ... ਵਿਚਾਲੇ ਆ ਸਕੇ । ਇਹ ਤਦੇ ਹੋ ਸਕੇਗਾ, ਜੇ ਸੇਵਾ ... ਚਾਹ ਰਖਣ ਵਾਲੇ ਭਉਰਿਆਂ ਨੂੰ ਗੁਰੂ ਕੇ ਲੰਗਰ ਨੂੰ

ਸਜਾਣ ਵਰਤਾਣ ਦੀ ਸੇਵਾ ਗੁਰੂ ਲੰਗਰ ਵਾਲੇ ਥਾਂ ਹੀ ਸੌਂਪ ਦਿਤੀ ਜਾਏ ਅਤੇ ਮੁਲਾਜ਼ਮ ਲਾਂਗਰੀਆਂ ਦੇ ਜਥੇਦਾਰ ਔਨਰੇਰੀ ਆਦਮੀ ਉਤਸ਼ਾਹੀ ਪ੍ਰੇਮੀ ਨੂੰ ਕਰ ਦਿਤਾ ਜਾਏ ਜੋ ਪ੍ਰਸਪਰ ਪ੍ਰੇਮ ਭਾਉ ਨਾਲ ਇਕ ਮਿਕ ਹੋ ਕੇ ਸੇਵਾ ਕਰਨ ਕਰੌਣ ਤੇ ਗੋਲਕ ਆਮਦਨ ਲੰਗਰ ਫੰਡ ਇਕ ਹੋਵੇ, ਲੰਗਰ ਤਿਆਰੀ ਤੇ ਪੰਗਤਾਂ ਦੀ ਥਾਂ ਇਕ ਹੋਵੇ। ਸੇਵਾ ਕਰਨ ਵਾਲੇ ਇਕ ਦਿਲ-ਜਵਾਂ ਹੋਣ, ਦੀਵਾਨ ਇਕ ਸਜੇ, ਯਾਤਰੂ ਦਰਸ਼ਨ ਤੇ ਸਤਿ ਸੰਗ ਸੇਵਾ ਇਕ ਥਾਂ ਕਰਨ। ਭੇਟਾ ਵਾਲੇ ਭੇਟਾ, ਗੋਲਕ ਵਾਲੇ ਗੋਲਕ, ਸੁਖਣਾ ਵਾਲੇ ਸੁਖਣਾ ਇਕ ਥਾਂ ਦੇਣ। ਈਰਖਾ ਤਾ ਤਾਤ ਦੁਵੈਸ ਘਟੇ, ਤੇਜ ਪ੍ਰਤਾਪ ਤੇ ਜਸ ਵਧੇ, ਭਾਈ ਭਾਈ ਦਾ ਸਤਿਕਾਰ ਕਰੇ, ਭਾਈ ਭਈ ਨਾਲ਼ ਪਿਆਰ ਕਰੇ ਅਤੇ ਘਰ ਘਰ ਦੀ ਪੀਰੀ ਜੋ ਦਿਲਗੀਟੀ ਦਾ ਘਰ ਹੈ, ਨਜ਼ਦੀਕ ਨ ਢੁਕਣਾ ਪਾਏ।

ਹਾਂ, ਇਥੇ ਇਸ ਗਲ ਦੀ ਭੀ ਲੋੜ ਹੈ ਕਿ ਜੋ ਅਮਾਰਤ ਗੁਰੂ ਲੰਗਰ ਦੇ ਨਾਮ ਪਰ ਹਜ਼ਾਰਾਂ ਰੁਪਏ ਖਰਚ ਕੇ ਤਿਆਰ ਕੀਤੀ ਗਈ ਹੈ, ਉਸੀ ਨੂੰ ਗੁਰੂ ਕੇ ਲੰਗਰ ਲਈ ਵਰਤਿਆ ਜਾਏ ਅਤੇ ਇਸ ਬਾਰਾਂਦਰੀ ਦੇ ਸਾਹਮਣੇ ਸਫਾਈ ਰਖਕੇ ਫੁਲ ਗਮਲੇ ਆਦਿ ਸਜਾਏ ਜਾਣ। ਪਰ ਜੇ ਆਏ ਯਾਤ੍ਰੀ ਜੋ ਆਪਣਾ ਪ੍ਰਬੰਧ ਜ਼ਰੂਰ ਹੀ ਕਰਨਾ ਚਾਹੁੰਦੇ ਹੋਣ, ਉਹਨਾਂ ਲਈ ਬਾਵੜ੍ਹੇ ਦੇ ਨਜ਼ਦੀਕ ਵਾਲੇ ਪਾਸੇ ਵਲ ਗੁਸਲਖਾਨੇ (ਇਸ਼ਨਾਨ ਘਰ) ਤੇ ਲੰਗਰ ਘਰਾਂ ਦੀ ਇਕ ਲਾਇਨ ਐਸੇ ਤਰੀਕੇ ਨਾਲ ਬਣਾਂ ਦਿਤੀ ਜਾਏ, ਜਿਸ ਦੀ ਪਿੱਠ ਪਰਾਂ ਪੁਰੇ ਵਲ ਤੇ ਸਾਹਮਣਾ ਪਾਸਾ ਬਗੀਚੇ ਵਲ ਹੋਵੇ ਤੇ ਇਕ ਤਰ੍ਹਾਂ ਉਹ ਪੁਰੇ ਦੇ ਯਾ ਆਰਤੀਆ ਸਿੰਘ ਜੀ ਵਾਲੇ ਵਲੋਂ ਇਮਾਰਤ ਦੀਵਾਰ ਦਾ ਭੀ ਕੰਮ ਦੇਵੇ ਤੇ ਬਾਗਦੀ ਹਿਫ ਹੋਵੇ, ਪ੍ਰੰਤੂ ਸੰਗਤ ਬੁੰਗੇ ਦੇ ਸਾਹਮਣੇ ਤੋਂ ਲੈ ਕੇ ਬਾਰਾਂਦ ਫਰੀਦਕੋਟੀ ਬੁੰਗਾ ਤੇ ਸਰਬਰਾਹ ਜੀ ਦੀ ਰਿਹਾਇਸ਼ ਵਾਲੇ ਤਕ ਵਿਚੋਂ ਸਭ ਸਫਮ ਸਫਾ ਥਾਂ ਫਲ ਫੁਲ ਤੇ ਭਾਜੇ) ਹੀ ਹੋਵੇ।

## ਆਪਣੇ ਪ੍ਰਬੰਧ ਵਿਚ ਲੰਗਰ

ਜੇ ਕੋਈ ਯਾਤਰੂ ਸਜਣ ਵਧੀਕ ਦਿਨ ਟਿਕਣ ਕਰਕੇ ਯਾ ਕਿਸੀ ਖ਼ਾਸ ਕਾਰਨ ਕਰਕੇ ਪ੍ਰਸ਼ਾਦ ਮਾਤ੍ਰ ਗੁਰੂ ਕੇ ਲੰਗਰ ਦਾ ਪ੍ਰਸ਼ਾਦ ਲੈਕੇ ਆਪਣੇ ਡੇਰੇ-ਆਪ ਅਪਣੇ ਨੌਕਰ ਯਾ ਪ੍ਰਵਾਰ ਦੀ ਹਥੀਂ ਆਪਣਾ ਪ੍ਰਸ਼ਾਦਾ ਬਣਾ ਕੇ ਵਰਤਣਾ ਚਾਹੇ, ਤਾਂ ਐਸੇ ਯਾਤ੍ਰੀਆਂ ਲਈ ਬਰਤਨ ਗੁਰਦੁਆਰੇ ਸਾਹਿਬ ਵਲੋਂ ਖ਼ਾਸ ਤੌਰ ਤੇ ਦਰੋਗ਼ੇ ਦੇ ਸਪੁਰਦ ਹੋਣੇ ਚਾਹੀਦੇ ਹਨ। ਜੋ ਮੰਗਣ ਤੇ ਓਹ ਦੇਵੇ ਤੇ ਫੇਰ ਲੈਕੇ ਆਪਣੇ ਪਾਸ ਰਖੇ, ਪ੍ਰੰਤੂ ਬਰਤਣ ਲੈਣ ਵਾਲੇ ਸਜਣਾਂ ਨੂੰ ਬਰਤਨਾਂ ਦੀ ਲਿਸਟ ਤੈਹਰੀਰੀ ਦੇਣੀ ਚਾਹੀਦੀ ਹੈ ਤਾਕਿ ਪ੍ਰਬੰਧ ਠੀਕ ਰਹਿ ਸਕੇ ' ਤੇ ਸਰਬਰਾਹ ਯਾ ਦਰੋਗੇ ਦੀ ਤਬਦੀਲੀ ਪਰ ਐਸੀ ਜ਼ਿਮੇਵਾਰੀ ਦਾ ਭੀ ਬਾਕਾਇਦਾ ਚਾਰਜ ਲਿੱਤਾ ਦਿੱਤਾ ਜਾਇਆ ਕਰੇ।

## ਚਾਹ ਦੀ ਚਾਟ

ਖਾਲਸੇ ਵਿਚ ਤਾਂ ਅਗੇ ਹੀ ਸੁਖ ਨਿਧਾਨ ਆਦਿਕ ਚਾਟ ਨੇ ਮੋਰਚੇ ਲਾਏ ਹੋਏ ਸਨ ਪਰੰਤੂ ਫੌਜੀ ਸਿੰਘਾਂ ਦੇ ਪ੍ਰਤਾਪ ਬਲ ਨਾਲ ਤੇ ਜ਼ਮਾਨੇ ਦੀ ਸ਼ੌਕੀਨੀ ਅਰ ਵਪਾਰੀਆਂ ਦੀਆਂ ਚਾਲਾਂ ਨੇ ਫਿਰ ੨ ਚਾਹ ਦੀ ਭੀ ਐਸੀ ਚਾਟ ਲਾਈ ਹੈ ਜੋ ਲੋਕੀ ਦਿਨੋ ਦਿਨ ਇਸਦੇ ਸ਼ਿਕਾਰ ਬਣਨ ਵਿਚ ਫਖਰ ਸਮਝਦੇ ਹਨ।

ਐਸੀਆਂ ਵਿਅਸ਼ਨ ਰੂਪ ਵਸਤੂਆਂ ਤੋਂ ਖਹਿੜਾ ਸਤਸੰਗ ਬਲ ਛੁਟ ਸਕਦਾ ਹੈ, ਪਰ ਸਾਡੇ ਅਭਾਗਜ ! ਜੋ ਅਸੀਂ ਜਿਥੇ ਤਾੜੀ ਤੇ ਸੁਰਖ ਰੰਗ ਫਰੰਗ ਦੇ ਗੁਰਦੁਆਰਿਆਂ ਦੀ ਰਾਹੀਂ

ਸ਼ਿਕਾਰ ਬਣੇ ਉਥੇ ਹੁਣ ਭੀ ਚਾਹਟੇ ਦੀ ਚਾਟ ਦੇ ਸ਼ਿਕਾਰ ਹ
ਵਿਚ ਗੁਰੂ ਕੇ ਲੰਗਰੋਂ ਹੀ ਦਾਦ ਪਾ ਰਹੇ ਹਾਂ।

ਦਰ ਅਸਲ ਜੋ ਮਨੁਸ਼ ਨਿਤ ਮਖਣ, ਅੰਡੇ, ਮਛੀ, ਮਾ
ਇਤਨਾ ਖਾਂਦਾ ਹੈ ਕਿ ਉਸਦੀ ਜਠਰਾਗਨੀ ਨੂੰ ਉਸਦੇ ਹਜਮ ਕਰ
ਵਿਚ ਪੂਰੀ ਕਾਮਯਾਬੀ ਨਹੀਂ ਹੋ ਸਕਦੀ। ਉਸ ਲਈ ਲੋੜ ਹੈ
ਕਿ ਓਹ ਤੇਜ਼ਾਬ ਨਾਲ ਗਲਣ ਵਾਲੇ ਚਰਬੀ ਦੇ ਅੰਸ਼ ਨੂੰ ਹਜ
ਕਰਨ ਲਈ ਸ਼ਰਾਬ ਆਦਿ ਨਸ਼ੀਲੀਆਂ ਤੇ ਚਾਹ ਵਰਗੀਆ
ਉਸ਼ਨਤਾ ਵਾਲੀਆਂ ਚੀਜ਼ਾਂ ਵਰਤੇ, ਪਰੰਤੂ ਜਿਨ੍ਹਾਂ ਸਿਖਾਂ ਨੂੰ
ਅੰਨ ਦੇ ਪ੍ਰਸ਼ਾਦੇ ਤੇ ਦਾਲ ਭਾਜੀ ਚਟਨ-ਪਲੱਾ ਹੀ ਕਰਤਾਰ
ਦੇਂਦਾ ਹੈ ਤੇ "ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀਅ" ਦਾ ਹੁਕਮ
ਹੈ ਉਨ੍ਹਾਂ ਲਈ ਚਾਹ, ਸ਼ਰਾਬ, ਤਾੜੀ, ਭੰਗ ਤੇ ਸਿੰਧੀ ਆਦਿਕ
ਨਸ਼ੀਲੀਆਂ ਚੀਜ਼ਾਂ ਦਾ ਪ੍ਰਚਾਰ ਗੁਰ ਅਸਥਾਨਾਂ ਵਲੋਂ ਰੋਕਣਾਂ
ਚਾਹੀਏ। ਇਸ ਲਈ ਆਸ ਹੈ ਕਿ ਸ੍ਰਬਰਾਹ ਸਾਹਿਬ ਐਸੀਆਂ ਵਾਧੂ
ਤੇ ਹਾਨੀ ਕਾਰਕ, ਅਰੋਗਤਾ ਦੀਆਂ ਮੁਖਾਲਫ ਖੁਰਾਕਾਂ ਨੂੰ ਲੰਗਰ
ਵਿਚ ਨਹੀਂ ਜਾਣ ਦੇਣਗੇ।

## ਦੇਗ (ਭੰਡਾਰਾ)

ਜਿਨ੍ਹਾਂ ਦਿਨਾਂ ਵਿਚ ਇਥੇ ਸਿੰਘ ਬਿਰਛਾਂ ਦੇ ਪਤੇ ਤੇ ਛਿਲਕੇ
ਖਾਕੇ ਦਿਨ ਕਟਦੇ ਸੀ, ਉਸ ਵੇਲੇ ਜਦ ਕੋਈ ਧਨੀ ਖ਼ਾਲਸਾ
ਯਾਤਰੂ, ਆ ਜਾਂਦਾ, ਤਦ ਉਹ ਖਾਲਸੇ ਨੂੰ ਲੱਡੂ, ਪੇੜੇ, ਜਲੇਬੀਆ
ਪੂੜੇ ਆਦਿ ਅਨੇਕ ਤਰ੍ਹਾਂ ਦੇ ਭੋਜਨ ਛਕਾਣ ਲਈ ਉ
ਹੁੰਦਾ ਸੀ, ਕਿਉਂਕਿ ਇਕ ਤਾਂ ਇਹ ਪਦਾਰਥ ਇਥੇ ਖਾਲ
ਮਿਲਦੇ ਹੀ ਨਹੀਂ ਸਨ ਤੇ ਦੂਜਾ ਹੋਰ ਕੋਈ ਉਸ ਵੇਲੇ ਪੈਂ
ਖਰਚਣ ਦੀ ਥਾਂ ਭੀ ਨਹੀਂ ਸੀ, ਜਿਸ ਕਰਕੇ ਦੇਗ ਪ੦ਲ

ਜੀ)

...ਜ਼ੋਰ ਦੀ ਹੋਣ ਦਾ ਰਵਾਜ ਚਲ ਪਿਆ, ਉਸ ਸਮੇਂ ਵਿਚ ਸਿਰਫ ਗੁਰੂ ਕੇ ਲੰਗਰ ਵਿਚ ਹੀ ਹਰ ਇਕ ਸਿੰਘ ਪ੍ਰਸ਼ਾਦਾ ਛਕਦਾ ਸੀ ਤੇ ਓਹ ਭੀ ਇਕੋ ਵੇਲੇ ਤੇ ਦਾਲਾ ਜਲ ਵਰਗਾ ਅਰ ਪ੍ਰਸ਼ਾਦੇ ਹਥ ਦੀ ਤਲੀ ਜਿਤਨੇ ਗਿਣਤੀ ਵਿਚ ਦੋ ਦੋ ਚਾਰ੨ ਮਿਲਦੇ ਸੀ, ਪ੍ਰੰਤੂ ਹੁਣ ਤਾਂ ਗੁਰੂ ਜੀ ਕੀ ਕ੍ਰਿਪਾ ਨਾਲ ਘਰ ਘਰ ਹਰ ਪ੍ਰਕਾਰ ਦੇ ਪਦਾਰਥ ਬਣਦੇ ਹਨ ਘਰ ੨ ਲੰਗਰ ਹਨ, ਹੁਣ ਤਾਂ ਲੋੜ ਹੈ ਕਿ ਐਸੀ ਮਾਇਆ ਇਕਤ੍ਰ ਕਰਕੇ ਹਜ਼ੂਰੀ ਖਾਲਸੇ ਦੇ ਵਿਚ ਇਲਮ ਹੁਨਰ ਦੇ ਪ੍ਰਚਾਰ ਪਰ ਖਰਚੀ ਜਾਏ ਤਾਕਿ ਬਜਾਏ ਜ਼ਿੰਦਗੀ ਵਿਚ ਦਸ ਬੀਸ ਵੇਰ ਦੇਗ ਛਕ ਛਡਣ ਦੇ ਓਹ ਨਿਤ ਆਪਣੀ ਕਮਾਈ ਵਿਚੋਂ ਦੇਗਾਂ ਛਕਣ ਛਕਾਣ ਦੇ ਯੋਗ ਬਣ ਜਾਣ ਆਸ ਹੈ ਕਿ ਐਸੇ ਦਾਨੀ ਭਾਵੇਂ ਆਪ ਭੀ ਇਹਨਾਂ ਗੱਲਾਂ ਨੂੰ ਸੋਚਣਗੇ ਪ੍ਰੰਤੂ ਜ਼ਿਮੇਵਾਰ ਤੇ ਸਿਆਣੇ ਹਜ਼ੂਰੀ ਸਜਣ ਉਹਨਾਂ ਦੇ ਕੰਨਾਂ ਤਕ ਜ਼ਰੂਰ ਇਹ ਖਿਆਲ ਪਹੁੰਚਾਣ ਦੀ ਕਰਨਗੇ, ਪਰੰਤੂ ਜੋ ਦੇਗ ਕਰਾਣਾ ਚਾਹੁਣ, ਐਸੀ ਦੇਗ ਦੇ ਦਮੜੇ ਇਸ ਤਰ੍ਹਾਂ ਵਰਤਣੇ ਚਾਹੀਏ ਕਿ:—

"ਕਿਸੀ ਯੋਗ ਵਿਦਿਆਰਥੀ ਨੂੰ ਵਜ਼ੀਫ਼ਾ ਮੁਕਰਰ ਕਰਕੇ ਉਚੇ ਦਰਜੇ ਦੀ ਪੜ੍ਹਾਈ ਕਰਾਈ ਜਾਏ, ਯਾ ਕਿਸੀ ਹੋਨਹਾਰ ਸਮਝ ਵਾਲੇ ਭੁਯੰਗੀ ਨੂੰ ਕਿਸੀ ਕਾਰਖਾਨੇ ਵਿਚ ਵਜ਼ੀਫਾ ਦੇ ਕੇ ਮਸ਼ੀਨਰੀ, ਦਸਤਕਾਰੀ ਦਾ ਹੁਨਰ ਸਿਖਾਇਆ ਜਾਏ। ਇਸ ਸ਼ਰਤ ਪਰ ਕਿ ਜਦ ਓਹ ਬਰ ਸਰੇ ਰੁਜ਼ਗਾਰ ਹੋਵੇਗਾ, ਤਦ ਇਹ ਰਕਮ ਕਿਸ਼ਤਾਂ ਦੀ ਰਾਹੀਂ ਵਾਪਸ ਕਰੇਗਾ ਪਰੰਤੂ ਇਹ ਭੀ ਸ਼ਰਤ ਰਖੀ ਜਾਏ ਕਿ ਜੋ ਨਿਤ ਨੇਮੀ ਸਿਖੀ ਰਹਿਤ ਦਾ ਪੱਕਾ ਧਾਰਨੀ ਹੋਵੇਗਾ ਓਹ ਇਹ ਵਜ਼ੀਫੇ ਪ੍ਰਾਪਤ ਕਰੇਗਾ?"

ਇਸੀ ਤਰ੍ਹਾਂ ਅਗੇ ਤੋਂ ਐਸੀਆਂ ਰਕਮਾਂ ਵਰਤਣ ਤੇ ਦੇਗ ...ਕਾਣ ਨਾਲੋਂ ਕ੍ਰੋੜਹਾ ਦਰਜੇ ਇਹ ਤਰੀਕਾ ਦਾਨੀ ਲਈ ਵਧੀਕ ...ਨ ਫਲ ਦੇਣ ਵਾਲਾ ਬਣ ਜਾਇਗਾ। ਐਸੇ ਦਾਨੀਆਂ ਦੀ ਸੇਵਾ ...ਚ ਮੈਂ ਬਿਨੈ ਕਰਦਾ ਹਾਂ ਕਿ ਜੇ ਆਪ ਵੀ ਇਸ ਤਰ੍ਹਾਂ ਦੀ ਮਦਦ

ਹਜ਼ੂਰੀ ਸਜਣ ਨਾ ਪ੍ਰਵਾਨ ਕਰਨ, ਤਦ ਆਪ ਇਸ ਨੂੰ ਸਿ
ਸ੍ਰੀ ਗੁਰੂ ਨਾਨਕ ਆਸ਼ਰਮ ਚਕਾਰ (ਕਸ਼ਮੀਰ) ਦੇ ਗੁਰੂ ਕੇ ਅਟਲ
ਲੰਗਰ ਵਿਚ ਜਮਾਂ ਕਰਾਓ ਜਿਥੇ ਕਰੋੜਹਾ ਬਚੇ ਆਪ ਦੇ ਦਾਨ ਤੋ
ਹਜ਼ਾਰਹਾ ਸਾਲ ਤਕ ਅੰਨ ਛਕਕੇ ਵਿਦਵਾਨ ਤੇ ਕਾਰੀਗਰ ਬਣ
ਰਹਿਣਗੇ ਤੇ ਫਿਰ ਆਪ ਦਾ ਮੂਲ ਦਾ ਮੂਲ ਕਾਇਮ ਰਹੇਗਾ।
ਇਸ ਦੇ ਪੂਰੇ ਹਾਲ ਵੇਖੋ ਇਸੀ ਪੁਸਤਕ ਦੇ ਅਖੀਰ ਪਰ "ਇਕ
ਪੰਥ ਦੋ ਕਾਜ ਵਾਲੇ" ਲੇਖ ਵਿਚੋਂ।

## ਹਜੂਰ ਸਾਹਿਬ ਜੀ ਦੀ ਨਿਤ ਕਿਰਤ

ਇਥੇ ਹਰ ਰੋਜ ਬਿਨਾ ਖਾਸ ਗੁਰਪੁਰਬਾਂ ਯਾ ਮਹਲਿਆਂ
ਦੇ ਦਿਨ ਤੋਂ ਹਮੇਸ਼ ਇਸਤਰਾਂ ਸੇਵਾ, ਪਾਠ ਕੀਰਤਨ ਦੀ
ਮਰਯਾਦਾ ਹੈ—

(੧) ਅੰਮ੍ਰਿਤ ਵੇਲੇ ਦੋ ਵਜੇ ਪੁਜਾਰੀ ਸਿੰਘ ਜੀ ਗ੍ਰੰਥੀ
ਸਿੰਘ ਜੀ ਰਾਗੀ ਸਿੰਘ ਜੀ ਸੁਖਾਈ ਸਿੰਘ ਜੀ ਗਾਗਰੀਆਸਿੰਘ ਜੀ
ਤੇ ਤਖਤ ਛਨਾਨੀਆ ਸਿੰਘ ਜੀ ਨਿੰਦ੍ਰਾ ਦਾ ਤਿਆਗ ਕਰਕੇ
ਸੌਚ ਸ਼ਨਾਨ ਪਿਛੋਂ ਆਪਣੀ ੨ ਸੇਵਾ ਤੇ ਡਟ ਜਾਂਦੇ ਹਨ, ਅਤੇ
ਐਨ ਤਿੰਨ ਵਜਦੇ ਹੀ ਪੁਜਾਰੀ ਸਿੰਘ ਜੀ ਅਰਦਾਸਾ ਸੋਧਦੇ
ਹਨ, ਧੌਂਸੇ ਨੂੰ ਚੋਟ ਲਗਦੀ ਹੈ ਤਖਤ ਸ਼ਨਾਨੀਆ ਝਾਹਰਲੇ
ਤਖਤ ਦਾ ਅਸ਼ਨਾਨ, ਫਰਸ਼ ਕਰਾ ਦਿੰਦਾ ਹੈ, ਸੁਖਈ ਦੇਗ
ਲੈਕੇ ਹਾਜਰ ਹੋ ਜਾਂਦਾ ਹੈ, ਰਾਗੀ 'ਗੁਣ ਨਿਧਾਨ ਗੁਰੂ ਗਰੀਬ
ਨਿਵਾਜ' ਕਹਿੰਦੇ ਤੇ ਗਰੰਥੀ ਸਿੰਘ ਮਹਾਰਾਜ ਦੀ ਸਵਾ
ਲਿਆਕੇ ਪ੍ਰਕਾਸ਼ ਕਰਦੇ ਹਨ ਅਤੇ ਗਾਗਰੀਆ ਸਿੰਘ ਚ
ਦੀ ਗਾਗਰ ਗੰਗਾ ਜਲਦੀ ਭਰਕੇ ਅੰਦਰ ਹਾਜਰ ਕਰਦਾ ਹੈ।

ਗੁਰੂ ਜੀ ਦਾ ਵਾਕ ਸੁਣਦੇ ਹੀ ਪੁਜਾਰੀ ਸਿੰਘ ਅੰ
ਤਖਤ ਦਾ ਦਰਵਾਜਾ ਲਾ ਲੈਂਦੇ ਤੇ ਕੀਰਤਨੀ, ਪਾਠੀ, ਪ੍ਰੇਮੀ

ਕੀਰਤਨ ਕਰਦੇ ਤੇ ਸੁਣਦੇ ਹਨ, ਬਾਹਰਲੇ ਪੁਜਾਰੀ ਜੀ ਕੇਸਰ ਆਦਿ ਘਸਦੇ ਤੇ ਨਾਮ ਜਪਦੇ ਬਾਣੀ ਪੜ੍ਹਦੇ ਹਨ।

ਆਸਾ ਜੀ ਦੀ ਵਾਰ ਦਾ ਭੋਗ ਪੈਣ ਤੋਂ ਪਹਿਲੇ ਕੜ੍ਹਹੀਆ ਸਿੰਘ ਕੜਾਹ ਪ੍ਰਸਾਦਿ (ਪੰਚਾਮ੍ਰਿਤ) ਤਿਆਰ ਕਰਕੇ ਕੜਾਹੀ ਟਿਕਾ ਜਾਂਦਾ ਹੈ, ਛੇ ਵਜੇ ਆਸਾ ਜੀ ਦੀ ਵਾਰ ਦਾ ਭੋਗ ਪੈਂਦਿਆਂ ਹੀ ਬਾਹਰਲੇ ਪੁਜਾਰੀ ਜੀ ਅਰਦਾਸਾ ਸੋਧਦੇ ਹਨ, ਧੂਪੀਆ ਧੂਪ ਦਾ ਕੜਛ ਲੈਕੇ ਹਾਜ਼ਰ ਹੁੰਦਾ ਹੈ, ਹੋਰ ਪ੍ਰੇਮੀ ਭੀ ਕੁਝ ਪੁਜ ਜਾਂਦੇ ਹਨ, "ਸਰਬਤ ਕਾ ਭਲਾ" ਹੋਂਦੇ ਹੀ ਧੌਂਸੇ ਜੈਕਾਰੇ ਗਜਦੇ ਹਨ। ਅੰਦਰਲਾ ਸਾਹਮਣੇ ਦਾ ਕਵਾੜ ਖੁਲ੍ਹਦੇ ਹੀ ਨਿਹੰਗ ਸਿੰਘ "ਦੇਗ ਤੇਗ ਫਤਹ" ਦੇ ਜੈਕਾਰੇ ਲਾਂਦੇ ਹਨ ਤੇ ਘੰਟੇ ਘੜੀਆਲਾਂ ਦੀ ਧੁਨੀ ਨਾਲ ਮੰਦਰ ਗੂੰਜਦਾ ਸੁਣਾਈ ਦਿੰਦਾ ਹੈ।

ਧੂਪ ਦਾ ਕੜਛ ਲੈਕੇ ਪੁਜਾਰੀ ਸਿੰਘ ਅੰਦਰ ਸ਼ਸਤ੍ਰਾਂ ਸਹਿਤ ਸਜੇ ਤਖ਼ਤ ਸਾਹਿਬ ਦੀ ਪ੍ਰਕਰਮਾਂ ਕਰਦੇ ਤੇ ਫੇਰ ਵਾਪਸ ਦੇਕੇ ਬਸਤ੍ਰ ਗਾਗਰ ਆਦਿ ਲੈਂਦਿਆਂ ਦੇਂਦਿਆਂ ਤਕ ਅਰਦਾਸ ਪਿਛੋਂ ਬੈਠੇ ਰਾਗੀ ਸਿੰਘ ਅਨੰਦ ਸਾਹਿਬ ਜੀ ਦੀਆਂ ਪਹਿਲੀਆਂ ਪੰਜ ਪੌੜੀਆਂ, ੧ ਅੰਤਲੀ ਪੜ੍ਹ ਲੈਂਦੇ ਹਨ ਤੇ ਵਡੇ ਪੁਜਾਰੀ ਸਿੰਘ ਅਰਦਾਸਾ ਸੋਧਕੇ ਕੜਾਹ ਪ੍ਰਸਾਦਿ ਦਾ ਭੋਗ ਲਗਾਂਦੇ ਹਨ, ਅਰਥਾਤ ਚਾਂਦੀ ਦੇ ਥਾਲ ਵਿਚ ਪੰਚਾਮ੍ਰਿਤ ਪਾਕੇ ਅੰਦਰ ਚੌਕੀ ਤੇ ਸਜਾ ਕੇ ਦਰਵਾਜੇ ਦੇ ਪੜਦੇ ਚਿਕ ਆਦਿਕ ਲਾਕੇ ਇਕਬੜਾ ਪੁਰਾਤਨ ਘੰਟਾ ਲੈਹਰਾਂਦੇ ਹਨ, ਨਗਾਰੇ ਨੂੰ ਚੋਟ ਲਗਦੀ ਤੇ ਸੰਖ ਧੁਨੀ ਹੋਂਦੀ ਹੈ ਫਿਰ ਥਾਲ ਬਾਹਰ ਲਿਆਕੇ, ਪੰਜਾਂ ਪਿਆਰਿਆਂ ਤੇ ਰਾਗੀ ਸਿੰਘਾਂ ਨੂੰ ਵਰਤਾਰਾ ਦੇਕੇ ਤੇ ਫਿਰ ਜਾਕੇ ਸਾਰੇ (ਚਾਰੇ) ਦਰਵਾਜੇ ਖੋਲ ਦਿੰਦੇ ਹਨ, ਅਰ ਪਿਛਲੇ ਦਰਵਾਜੇ ਵਲੋਂ ਪੁਜਾਰੀ ਸਿੰਘ ... ਤੋਂ ਵਡੇ ਗ੍ਰੰਥੀ ਚਵਰ ਵਾਲੇ ਸਮੇਤ ਹਾਜ਼ਰ ਹੋਕੇ "ਸ੍ਰੀ ਗੁਰੂ ... ਸਾਹਿਬ ਜੀ" ਦੀ ਸਵਾਰੀ ਲੈਕੇ "ਸੰਤਾ ਕੇ ਕਾਰਜ ਆਪ ... ਇਆ" "ਅਬਿਚਲ ਨਗਰ ਗੋਬਿੰਦ ਗੁਰੂ ਕਾ" ਇਤਿ ਆਦਿ ਕੀਰਤਨ ਕਰਦੇ ੨ ਤਿੰਨ ਚੀਜ਼ਾਂ ਪ੍ਰਕਾਸ਼ ਸਥਾਨ ਤੇ

ਬਿਰਾਜਮਾਨ ਕਰਕੇ ਪ੍ਰਕਾਸ਼ ਕਰਦੇ ਹਨ. ਅਤੇ ਨੌਬਤਖਾਨੇ ਵਿਚ ਨੌਬਤਾਂ ਵਜਦੀਆਂ ਹਨ ਤੇ ਰੌਸ਼ਨ ਚੌਂਕੀ ਵਾਲੇ ਅਪਣੇ ਬਜੰਤ੍ਰ ਬਾਹਰ ਇਕ ਘੰਟੇ ਲਈ ਬਜਾਂਦੇ ਹਨ।

ਰਾਗੀ ਸਿੰਘ ਕੀਰਤਨ ਕਰਦੇ ਹਨ ਪ੍ਰੰਤੂ ਵਾਕ ਲੈਣ ਸਮੇਂ ਕੀਰਤਨੀਏ ਚੁਪ ਰਹਿੰਦੇ ਹਨ। ਇਨ੍ਹਾਂ ਤਿੰਨਾਂ ਬੀੜਾਂ ਵਿਚ ਇਕ 'ਦਸਮ ਗ੍ਰੰਥ ਸਾਹਿਬ ਜੀ' ਭੀ ਹੁੰਦੇ ਹਨ. ਇਸੀ ਅਰਸੇ ਵਿਚ ਕਲ ਦੀ ਵਰਤੀ ਹੋਈ ਤਖਤ ਸਾਹਿਬ ਦੀ ਵਿਛਾਈ ਦੇ ਚਾਦਰੇ ਆਦਿ ਨੂੰ ਚੰਗੀ ਤਰ੍ਹਾਂ ਤੈਹ ਕਰਕੇ ਸਵਾਰ ਕੇ ਅੰਦਰ ਦੇਣ ਦੀ ਸੇਵਾ ਬਾਹਰਲੇ ਪੁਜਾਰੀ ਸਿੰਘ ਤੇ ਧੂਪੀਆ ਸਿੰਘ ਜੀ ਕਰਦੇ ਹਨ, ਕੜਾਹ ਪ੍ਰਸ਼ਾਦਿ ਯਾ ਹਾਜ਼ਰ ਫਲ ਆਦੀ ਪ੍ਰਸ਼ਾਦ ਵਰਤਦਾ ਹੈ। ਨਵੀਨ ਆਏ ਯਾਤਰੂ ਸਿੰਘ ਸੰਗਤਾਂ ਦੀ ਅਰਦਾਸ ਹੋਕੇ ਗੋਲਕ, ਮੰਨਤ, ਦਸਵੰਧ ਆਦਿ ਭੇਟ ਹੋਂਦੀ ਹੈ, ਲਿਖਾਰੀ ਸਿੰਘ ਜੀ ਰਸੀਦਾਂ ਲਿਖਕੇ ਦੇਂਦੇ ਤੇ ਸਰਬਰਾਹ ਸਾਹਿਬ ਤੇ ਹੋਰ ਕਾਰਬਾਰੀ ਅਪਣੇ ੨ ਮੋਰਚੇ ਤੇ ਪਹਿਰਾ ਦੇਂਦੇ ਹਨ, ਗ੍ਰੰਥੀ, ਪੁਜਾਰੀ, ਧੂਪੀਏ ਤੇ ਰਾਗੀ ਆਦਿ ਅਪਣੀ ੨ ਸੇਵਾ ਵਿਚ ਹੀ ਮਗਨ ਹੋਂਦੇ ਹਨ।

ਪਹਿਲੇ ਦਿਨ ਦੇ ਵਣਜਾਰੇ ਸਿਖ (ਮਾਈ ਭਾਈ) ਨੂੰ ਲੈਕੇ ਉਨ੍ਹਾਂ ਦੇ ਜ਼ਿੰਮੇਂਵਾਰ ਮਾਸਟਰ ਸਦਾ ਸਿੰਘ ਜੀ ਯਾ ਉਨ੍ਹਾਂ ਦੇ ਹੋਰ ਕੋਈ ਵੀਰ, ਭਤੀਜੇ, ਬੇਟੇ ਆਦਿਕ ਉਨ੍ਹਾਂ ਵਲੋਂ ਭੇਟਾ ਪੇਸ਼ ਕਰ ੨ ਕੇ ਅਰਦਾਸ ਕਰਾਂਦੇ ਹਨ। ਇਹਨਾਂ ਨੂੰ ਮਸੰਦ ਸਾਹਿਬ ਭੇਡਾਂ ਬਕਰੀਆਂ ਦੀ ਤਰ੍ਹਾਂ ਬਿਨਾਂ ਰਸੀ ਤੋਂ ਅਪਣੇ ਅਗੇ ਪਿਛੋਂ ਘੂਰ ਘਾਰ ਕੇ ਪ੍ਰਦਖਨਾ ਕਰਾਂਦੇ ਤੇ ਆਪ ਬੈਠਣਾ ਹੋਵੇ ਤਦ ਕਿਸੀ ਇਕ ਪਾਸੇ ਬਠਾ ਦੇਂਦੇ ਹਨ, ਨਹੀਂ ਤਾਂ ਨਾਲ ਲੈਕੇ ਡੇਰੇ ਚ ਜਾਂਦੇ ਹਨ। ਪ੍ਰਕਾਸ਼ ਵਾਕ ਪਿਛੋਂ ਰਾਗੀ ਸਿੰਘ ਅਨੰਦ ਕੀਰਤਨਦਾ ਭੋਗ ਪਾਂਦੇਹਨ,ਅਰਦਾਸਾ ਹੋਕੇ 'ਗਜਗਾਹ' ਦੇ ਦਰ ਤੇ ਮਹਾਰਾਜ ਦਾ ਵਾਕ ਸੁਣਨ ਪਿਛੋਂ ਮਹਾਰਾਜ ਦੀਆਂ ਤਸਵੀ ਦਰਸਨ ਕਰਨ ਤੇ ਦੇਗ ਹਾਜ਼ਰ ਹੋਂਦੀ ਹੈ ਭੇਟ ਕਰਕੇ ਪ ਸਿੰਘ ਜੀ ਜੇ ਕੋਈ ਸਾਧਾਰਨ ਯਾ ਸਪਤਾਹਕ ਪਾਠ ਆਦਿਕ

ਹੋਵੇ ਤਦ ਠਹਿਰਦੇ ਹਨ ਨਹੀਂ ਤਾਂ ਅੰਦਰਲੇ ਦਰਵਾਜੇ ਲਾਕੇ ਹੁਣ ਅਠ ਵਜਦੇ ਹੀ ਚਲੇ ਜਾਂਦੇ ਹਨ, ਪਰੰਤੂ ਪਾਠ ਲਈ ਅਰਦਾਸਾ ਸੋਧਕੇ ਪਾਠ ਅਰੰਭ ਹੋਣ ਪਿਛੋਂ ਜਾਂਦੇ ਹਨ ਇਸ ਨੂੰ ਅਨੰਦ ਦੀ ਚੌਂਕੀ ਦਾ ਦੀਵਾਨ ਆਖਦੇ ਹਨ। ਇਸ ਵੇਲੇ ਅੱਠ ਵਜਦੇ ਹਨ।

ਗਿਆਨੀ ਸਿੰਘ ਜੀ ਆਰੰਭ ਕੀਤੀ ਹੋਈ ਨਿਸ਼ਾਨੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਇਕ ਘੰਟੇ ਲਈ ਆਰੰਭ ਕਰਦੇ ਹਨ। ਸੰਗਤ ਬੈਠਕੇ ਸੁਨਦੀ ਹੈ ਤੇ ਗ੍ਰੰਥੀ ਸਿੰਘ ਪੜ੍ਹਦੇ ਹਨ। ਐਨ ਨੌਂ ਵਜਦੇ ਹੀ ਇਸ ਕਥਾ ਦੀ ਸਮਾਪਤੀ ਹੋਂਦੀ ਹੈ, ਹਰ ਸਾਲ ਕਤਕ ਪੂਰਨਮਾਸ਼ੀ ਤੇ ਇਸ ਆਰੰਭ ਕੀਤੀ ਕਥਾ ਦਾ ਭੋਗ ਪਾਇਆ ਜਾਂਦਾ ਹੈ, ਜੇ ਕਦੀ ਅਖੰਡ ਪਾਠ ਰਖਨਾ ਹੋਵੇ ਤਦ ਨੌਂ ਵਜਨ ਤੋਂ ਬਾਦ ਰਖਿਆ ਜਾਂਦਾ ਹੈ ਨਹੀਂ ਤਾਂ ਨੌਂ ਵਜਦੇ ਹੀ ਹੋਰ ਸਭ ਚਲੇ ਜਾਂਦੇ ਹਨ ਪਹਿਰੇਦਾਰ ਤੇ ਕੋਈ ਪਰੇਮੀ ਦਰਸ਼ਨੀ ਯਾ ਪਾਠੀ ਬੈਠਾ ਰਹਿ ਜਾਂਦਾ ਹੈ, ਯਾ ਰਾਜ ਮਜ਼ੂਰ ਮਿਸਤਰੀ ਆਦਿ ਕਾਰੀਗਰ ਭੀ ਆ ਪੁਜਦੇ ਹਨ, ਜੋ ਸ਼ਾਮ ਦੇ ਚਾਰ ਪੰਜ ਦੇ ਦਰਮਿਆਨ ਤਕ ਸੁਪੈਦੀ, ਸੁਨੈਹਰੀ ਤੇ ਰੰਗ ਆਦਿ ਦੀ ਸੇਵਾ ਕਰਦੇ ਕਰਾਂਦੇ ਹਨ। ਦਸ ਵਜਨ ਪਿਛੋਂ 'ਚਰਨ ਕਮਲ ਦੀ ਚੌਂਕੀ' ਵਾਲੇ ਰਾਗੀ ਸਿੰਘ ਜੀ ਹਾਜ਼ਰ ਹੋਕੇ ਕੀਰਤਨ ਅਰੰਭ ਕਰ ਦੇਂਦੇ ਹਨ ਤੇ ਜਿਸ ਕਿਸੀ ਨੇ ਅੰਮ੍ਰਤ ਛਕਨਾ ਹੋਂਦਾ ਹੈ ਓਸ ਲਈ ਭੀ ਇਸੀ ਵੇਲੇ ਇਕ ਇਕ ਕਰਕੇ ਪੰਜ ਸਿੰਘ ਬਾਣੀ ਦਾ ਪਾਠ ਕਰਦੇ ਹਨ ਤੇ ਅਰਦਾਸਾ ਸੋਧਕੇ ਅੰਮ੍ਰਿਤਛਕਾ ਦਿੰਦੇ ਹਨ, ਜੇ ਕੋਈ ਗੁਰਮਤਾ ਯਾ ਕਿਸੀਤਰਾਂ ਦਾ ਵੀਚਾਰ ਕਰਨਾ ਹੋਵੇ ਦੀਵਾਨ ਵਿਚ ਤਦ ਇਸੀ ਵੇਲੇ ਪੇਸ਼ ਹੋਕੇ ਫੈਸਲਾ ਕੀਤਾ ਜਾਂਦਾ।

ਇਸ ਵੇਲੇ ਹਸਬ ਮਾਮੂਲ ਰੋਜ਼ਾਨਾ ਬਾਲ ਲੰਗਰ ਪ੍ਰਸਾਦਿ ੧੨ ਹੋ ਸਮਾਪਤੀ ਪਰ ਅਰਦਾਸਾ ਹੋਕੇ ਭੇਟ ਹੋਂਦਾ ਤੇ ਸਵਾਣ ਹੈ। ਜੇ ਕਿਸੇ ਵਲੋਂ ਲੰਗਰ ਟਿਕੀ ਪ੍ਰਸਾਦਿ ਆਦਿ ਭੇਟਾ ਮੰਨਾ ਹੋਵੇ ਉਹ ਭੀ ਇਸੀ ਵੇਲੇ ਵਰਤਦਾ ਹੈ, ਜਿਸਨੂੰ ਖੰਡਾ ਪਰੇਹਿ ਸਿਰੋ ਪਾਉ ਆਦਿ ਮਿਲਨਾ ਹੋਵੇ ਬਹੁਤ ਕਰਕੇ

ਅਕਸਰ ਇਸੀ ਵੇਲੇ ਦੇਂਦੇ ਹਨ, ਇਸ ਵਕਤ ਸੁਵੇਰ ਨਾਲੋ ਵਧੀਕ ਦੀਦਾਰ ਤੇ ਰੌਲਾ-ਗੌਲਾ ਹੋਂਦਾ ਹੈ ਇਸ ਦੀਵਾਨ ਦੇ ਅੰਤ ਪਰ ਲੰਗਰ ਪ੍ਰਸਾਦਿ ਲੰਗਰ ਵਿਚ ਵਰਤਦਾ ਹੈ ਤੇ ਦਸਮ ਗ੍ਰੰਥ ਸਾਹਿਬ ਜੀ ਦੀ ਆਰੰਭੀ ਹੋਈ ਕਥਾ ਹਜ਼ੂਰ ਵਿਚ ਇਕ ਘੰਟੇ ਲਈ ਗ੍ਰੰਥੀ ਸਿੰਘ ਅਕਾਲੀ ਹਜ਼ੂਰਾ ਸਿਘ ਜੀ ਨਿਹੰਗ (ਹੈਡ ਗ੍ਰੰਥੀ) ਜੀ ਕਰਦੇ ਹਨ, ਇਸ ਦਾ ਭੋਗ ਹਰ ਸਾਲ ਪੋਹ ਸੁਦੀ ਸਤਮੀਂ ਤੇ ਪੈਂਦਾ ਹੈ, ਕਥਾ ਦੀ ਸਮਾਪਤੀ ਪਰ 'ਚਰਨ ਕਮਲ ਦੀ ਚੌਂਕੀ' ਦੇ ਦੀਵਾਨ ਦੀ ਸਮਾਪਤੀ ਸਮਝੀ ਜਾਂਦੀ ਹੈ ਜੋ ਆਮ ਤੌਰ ੧੨ ਵਜੇ ਤਕ ਨਹੀਂ ਤਾਂ ੨ ਵਜੇ ਭੀ ਕਦੀ ਕਦੀ ਹੋਂਦੀ ਹੈ ਤੇ ਇਸ ਵੇਲੇ ਰੋਸ਼ਨ ਚੌਂਕੀ ਤੇ ਨੌਬਤ ਖਾਨੇ ਵਾਲੇ ਇਕ ਘੰਟਾ ਨੌਬਤ ਖਾਨੇ ਪਰ ਝਜੰਤ੍ਰ ਬਜਾਂਦੇ ਹਨ।

ਹੁਣ ਤਖਤ ਸ਼ਨਾਨੀਆ ਸਿੰਘ ਬਾਹਰਲੀ ਪ੍ਰਕਰਮਾ ਤੇ ਤਖਤ ਦਾ ਅਸ਼ਨਾਨ ਕਰਾਂਦਾ ਹੈ ਤੇ ਸੰਗਤਾਂ ਲੰਗਰੋਂ ਪ੍ਰਸ਼ਾਦ ਛਕਕੇ ਆਪਣੇ ੨ ਨਿਯਤ ਥਾਂਵਾਂ ਤੇ ਜਾ ਬਿਰਾਜ ਦੀਆਂ ਹਨ।

ਐਨ ਤਿੰਨ ਵਜੇ ਤੀਜੀ ਵੇਰ ਦੇਗ ਦੀ ਭੇਟ ਹੋਂਦੀ ਹੈ ਤੇ ਨਗਾਰੇ ਯਾ ਧੌਂਸੇ ਨੂੰ ਚੋਟ ਲਗਾਦੇ ਹੀ ਜਿਸ ਉਤਸ਼ਾਹ ਤੇ ਹਿੰਮਤ ਹੌਂਸਲੇ ਨਾਲ ਫੌਜਾਂ ਬਾਟੇ ਗੜਵੇ ਲੈਕੇ ਪੁਜਦੀਆਂ ਹਨ ਉਸ ਦਾ ਅੰਦਾਜ਼ਾ ਦੇਖਕੇ ਹੀ ਲਗ ਸਕਦਾ ਹੈ?

ਰੁਤ ਦੇ ਹੇਰ ਫੇਰ ਨਾਲ ਪੰਜ ਤੋਂ ਲੈਕੇ ਛੇ ਵਜੇ ਤਕ ਸ਼ਾਮ ਨੂੰ 'ਸੋਦਰ' ਦੇ ਕੀਰਤਨ ਦਾ ਅਰੰਭ ਹੋਕੇ ਦਰਵਾਜ਼ੇ ਖੁਲ੍ਹ ਜਾਂਦੇ ਹਨ ਤੇ ਰਹਿਰਾਸ ਦੇ ਸ਼ੁਰੂ ਵਿਚ ਅਨੰਦ ਅਰਦਾਸ ਹੋ ਕੇ ਕਾ... ਦਾ ਭੋਗ ਪੈ ਕੇ ਰਹਿਰਾਸ ਦਾ ਆਰੰਭ ਹੋਂਦਾ ਹੈ ਅਤੇ ਰਹਿਰਾਸ ਪਾਠ ਦੀ ਸਮਾਪਤੀ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜੇ ਹੀ ਸੁਖਾਸਨ ਹੋਂਦੇ ਤੇ ਧੂਪਯਾ ਕੜਾਹ ਪ੍ਰਸ਼ਾਦਿ ਜਾਂਦਾ ਹੈ, ਇਸ ਵੇਲੇ ਭੀ ਸੰਗਤਾਂ ਦੀ ਭੀੜ ਕਰਕੇ ਕਦੀ ਬੁਲ੍ਹਾ ਹੋ ਜਾਂਦਾ ਹੈ।

ਰਹਿਰਾਸ ਜੀ ਦੀ ਅਰਦਾਸ ਪਰ ਸੰਖ, ਧੌਂਸੇ, ਨਗਾਰੇ ਵਜਦੇ ਹਨ ਅਤੇ "ਗਜਗਾਹ" ਦੇ ਦੀਦਾਰੇ ਹੋਂਦੇ ਹਨ, ਚਾਰੋਂ ਸ੍ਰੀ ਗੁਰੂ ਗ੍ਰੰਥ ਸਾਹਿਬਾਂ ਦੀਆਂ ਸਵਾਰੀਆਂ "ਪ੍ਰਦਖਨਾਕੇ ਫੇਰ" ਦੁਆਰਾ ਪਿਛਲੇ ਦਰਵਾਜ਼ੇ ਤੋਂ ਅੰਦਰ ਜਾਂਦੀਆਂ ਹਨ, ਇਸ ਵੇਲੇ ਭੀ ਸ਼ਬਦ ਦੀ ਘਨਘੋਰ ਤੇ ਪ੍ਰੇਮੀ ਖਾਸ ਦੀਦਾਰਿਆਂ ਦਾ ਅਨੰਦ ਮਾਣਦੇ ਹਨ। ਸਵੱਯਾ ਸ਼ਬਦਾਂ ਦੇ ਉਚਾਰ ਨਾਲ ਅੰਦਰ ਤਖਤ ਸਾਹਿਬ ਦੇ ਸਾਹਮਣੇ ਸਮਗਰ ਸ੍ਰੀ ਗੁਰੂ ਗ੍ਰੰਥ ਸਾਹਿਬਾਂ ਦੀ ਮੁਸ਼ਕ-ਕਾਫੂਰ ਦੁਆਰੇ ਆਰਤੀ ਕੀਤੀ ਜਾਂਦੀ ਹੈ ਜਿਸਦੀ ਸਮਾਪਤੀ ਪਰ "ਗਜਗਾਹ" ਟਿਕਾ ਕੇ ਫੇਰ ਬਾਹਰ ਦੇ ਤਖਤ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ "ਗਗਨ ਮੈ ਥਾਲ" ਆਦਿ ਆਰਤੀ ਦੇ ਸ਼ਬਦਾਂ ਦਾ ਉਚਾਰ ਹੋਣਾ ਪ੍ਰੰਪ੍ਰਾ ਤੋਂ ਮ੍ਰਿਯਾਦਾ ਹੈ ਪ੍ਰੰਤੂ ਥਾਲ ਸਜਾ-ਜਗਾ ਕੇ ਕਰਨ ਦੀ ਰਹੁਰੀਤ ਰਾਓ ਹਨਵੰਤ ਪ੍ਰਸਾਦਿ ਜੀ ਤੇ ਰਾਜਾ ਨਾਨਕ ਚੰਦ ਜੀ ਦੇ ਵੇਲੇ ਤੋਂ ਜਾਰੀ ਹੋਈ ਦਸੀਦੀ ਹੈ, ਆਰਤੀਦੇ ਭੋਗ ਪੈਣ ਤੋਂ ਪਹਿਲੇ ਚੰਦਨ ਆਦਿ ਵਰਤਾਣੇ ਪਰ ਅਰਦਾਸ ਹੋਕੇ ਸਾਰੇ ਕਵਾੜ ਬੰਦ ਕਰਕੇ ਪੁਸ਼ਪ ਵਰਤਾਂਦੇ ੨ ਪੁਜਾਰੀ ਸਿੰਘ ਜੀ ਡੇਰੇ ਜਾਂਦੇ ਹਨ, ਇਸ ਵੇਲੇ ਰਾਤ ਦੇ ਐਨ ਅਠ ਵਜ ਜਾਂਦੇ ਹਨ ਅਤੇ ਸੰਗਤਾਂ ਤੇ ਕੁਛ ਨੇਮੀਂ ਪ੍ਰੇਮੀ ਪ੍ਰਕਰਮਾਂ ਚੌਂਕੀ ਲਈ ਨਿਸ਼ਾਨ ਸਾਹਿਬ ਦੀ ਭਾਂਤੇ ਕਮਰ ਕਸੇ ਕਰਕੇ ਨੌਂ ਵਜੇ ਭੋਗ ਪਾਂਦੇ ਹਨ, ਤਦ ਅਰਦਾਸ ਪਿਛੋਂ ਮਹਾਰਾਜ ਜੀ ਦੇ ਤਖਤ ਦੇ ਸਾਹਮਣੇ ਪ੍ਰਕਰਮਾਂ ਵਿਚ ਜੋ ਅਖੀਰ "ਵਾਹੁ ਵਾਹੁ ਗੁਰ ਗੋਬਿੰਦ ਸਿੰਘ ਜੀ" ਦੀ ਟੇਰ (ਪੁਕਾਰ) ਹੋਂਦੀ ਹੈ। ਇਸਦਾ ਅਕੈਹ ਰਸ ਸੁਣਨ ਵਾਲੇ ਹੀ ਅਨੁਭਵ ਕਰ ਸਕਦੇ ਹਨ ਕਿਉਂਕਿ ਇਹ ਕਥਨ ਤੋਂ ਬਾਹਰ ਹੈ। ਇਥੇ ਹੀ ਬੈਠ ਕੇ ਕੁਛ ਕ੍ਰਿਬਤ, ਸਵਯੇ, ਭਗਤੀ ਤੇ ਵੀਰ ਰਸ ਦੇ ਬਹੁਤੇ ਪ੍ਰੇਮੀ ਉਚਾਰਨ [illegible]ਦੇ ਹਨ। ਪ੍ਰਤੀਤ ਹੋਂਦਾ ਹੈਕਿ ਗੁਰੂਕੇ ਹਜੂਰ ਇਹ ਕਵੀ ਦਰਬਾਰ ੧੨੫ ਜ਼ਾਰਾ ਪੇਸ਼ ਕੀਤਾ ਜਾਂਦਾ ਹੈ।

ਸਵ[illegible] ਰਾਤ ਦੇ ਨੌਂ ਵਜੇ ਤੋਂ ਹੀ ਰਾਗੀ ਸਿੰਘ ਜੀ ਆਕੇ ਬਿਲਾਵਲ ਮੰਨ[illegible] ਕੀਦਾ ਅਰੰਭ ਕਰਦੇਹਨ ਜੋ ਦਰਅਸਲ 'ਸੋਹਲੇ' ਦਾ ਦਾਵਾਨ ਪਰੇਰਿ[illegible]

ਹੋਂਦਾ ਹੈ।ਇਸਦੇ ਭੋਗ ਪਰ ਪੁਜਾਰੀ ਸਿੰਘ ਜੀ ਕੀਰਤਨ ਸੋਹਿਲੇ ਦਾ ਪਾਠ ਅਰਦਾਸ ਕਰਕੇ ਪੰਜਵੀਂ ਸਵਾਰੀ ਸ੍ਰੀ **ਗੁਰੂ ਗ੍ਰੰਥ ਸਾਹਿਬ ਜੀ ਦੀ** ਸਾਹਮਣੇ ਦਰਵਾਜ਼ਿਓਂ ਅੰਦਰ ਬਿਰਾਜਮਾਨ ਕਰਦੇ ਹਨ ਅਤੇ ਸਮਾਪਤੀ ਦੀ ਅਰਦਾਸ ਕਰਕੇ ਕਵਾੜ ਬੰਦ ਬਾਦ ਤਾਲੇ ਲਾਕੇ ਅਪਣੇ ਡੇਰੇ ਜਾ ਬਿਰਾਜਦੇ ਹਨ ਤੇ ਸੰਗਤਾਂ, ਪ੍ਰੇਮੀ ਸ਼ਰਧਾਲੂ ਭੀ ਕੁਛ ਡੇਰਿਆਂ ਨੂੰ ਚਲੇ ਜਾਂਦੇ ਹਨ ਕੁਛ ਪ੍ਰਕਰਮਾਂ ਵਿਚ ਹੀ ਬਿਰਾਜਦੇ ਯਾ "ਹਰਿਗੁਨ ਗਾਵਹਿਗੇ"ਦੇਅਕਰਾਰਨੂੰ ਪੂਰਾ ਕਰਦਿਆਂ ਪ੍ਰਕਰਮਾਂਦੀਸੇਵਾ, ਸਫਾਈਤੇ ਜਾਗਰਨ ਕਰਕੇ ਰੈਨਬਤੀਤ ਕਰਦੇ ਹਨ ਪਹਿਰੇ ਵਾਲੇ ਦਰਵਾਜੇ, ਬਾਹਰਲੇ ਪ੍ਰਕਰਮਾਂ ਤੋਂ ਲਾਕੇ ਅੰਦਰ ਪਹਿਰੇ ਤੇ ਸਵਾਧਾਨ ਰਹਿੰਦੇ ਹਨ ਤੇ ਕਿਸੀ ੨ ਵੇਲੇ ਬਾਹਰ ਭੀ ਦੇਖ ਭਾਲ ਪ੍ਰਕਰਮਾਂ ਵਲ ਰਖਦੇ ਹਨ।

## ਹਜ਼ੂਰ ਸਾਹਿਬ ਜੀਦੀ ਨਿਤਕ੍ਰਿਤ ਪਰ ਵਿਚਾਰ

ਉਪਰ ਲਿਖੀ ਨਿਤ ਕ੍ਰਿਤ ਉਤੇ ਭਾਵੇਂ ਮੇਰੇ ਅੰਦਰ ਅਸ਼ਰਧਾ ਨਹੀਂ ਹੈ ਤੇ ਨਾਹੀਂ ਕਿਸੀ ਨੂੰ ਸ਼ਰਧਾ ਹੀਨ ਹੋਣਾ ਚਾਹੀਦਾ ਹੈ, ਪਰੰਤੂ ਸਿਖ ਧਰਮ ਤੇ ਖਾਲਸਾ ਪੰਥ ਦੀ ਸ਼ਾਨ ਸਾਹਮਣੇ ਰਖਕੇ ਇਸ ਸਬੰਧੀ ਕੁਝ ਇਕ ਵੀਚਾਰ—ਸੁਧਾਰ ਲਈ ਪ੍ਰਗਟ ਕਰਨੇ ਜ਼ਰੂਰੀ ਪ੍ਰਤੀਤ ਹੋਂਦੇ ਹਨ ਜੈਸਾ ਕਿ:—

# ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਦੀਵਾਨ

ਜਿਸਤਰਾਂ ਦੋ ਵਜੇ ਤੋਂ ਕੁਛ ਇਕ ਪਰੇਮੀ ਤੇ ਚੰਦ ਹਜ਼ੂਰੀ ਸੇਵਾਦਾਰ ਤਿਆਰ ਬਰ ਤਿਆਰ ਹੋਕੇ 'ਭਲਕੇ ਉਠਿ ਹਰਿ ਨਾਮ ਧਿਆਵੈ ॥' ਯਾ 'ਉਦਮ ਕਰੇ ਭਲਕੇ ਪ੍ਰਭਾਤੀ ਇਸ਼ਨਾਨੁ ਕਰੈ ਅੰਮ੍ਰਿਤਸਰਿ ਨਾਵੈ ॥' ਯਾ 'ਸਾਧ ਸੰਗਤ ਵਿਚ ਜਾਇਕੈ ਗੁਰਬਾਨੀ ਦੇ ਪ੍ਰੀਤ ਸੁਣੰਦਾ ॥' ਆਦਿ ਹੁਕਮਾਂ ਦੀ ਪਾਲਨਾ ਕਰਦੇ ਹਨ ਇਸੇ ਤਰਾਂ ਹਜ਼ੂਰ ਸਾਹਿਬ ਜੀ ਦੇ ਹਰ ਇਕ ਸੇਵਾ-ਦਾਰ (ਮੁਲਾਜ਼ਮ) ਪ੍ਰੇਮੀ (ਨਗਰ ਨਿਵਾਸੀ) ਤੇ ਯਾਤ੍ਰੂ (ਬਾਹਰੋਂ ਆਏ ਹੋਏ ਦਰਸ਼ਨਾਂ ਲਈ) ਸਜਨ ਸਤਿਸੰਗੀ ਨੂੰ ਭੀ ਨੇਮ ਨਾਲ ਤਿਆਰ ਬਰ ਤਿਆਰ ਹੋਕੇ ਤਿੰਨ ਵਜੇ ਤਖ਼ਤ ਸਾਹਿਬ ਜੀ ਤੇ ਗੁਰੂ ਜੀ ਦੀ ਹਾਜ਼ਰੀ ਜ਼ਰੂਰ ਭਰਨੀ ਚਾਹੀਏ ਅਤੇ ਦੀਵਾਨ ਦੀ ਸਮਾਪਤੀ ਤਕ ਜਿਉਂ ੨ ਕਿਸੀ ਖਾਸ ਹੋਰ ਜ਼ਰੂਰੀ ਕੰਮ ਤੇ ਸੇਵਾ ਦਾ ਸਮਾਂ ਆਂਵਦਾ ਜਾਏ, ਉਸ ਵੇਲੇ ਦੀਵਾਨ ਵਿਚੋਂ ਉਠਕੇ ਉਸ ਜ਼ਰੂਰੀ ਕਾਰਜ ਨੂੰ ਭੀ ਕਰਨਾ ਚਾਹੀਏ, ਇਸਤਰਾਂ ਦੀ ਪਾਬੰਦੀ ਤੇ ਪ੍ਰਬੰਧ ਕਰਕੇ ਜਿਥੇ ਹਰ ਇਕ ਮਨੁਸ਼ ਲਾਭ ਦਾ [illegible]ਾਗੀ ਹੋਵੇਗਾ ਉਥੇ ਅੰਮ੍ਰਿਤ ਵੇਲੇ ਦੇ ਦੀਵਾਨ ਦਾ ਨਜ਼ਾਰਾ ਤੇ [illegible]ਤਾ ਭੀ ਅਕਥਨੀਯ ਹੋਣ ਕਰਕੇ ਹਜ਼ੂਰੀ ਸਿੰਘਾਂ ਤੇ ਪ੍ਰਬੰਧਕਾਂ ਦੇ [illegible]ਧ ਯਾ ਪਰੇਮ ਦੀ ਹਰ ਥਾਂ ਸ਼ਲਾਘਾ ਤੇ ਵਡਿਆਈ [illegible]ਗੀ।

ਸ[illegible]

ਮੰਨ[illegible]

ਪਰੇਹਿ[illegible]

## ਕੜਾਹ ਪ੍ਰਸ਼ਾਦਿ ਤੇ ਕੜਾਹੀਆ ਸਿੰਘ

ਆਸਾ ਜੀ ਦੀ ਵਾਰ ਦਾ ਭੋਗ ਪੈਣ ਤੋਂ ਪਹਿਲੇ ਜਿਸ-ਤਰਾਂ ਹੁਣ ਮਲੀਨ-ਗਲੀਨ ਕਪੜਿਆਂ ਵਿਚ ਆਕੇ ਕੜਾਹੀਆ ਸਿੰਘ ਕੜਾਹੀ ਧਰ ਜਾਂਦਾ ਹੈ ਓਹੁ ਸੋਭਦਾ ਨਹੀਂ, ਪਰ ਯੋਗ ਹੈ ਕਿ ਇਹ ਐਨ ਸਾਫ ਸੁਥਰੇ ਬਸਤ੍ਰ ਸ਼ਸਤ੍ਰਾਂ ਨਾਲ ਸੁਸਜਤ ਹੋਕੇ ਆਸਾ ਜੀ ਦੀ ਵਾਰ ਦੇ ਭੋਗ ਪਠ ਕੜਾਹ (ਪੰਚਾਮਿਰਤ) ਪ੍ਰਸਾਦਿ ਦਾ ਥਾਲ ਚੰਗੇ ਸਾਫ ਰਮਾਲ ਨਾਲ ਸਜਾਕੇ, ਸੁੰਦਰ ਸਜੀ ਹੋਈ ਚਾਂਦੀ ਦੀ ਚੌਂਕੀ ਪਰ ਆਕੇ ਟਿਕਾਯਾ ਕਰੇ, ਅਤੇ ਅਰਦਾਸ ਹੋਕੇ ਵਰਤਣ ਤਕ ਇਸਦੀ ਤਾਬਿਆ ਹਾਜ਼ਰ ਰਹਿਕੇ ਵਰਤਨ ਪਰ, ਥਾਲ ਚੌਂਕੀ ਸੰਭਾਲਕੇ ਜਾਇਆ ਕਰੇ।

## ਭੋਗ ਲਾਉਣਾ

ਕੜਾਹ ਪ੍ਰਸਾਦਿ, ਲੰਗਰ ਪ੍ਰਸਾਦਿ ਤੇ ਦੇਗ ਦੇ ਭੋਗ ਲਵਾ-ਵਨ ਸਬੰਧੀ ਵੀਚਾਰ ਇਹ ਹੈ ਕਿ 'ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਇ॥ ਕਰੀ ਪਾਕ ਸਾਲ ਸੋਚ ਪਵਿਤ੍ਰਾ ਲਾਵਹੁ ਭੋਗ ਹਰਿ ਰਾਇ॥' ਗੁਰਵਾਕ ਅਨੁਸਾਰ ਭੋਜਨ ਆਦਿ ਪਦਾਰਥ ਗੁਰੂ ਅਕਾਲ ਪੁਰਖ ਦੇ ਪ੍ਰਤੱਖ ਅਰਪਨ ਕਰਨ ਦੀ ਪ੍ਰਾਰਥਨਾ ਦੁਆਰੇ ਕੋਸ਼ਸ਼ ਕਰਨੀ ਤਾਂ ਅਯੋਗ ਨਹੀਂ ਪ੍ਰਤੀ ਹੋਂਦੀ, ਪਰੰਤੂ "ਕਰ ਪੰਜੀਰ ਖਵਾਇਓ ਚੋਰਿ। ਓਹੁ ਜ ਨਾ ਮਰੈ ਰੇ ਸਾਕਤ ਢੋਰ॥" ਦੇ ਭਾਵ ਅਨੁਸਾਰ ਜੋ ਕਵਾੜ ਨ ਤੇ ਪਰਦੇ ਸਜਾਨੇ, ਤੇ ਘੰਟੇ, ਨਗਾਰੇ, ਸੰਖ ਬਜਾਨੇ ਸ਼ਰਧਾ ਗੁਵਾਂਢੀ ਮਾਂ ਦੀ ਤਾਂ ਸ਼ੋਭਨੀਕਰੀਸੰ ਜ਼ਰੂਰ ਹੈ, ਪ੍ਰੰਤੂ ਗੁਰਮਤ ਅਟ

ਨਹੀਂ ਹੈ, ਇਸ ਲਈ ਮੁਖ ਅਧਿਕਾਰੀਆਂ ਤੇ ਪ੍ਰਬੰਧਕਾਂ ਨੂੰ ਇਸ ਮੌਜੂਦਾ ਵਰਤੋਂ ਦੇ ਸੁਧਾਰ ਵਲ ਛੇਤੀ ਤੋਂ ਛੇਤੀ ਧਿਆਨ ਦੇਣਾ ਚਾਹੀਏ ?

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੀਸ ਪਰ

ਕਦੀ ਕਦੀ ਵੇਖਣ ਵਿਚ ਆਂਵਦਾ ਹੈ ਕਿ ਕੋਈ ਕੋਈ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਨਾਂ ਸੀਸ ਪਰ ਸਜਾਏ ਦੇ ਐਵੇਂ ਹੀ ਹਥਾਂ ਗੋਡਿਆਂ ਤੇ ਮੋਂਢੇ ਆਦਿ ਤੇ ਧਰਕੇ ਇਕ ਦੂਜੇ ਨੂੰ ਦੇਂਦੇ ਯਾ ਇਕ ਦੂਜੇ ਥਾਂ ਰਖਦੇ ਹਨ ਜੋ ਨਿਹਾਇਤ ਬੇ ਅਦਬ ਤੇ ਮਿਰਯਾਦਾ ਹੀਨ ਤ੍ਰੀਕਾ ਹੈ। ਇਸ ਲਈ ਜਿਥੇ ਖੁਦ ਸੇਵਕ ਸਜਨਾਂ ਤੇ ਪੰਥ ਨੂੰ ਹਰ ਵੇਲੇ ਅੰਦਰ, ਬਾਹਰ, ਗੁਪਤ ਤੇ ਪ੍ਰਗਟ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਪੂਰਨ ਅਦਬ ਦਾ ਵਰਤਾਉ ਕਰਨਾ ਚਾਹੀਏ ਉਥੇ ਦੁਕਾਨਦਾਰਾਂ ਤੇ ਪ੍ਰੈਸ ਆਦਿਕ ਵਾਲਿਆਂ ਵਲ ਭੀ ਯੋਗ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਜੋ ਬੇਅਦਬੀਆਂ ਵਰਤਮਾਨ ਵਿਚ ਦਿਖਾਈ ਦੇਂਦੀਆਂ ਹਨ ਓਹ ਰੋਕੀਆਂ ਜਾਨ ਤੇ ਪੰਥ, ਗੁਰੂ ਜੀ ਦੀ ਪੂਰਨ ਕਿਰਪਾ ਦਾ ਪਾਤਰ ਸਾਬਤ ਹੋਵੇ ।

## ਚਵਰ ਢਾਲੀਏ ਸਿੰਘ ਤੇ ਸੇਵਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵੇਰੇ ਸਵਾਰੀ ਲੈਕੇ ਆਵਨ ਤੋਂ ਲੈਕੇ ਪ੍ਰਕਾਸ਼ ਹੋਣ ਤਕ ਯਾ ਸ਼ਾਮ ਵੇਲੇ ਸਵਾਰੀ ਲੈ ਸਵ... ਵੇਲੇ ਤੋਂ ਆਰਤੀ ਦੀ ਸਮਾਪਤੀ ਤਕ ਚੱਵਰ ਦੀ ਸੇਵਾ ਮੰਨ... ਨਿਹਾਇਤ ਲਾਜ਼ਮੀ ਹੈ ਪਰੰਤੂ ਏਹ ਸੇਵਾ ਕਿਸੀ ਦੇ ਪਰੇਹਿ...

ਜਿਮੇਂ ਨਾ ਹੋਣ ਕਰਕੇ ਕਦੀ ਕੋਈ, ਕਦੀ ਕੋਈ ਤੇ ਕਦੀ ਕੋਈ ਭੀ ਨਾ ਹੋਣ ਤੇ ਜਿਥੇ ਸੇਵਾ ਦੀ ਮਿਰਯਾਦਾ ਭੰਗ ਹੋਂਦੀ ਹੈ ਓਥੇ ਸੋਭਾ (ਰਿਸਪੈਕਟ) ਵਿਚ ਭੀ ਫਰਕ ਪੈਂਦਾ ਹੈ ਇਸ ਲਈ ਲੋੜ ਭੀ ਹੈ ਤੇ ਚੰਗੀ ਗਲ ਭੀ ਇਹ ਹੋਵੇਗੀ ਜੋ ਪੂਜਾਰੀ ਸਿੰਘ ਜੀ ਬਾਹਰਲੇ ਅਤੇ ਧੂਪੀਆ ਸਿੰਘ ਜੀ ਇਨ੍ਹਾਂ ਦੋਹਾਂ ਸਮਿਆਂ ਤੇ ਚਵਰ ਦੀ ਸੇਵਾ ਕੀਤਾ ਕਰਨ ਪ੍ਰੰਤੂ ਜੇ ਕਿਸੀ ਕਾਰਨ ਕਰਕੇ ਫਿਲਹਾਲ ਇਨ੍ਹਾਂ ਤੋਂ ਇਹ ਸੇਵਾ ਨਾ ਲਈ ਜਾਏ, ਤਦ ਹੋਰ ਦੋ ਸੇਵਾਦਾਰਾਂ ਨੂੰ ਇਸ ਸੇਵਾ ਲਈ ਵਰਤਾਰੇ ਯਾ ਅਲੌਂਸ ਅਦਿ ਦੇਕੇ ਇਸ ਸੇਵਾ ਦਾ ਪਕਾ ਪ੍ਰਬੰਧ ਕਰ ਲੈਣਾ ਚਾਹੀਏ, ਲੇਕਿਨ ਅਸੇ ਸੇਵਾਦਾਰਾਂ ਨੂੰ ਸਵਾ ਸਮੇਂ ਸਾਫ ਸੁਥਰੇ ਬਸਤ੍ਰਾਂ ਵਿਚ ਰਹਿਕੇ ਸਿਧੇ-ਸਜੇ ਹਥ ਨਾਲਚਵਰ ਦੀ ਸੇਵਾ ਕਰਨੀ ਚਾਹੀਏ।

## ਰੁਮਾਲ, ਚਾਦਰੇ, ਵਿਛਾਈ ਠਪਣ ਦੀ ਸੇਵਾ

ਜੋ ਅੰਦਰ ਦੇ ਬਸਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬਾਂ ਦੀ ਹਜ਼ੂਰੀ ਵਿਚ ਹੀ ਝਾੜੇ ਠਪੇ ਜਾਂਦੇ ਹਨ, ਉਨ੍ਹਾਂ ਦੀ ਸੇਵਾ ਬਜਾਏ ਉਥੋਂ ਦੇ ਕਿਸੀ ਹੋਰ ਯੋਗ ਥਾਂ ਯਾ ਉਪਰਲੀ ਛਤੇ ਹੋਣੀ ਚਾਹੀਏ, ਕਿਉਂਕਿ ਇਹ ਤ੍ਰੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਤੋਂ ਖਿਲਾਫ ਹੈ।

## ਯਾਤ੍ਰੀਆਂ ਦੀ ਸੋਧ ਤੇ ਗ੍ਰੰਥੀ ਸਿੰਘ

ਜਦ ਕਿਸੀ ਹਾਜ਼ਰ ਯਾਤਰੂ ਦੀ ਸੋਧ (ਪੁਛ) ਕੀਤੀ ਜਾਂ ਹੈ ਤਦ ਅਕਸਰ ਰੌਲਾ ਤੇ ਦੂਰ ਫਾਸਲਾ ਹੋਣ ਕਰਕੇ ਨਾ ਪੁਜ ਸਿੰਘ ਜੀ ਕਿਸੀ ਦੀ ਚੰਗੀ ਤਰ੍ਹਾਂ ਸੁਣ ਸਕਦੇ ਹਨ ਤੇ ਨਾ ਕੋਈ ਉਨ੍ਹਾਂ ਦੀ! ਕਿਆ ਚੰਗਾ ਹੋਵੇ ਕਿ ਐਸੇ ਸਮੇਂ ਤੇ ਗ੍ਰੰਥੀ ਸਿ੍ਾਂ

ਜੋ ਪੁਛ ਕਰਕੇ ਪੁਜਾਰੀ ਜੀ ਤੇ ਸੰਗਤ ਤੋਂ ਫੈਸਲਾ ਲੈਣ, ਤੇ ਸੁਣਾਉਣ ਦੀ ਸੇਵਾ ਨਿਭਾਇਆ ਕਰਨ ਤੇ ਇਸ ਸਮੇਂ ਦਰਬਾਰ ਵਿਚ ਹਰ ਪਾਸੇ ਚੁਪ ਵਰਤੀ ਰਹਿਣੀ ਚਾਹੀਏ ਤੇ ਸਾਰੇ ਹੀ ਦੀਵਾਨ ਵਿਚ ਸਜੇ ਸਜਣਾਂ ਦੀ ਸੁਰਤ "ਮੇਲਿ ਲੇਹੁ ਦਇਆਲ" ਦੀ ਪ੍ਰਾਰਥਨਾਂ ਵਿਚ ਜੁੜੀ ਹੋਈ ਹੋਵੇ ਐਸੀ ਪ੍ਰਪਾਟੀ ਹੋਣੀ ਚਾਹੀਏ।

## ਰੁਮਾਲ ਬਸਤ੍ਰ ਆਦਿ ਤੇ ਮੋਹਰ

ਜਿਨ੍ਹਾਂ ਰੁਮਾਲ ਆਦਿ ਬਸਤਰਾਂ ਤੇ ਨਿਸ਼ਾਨ ਨੰਬਰ ਲਿਖੇ ਜਾਂਦੇ ਹਨ ਓਹਨਾਂ ਲਈ ਖਾਸ ਤੌਰ ਪਰ ਐਸਾ ਪ੍ਰਬੰਧ ਹੋਵੇ ਜੋ ਓਹ ਦਰੁਸਤ ਬਣੇ ਰਹਿਣ ਵਾਲੀ ਸ਼ਕਲਾਂ ਵਿਚ ਹੋਣ ਤੇ ਬਸਤ੍ਰ ਦਾ ਨਾਮ ਕਿਸਮ ਤੇ ਕੀਮਤ ਭੀ ਦਰਜ ਹੋਵੇ, ਚੰਗਾ ਹੋਵੇ ਕਿ ਹਥਾਂ ਨਾਲ ਲਿਖਣ ਦੀ ਬਜਾਏ ਇਕ ਮੋਹਰ ਦਫ਼ਤਰ ਤੇ ਇਕ ਗੁਰਦਵਾਰਾ ਸਾਹਿਬ ਵਲੋਂ ਵਰਤੀ ਜਾਏ, ਪੁਜਾਰੀ ਸਿੰਘ ਜੀ ਤੋਂ ਅੰਦਰੋਂ ਤੇ ਸੂਬਰਾਹ ਜੀ ਤੋਂ ਦਫ਼ਤਰੋਂ ਦੀਵਾਨ ਵਿਚ ਲੈਕੇ।

## ਵਣਜਾਰਾ ਸੁਧਾਰ

ਵਣਜਾਰੇ ਸਿਖਾਂ ਦੇ ਆਏ ਹਰ ਇਕ ਜਥੇ ਨੂੰ ਖਾਸ ਤੌਰ ਪਰ ਦਰਬਾਰ ਸਾਹਿਬ ਵਿਚ ਲੋੜੀਂਦੀ ਤੇ **ਜ਼ਰੂਰੀ ਸਿਖਿਆ** ...ਾਨ ਸਮਝਾਣ ਲਈ ਤੇ ਉਨ੍ਹਾਂ ਦੇ ਸੁਤੰਤ੍ਰਤਾ ਨਾਲ ਦੁਖ, ਸੁਖ, ਲੋੜਾਂ ਆਦਿ ਸਮਝਣ ਸੁਣਨ ਲਈ ਸੂਬਰਾਹ ਜੀ ਦੇ ਸਾਹਮਣੇ ਹੀ ...ਧ ਹੋਣਾ ਚਾਹੀਦਾ ਹੈ ਤੇ ਇਹ ਕੰਮ ਕਿਸੀ ਖਾਸ ਦਰਦ ਦਿਲ ...ਣ ਵਾਲੇ ਸਜਣ ਸੇਵਾਦਾਰ ਤੋਂ ਹਰ ਰੋਜ਼ ਲੀਤਾ ਜਾਇਆ ਕਰੇ।

ਵਿ
੧੮
ਸਵ
ਮੰਨ
ਪਰੇਹਿ

## ਕਥਾ ਦਾ ਅਦਬ ਤੇ ਦੀਵਾਨ

ਕਥਾ ਵੇਲੇ ਪੁਜਾਰੀ ਤੇ ਗ੍ਰੰਥੀ ਤੇ ਰਾਗੀ, ਸੁਖਈ, ਧੂਪੀਏ, ਆਰਤੀਏ, ਰਹਿਰਾਸੀਏ ਆਦਿਕ ਸਜਨਾਂ ਨੂੰ ਤੇ ਹੋਰ ਪੁਰੇ ਆਦਿ ਦੇ ਅਤੇ ਬਾਹਿਰੋਂ ਆਇਆਂ ਯਾਤ੍ਰੀਆਂ ਮਾਈਆਂ ਭਾਈਆਂ ਨੂੰ ਪ੍ਰੇਮ ਨਾਲ ਬੈਠ ਕੇ ਕਥਾ ਸੁਣਨੀ ਚਾਹੀਦੀ ਹੈ, ਕਿਉਂਕਿ ਮੁਖੀ ਅਧਿਕਾਰੀਆਂ ਨਿਕਟ ਵਰਤੀਆਂ ਦੇ ਚਲੇ ਜਾਣ ਕਰਕੇ ਆਮ ਸੰਗਤਾਂ ਭੀ ਟੁਰ ਪੈਂਦੀਆਂ ਹਨ। ਜੋ ਇਕ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਯਾ ਕਥਾ ਦੇ ਦੀਵਾਨ ਦੀ ਨਿਰਾਦਰੀ ਹੈ, ਇਸ ਲਈ ਸ੍ਰਬਰਾਹ ਸਾਹਿਬ ਜੀ ਨੂੰ ਭੀ ਖਾਸ ਤੌਰ ਪਰ, ਇਹ ਇਕ ਘੰਟਾ ਭੀ ਇਥੇ ਹੀ ਲਾਹ ਲੈਣ ਦੀ ਕੋਸ਼ਿਸ਼ ਕਰਨੀ ਚਾਹੀਏ ਪਰੰਤੂ ਜੇ ਮਜਬੂਰੀ-ਜ਼ਰੂਰੀ ਕਰਕੇ ਸ੍ਰਬਰਾਹ ਜੀ ਕਦੀ ਟੁਰ ਭੀ ਜਾਣ ਤਾਂ ਆਮ ਗੁਰਦਵਾਰੇ ਸਾਹਿਬ ਦੇ ਮੁਲਾਜ਼ਮਾਂ ਸ਼ਰਧਾਲੂਆਂ ਤੇ ਯਾਤਰੂਆਂ ਨੂੰ ਜ਼ਰੂਰ ਸਜੇ ਰਹਿਣਾ ਚਾਹੀਏ।

## ਅੰਮ੍ਰਿਤ ਪ੍ਰਚਾਰ ਦਾ ਸੰਖੇਪ ਤਰੀਕਾ

ਆਮ ਪੰਥ ਵਿਚ ਪ੍ਰਚਲਤ ਤੇ ਮੁਨਾਸਬ ਤਰੀਕਾ ਅੰਮ੍ਰਿਤ ਪ੍ਰਚਾਰ ਦਾ ਏਹੀ ਹੈ ਕਿ:-

"ਹਾਜ਼ਰ ਅੰਮ੍ਰਿਤ ਅਭਿਲਾਸ਼ੀ ਨੂੰ ਸੰਗਤ ਖਾਲਸੇ ਵਿਚੋਂ ਮੁਕੱਰਰ ਹੋਏ ਪੰਜ ਪਿਆਰੇ ਸੋਧ-ਸਮਝਾਕੇ ਅੰਮ੍ਰਿਤ ਤਿਆਰੀ ਦਾ ਅਰਦਾਸਾ ਕਰਨ ਅਤੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਗਿਰਦ ਬੀਰਾਸਨ ਬੈਠਕੇ ਆਪਣੇ ਹਥ ਬਾਟੇ ਉਤੇ, ਨਿਗਾਹ ਅੰ[illegible] ਵਿਚ, ਮੰਨ ਤੇ ਰਸਨਾਂ ਗੁਰੂਬਾਣੀ (ਜਪੁ, ਜਾਪੁ, ਸਵਯੇ ੧੦ ਚੌ[illegible] ਅਨੰਦ) ਦੇ ਪਾਠ ਅਦਰ ਜੋੜਕੇ ਤਿਆਰ ਹੋਏ ਅੰਮ੍ਰਿਤ ਅਰਦਾਸਾ ਕਰਕੇ ਅਧਿਕਾਰੀ ਸਜਣ ਨੂੰ ਮੂਲ ਮੰਤ੍ਰ ਪੜ੍ਹ[illegible]

ਛਕਾਉਣ ਤੇ ਸੀਸ, ਨੇਤ੍ਰਾਂ 'ਚ ਪਾਕੇ ਮੁੜ ਰਹਿਤ ਆਦਿਕ ਦੋਹਰਾਵਨ ਪਰ ਕੜਾਹ ਪ੍ਰਸਾਦ ਆਦਿ ਸਬੰਧੀ ਆਨੰਦ ਅਰਦਾਸ ਹੋਕੇ ਪੰਚਾਮ੍ਰਿਤ ਵਰਤਾਇਆ ਛਕਾਇਆ ਜਾਵੇ। ਪਰੰਤੂ ਇਥੇ ਐਸਾ ਨਹੀਂ ਹੋਂਦਾ। ਜਿਸਦਾ ਅਸਰ ਪੰਥ ਤੇ ਬਹੁਤ ਬੁਰਾ ਪੈਕੇ ਆਮਦਨ ਵਿਚ ਭੀ ਨੁਕਸਾਨ ਪੌਂਹਚਾ ਰਿਹਾ ਹੈ। ਇਸ ਲਈ ਇਸਦੇ ਮੁਤੱਲਕ ਧਾਰਮਕ ਅਤੇ ਪ੍ਰਬੰਧਕ ਮੁਖ ਅਧਿਕਾਰੀਆਂ ਨੂੰ ਖਾਸ ਤਵਜੋਂ ਦੇਕੇ ਮਿਰਯਾਦਾ ਇਕ ਪਕੀ ਕਰਨੀ ਚਾਹੀਏ।

## ਗੁਰਮਤੇ ਤੇ ਰਜਿਸਟਰ

ਜੋ ਜੋ ਗੁਰਮਤੇ ਯਾ ਵੀਚਾਰ ਤੇ ਫ਼ੈਸਲੇ ਦੀਵਾਨ ਵਿਚ ਹੋਇਆ ਕਰਨ ਓਹ ਸਾਰੇ ਹੀ ਇਕ ਰਜਿਸਟਰ ਵਿਚ ਦਰਜ ਹੋਕੇ ਮੁਖ ਅਧਿਕਾਰੀਆ ਪਾਸ ਰਹਿੰਨੇ ਚਾਹੀਦੇ ਹਨ ਤੇ ਜਦ ਗੁਰਦੁਆਰਾ ਸਾਹਿਬ ਦੀ ਮਾਸਕ ਰਪੋਟ ਛਪੇ, ਤਦ ਉਸ ਵਿਚ ਉਹਨਾਂ ਦਾ ਜ਼ਿਕਰ ਕੀਤਾ ਜਾਇਆ ਕਰੇ ਤਾਂ ਕਿ ਹਰ ਇਕ ਨੂੰ ਉਨਾਂ ਵੀਚਾਰਾਂ ਦਾ ਲਾਭ ਪੁਜੇ।

## ਸਿਰੋਪਾ

ਹਜ਼ੂਰ ਸਾਹਿਬ ਜੀ ਤੋਂ ਵੈਸੇ ਤਾਂ ਖਾਸ ੨ ਦਰਸ਼ਕਾਂ ਦੀ [illegible]ਜ਼ੂਬੀ, ਮੁਲਕੀ, ਕੌਮੀ ਯਾ ਹੋਰ ਦੁਨਿਆਵੀ ਔਹਦੇ, ਵਡਿਆਈ [illegible]ਾ ਖਾਸ ਵਿਸ਼ੇਸ਼ਤਾ ਤੇ ਪੰਥਕ ਸੇਵਾ ਦੀ ਸ਼ਾਨ ਨੂੰ ਮੁਖ ਰਖਕੇ [illegible]ਮਾ, ਖੁਸ਼ੀ ਤੇ ਹਾਜ਼ਰੀ ਵੇਲੇ ਯਾ ਚਲਣ ਵਾਲੇ ਦਿਨ ਸਿਰੋਪਾਓ [illegible] ਤੇ ਦਿਤੇ ਜਾਂਦੇ ਹਨ, ਪਰੰਤੂ ਜੋ ਯਾਤਰੂ ਸਾਹਿਬ ੨੫) ਯਾ

ਇਸ ਤੋਂ ਵਧੀਕ ਰਕਮ ਗੁਰਦੁਆਰੇ ਹਜ਼ੂਰ ਸਾਹਿਬ ਸਬੰਧੀ ਕੰਮਾਂ ਵਿਚ ਖਰਚ ਕਰਨ, ਉਹਨਾਂ ਨੂੰ ੧੦) ਫ਼ੀ ਸਦੀ ਦੇ ਹਿਸਾਬ ਸਿਰੋਪਾਓ ਦੀ ਸ਼ਕਲ ਵਿਚ ਕੋਈ ਨ ਕੋਈ ਬਸਤਰ ਦਿਤਾ ਜਾਂਦਾ ਹੈ ਲੇਕਿਨ ਨਿਰੇ ਕਪੜੇ ਦੇਣ ਦੇ ਬਜਾਏ ਅਗਰ 'ਗੁਟਕਾ ਨਿਤ ਨੇਮ ਹਜ਼ੂਰੀ, ਗੁਟਕਾ ਸੁਖਮਨੀ, ਗੁਟਕਾ ਅਕਾਲ ਉਸਤਿਤ, ਗੁਟਕਾ ਬਚਿੱਤ੍ਰ ਨਾਟਕ ਗੁਟਕਾ ਜ਼ਫ਼ਰਨਾਮਾ, ਸੰਖੇਪ ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਇਤਿਹਾਸ ਸ੍ਰੀ ਅਬਿਚਲ ਨਗਰ ਸੰਖੇਪ, ਸੰਖੇਪ ਇਤਿਹਾਸ ਦਸ ਗੁਰੂ, ਸੰਖੇਪ ਇਤਿਹਾਸ ਖਾਲਸਾ ਪੰਥ, ਐਹਲੇ ਸਿਖ ਵ ਐਹਲੇ ਇਸਲਾਮ, ਗੁਰੂਓਂ ਵਾ ਰਸੂਲੋਂ ਕੀ ਪਾਕ ਕਲਾਮ ਮੇਂ ਮਸਾਵੀਆਤ ਆਦਿਕ ਗੁਰਮੁਖੀ, ਹਿੰਦੀ, ਮਰਾਠੀ, ਗੁਜਰਾਤੀ, ਕਾਨੜੀ, ਤਲੰਗੀ, ਮਦਰਾਸ਼ੀ, ਬੰਗਲਾ, ਸਿੰਧੀ, ਉਰਦੂ, ਫ਼ਾਰਸੀ ਤੇ ਅੰਗਰੇਜ਼ੀ ਆਦਿ ਵਿਚ ਛਪਵਾਕੇ ਤੇ 'ਹਜ਼ੂਰੀ ਬਲਾਕ, ਦਸਮੇਸ਼ ਬਲਾਕ, ਖਾਲਸਾ ਬਲਾਕ, ਵਾ ਕਿਰਪਾਨ, ਕਟਾਰ, ਸ੍ਰੀ ਸਾਹਿਬ, ਕੜਾ, ਤੀਰ ਆਦਿ ਭੀ ਸਿਰੋਪਾਓ ਵਿਚ ਦਿਤੇ ਜਾਇਆ ਕਰਨ ਅਤੇ ਭਾਵੇਂ ੧੫) ਦੀ ਥਾਂ ੧੦) ਦੀ ਹਦ ਰਖੀ ਜਾਏ ਕਿਉਂਕੇ ਜਿਥੇ ਇਹ ਸਿਰੋਪਾਓ ਕੁਛ ਮਤਲਬ ਰਖਦੇ ਹਨ, ਉਥੇ ਖੁਸ਼ੀ ਤੇ ਆਮਦਨ ਭੀ ਵਧਣ ਦਾ ਕਾਰਣ ਹੋਣਗੇ।

## ਰੌਲਾ–ਗੌਲਾ

ਅਕਸਰ ਜਿਥੇ ਆਮ ਮਨੁੱਸ਼ਾਂ ਦੀ ਬਹੁਲਤਾ ਹੋਵੇ, ਉ ਸ਼ੋਰ ਹੁੰਦਾ ਹੀ ਹੈ, ਪਰ ਖ਼ਾਲਸੇ ਜੀ ਵਿਚ ਇਹੀ ਵਾਧਾ ਹੈ ਜਿਸ ਧਰਮ ਨੂੰ 'ਰਾਜ ਜੋਗ' ਕਿਹਾ ਹੈ, ਉਸ ਦੀ ਪਾਲਨਾ ਹ

ਲਈ ਇਹ ਜੰਗ ਸਬੰਧੀ ਮੈਦਾਨ ਵਿਚ ਕੀ ਤੇ ਸਚ ਖੰਡ ਸਬੰਧੀ ਦੀਵਾਨ ਵਿਚ ਕੀ, ਘਰ ਵਿਚ ਕੀ, ਤੇ ਜੰਗਲ ਵਿਚ ਕੀ, ਜਿਥੇ ਵੇਖੋ ਉਥੇ ਗੁਰੂ ਜੀ ਦੇ ਹੁਕਮ ਦੀ ਪਾਲਨਾ ਦਾ ਵਧੀਕ ਖਿਆਲ ਰਖਦੇ ਹਨ ਅਤੇ ਹੁਕਮ ਇਸ ਤਰਾਂ ਹੀ ਹੈ ਕਿ 'ਜੇ ਕੋ ਦਰਗਹਿ ਬਹੁਤਾ ਬੋਲੈ ਨਾਉ ਪਵੈ ਬਾਜਾਰੀ' ਯਾ 'ਲਬ ਲੋਭ ਹੰਕਾਰ ਤਜ ਤ੍ਰਿਸ਼ਨਾ ਬਹੁਤ ਨਾਹੀ ਬੋਲਨਾ' ਯਾ 'ਹਰਿਜਸੁ ਸੁਨਤੇ ਬਾਤ ਚਲਾਵੈ। ਸੋ ਤਨਖਾਹੀ ਅਧਕ ਕਹਾਵੈ' ਇਸ ਲਈ ਗੁਰਦੁਆਰੇ ਦੀਵਾਨਾਂ ਵਿਚ ਇਹ ਬੋਲਦੇ ਹੀ ਨਹੀਂ ? ਜਦ ਕਿਸੀ ਨੇ ਆਪਣੀ ਆਪਣੀ ਬਾਤ ਹੀ ਨਾ ਚਲਾਈ, ਤਦ ਰੌਲਾ ਕਿਥੋਂ ਪਵੇਗਾ ? ਬਸ ਲੋੜ ਹੈ ਕਿ ਇਸ ਰੌਲੇ ਦੇ ਬੰਦ ਕਰਨ ਦਾ ਜੇ ਹਰ ਵੇਲੇ ਨਹੀਂ ਤਾਂ ਦੀਵਾਨ ਸਮੇਂ ਤਾਂ ਜ਼ਿਮੇਵਾਰ ਆਪਣੇ ਆਪ ਨੂੰ ਸਰਬਰਾਹ ਸਾਹਿਬ ਸਮਝਕੇ ਇਸ ਦੀ ਰੋਕ ਦਾ ਇੰਤਜ਼ਾਮ ਕਰਨ ਤਾਕਿ ਯਾਤ੍ਰੂਆਂ ਦਾ ਹਰਜ ਨ ਹੋਵੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ
## ਤੇ
## ਦਸਮ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ

ਭਾਵੇਂ ਕੱਤਕ ਪੂਰਨਮਾਸ਼ੀ ਤੇ ਪੋਹ ਸ਼ੁਦੀ ਸੱਤਮੀ ਇਕ ਉਤਮ ਪੁਰਬ ਦਿਨ ਹੈਨ, ਪਰੰਤੂ ਇਥੇ ਜਿਸ ਗੁਰੂ ਤੇ ਪੁਰਬ ਦਾ ...ਬੰਧ ਹੈ ਉਹਨਾਂ ਦੇ ਹੀ ਪੁਰਬ ਪਰ ਕਥਾ ਆਰੰਭ ਤੇ ਸਮਾਪਤ ...ਦਾ ਜੇ ਪ੍ਰਬੰਧ ਕੀਤਾ ਜਾਏ, ਤਦ ਵਧੀਕ ਸ਼ੋਭਨੀਕ ਹੋਵੇਗਾ ...ਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਥੇ ਗੁਰਿਆਈ ਅਰਪਨ ...ਗਈ ਹੈ ਇਸ ਲਈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ...ਤੇ ਹੀ ਇਹਨਾਂ ਦੀ ਕਥਾ ਦਾ ਅਰੰਭ ਤੇ ਸਮਾਪਤੀ ਕੀਤੀ ...ਉਥੇ ਦਸਮੇ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

ਜੋਤੀ ਜੋਤ ਸਮੇਂ ਦਸਮ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਆਰੰਭ ਸਮਾਪਤੀ ਕੀਤੀ ਜਾਏ ਤੇ ਨਾਲ ਹੀ ਅਖੀਰੀ ਜ਼ਫ਼ਰਨਾਮੇ ਦਾ ਪਾ ਹੋ ਕੇ ਜੋਤੀ ਜੋਤ ਪ੍ਰਸੰਗ ਭੀ ਸੁਣਾਇਆ ਜਾਏ ਤੇ ਹੋਰ ਤ ਪ੍ਰਚਾਰ ਕੀਤਾ ਜਾਏ। ਇਸ ਸੰਬੰਧੀ ਆਸ ਹੈ ਕਿ ਮੁਖ ਅਧਿਕਾਰ ਤੇ ਪ੍ਰਬੰਧਕ ਸਜਣ ਗੌਰ ਕਰਨ ਦੀ ਖੇਚਲ ਕਰਨਗੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ

ਭਾਵੇਂ ਇਥੇ ਸਵੇਰੇ ਤਿੰਨ ਵਜੇ ਤੋਂ ਸਾਰਾ ਦਿਨ ਪ੍ਰਕਾਸ਼ ਰਹਿੰਦਾ ਹੈ ਪਰੰਤੂ ਰਹਿਰਾਸ ਅਰਦਾਸ ਤੋਂ ਪਹਿਲੇ ਹੀ ਸੰਤੋਖਨ ਦੀ ਸੇਵਾ ਹੋ ਜਾਣ ਕਰਕੇ ਓਹ ਅਰਸ਼ੀ ਹੁਕਮ ਮੋਹਲੇ (ਬਿਲਾਵਲ) ਦੇ ਦੀਵਾਨ ਸਮੇਂ ਸੰਗਤਾਂ ਨਹੀਂ ਸੁਣ ਸਕਦੀਆਂ। ਇਸ ਲਈ ਲੋੜ ਹੈ ਕਿ ਜਿਸ ਤਰਾਂ ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਚ ਵਾਕ ਲੈ ਕੇ ਨਿਵਾਸ ਦੀ ਸੇਵਾ ਹੁੰਦੀ ਤੇ ਸੋਹਿਲੇ ਦਾ ਪਾਠ ਹੁੰਦਾ ਹੈ, ਓਸੀ ਤਰ੍ਹਾਂ ਇਥੇ ਭੀ ਇਕ ਮਹਾਰਾਜ ਦਾ ਪ੍ਰਕਾਸ਼ ਰਹਿ ਕੇ ਸੋਹਲੇ ਦੇ ਵੇਲੇ ਨਿਵਾਸ ਹੋਣਾ ਚਾਹੀਏ।

## ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਤੇ ਗੁਰਦੁਆਰੇ

ਇਥੇ ਗੁਰੂ ਜੀ ਦੇ ਤਖ਼ਤ ਸਾਹਿਬ ਤੋਂ ਬਿਨਾਂ ਹੋਰ ਭੀ ਦੁਆਰੇ ਅਗੇ ਲਿਖੇ ਅਨੁਸਾਰ ਹਨ ਜਿਨ੍ਹਾਂ ਦੇ ਦਰਸ਼ਨ ਸੇ ਭੀ ਜ਼ਰੂਰ ਉਦਮ ਕਰਨਾ ਚਾਹੀਏ।

## ਨਗੀਨਾ ਘਾਟ ਗੁਰਦੁਆਰਾ

ਇਹ ਗੁਰਦੁਆਰਾ ਓਹਹੈ ਜਿਥੇ ਸ੍ਰੀ ਗੁਰੂ ਕਲਗੀਧਰ ਪਾਤਿਸ਼ਾਹ ਜੀ ਦੇ ਦੀਵਾਨ ਵਿਚ ਹਾਜ਼ਰ ਹੋਕੇ ਬਾਬਾ ਕਾਲੂ ਨਾਯਕ ਨੇ ਨੀਲਮਣੀ ਮਸ਼ਹੂਰ ਨਗੀਨਾ ਅਰਪਨ ਕਰਕੇ ਕੁਝ ਦਿਲ ਵਿਚ ਘਮੰਡ ਕੀਤਾ ਤੇ ਗੁਰੂ ਜੀ ਨੇ ਉਸਦਾ ਮਾਨ ਦੂਰ ਕਰਨ ਲਈ ਗੰਗਾ ਵਿਚ ਸੁਟ ਦਿਤਾ ਸੀ, ਇਥੋਂ ਦੇ ਪੁਜਾਰੀ ਦਾ ਬੁੰਗਾ ਤੇ ਇਹ ਗੁਰਦੁਆਰਾ ਅਰਸੇ ਤੋਂ ਮਸਤਾਨੇ ਚਲੇ ਆਉਂਦੇ ਹਨ। ਇਸ ਦੀ ਸੇਵਾ ਅਕਾਲੀ ਗੁਪਾਲ ਸਿੰਘ ਜੀ ਨਿਹੰਗ ਸਿੰਘ ਨੇ ਕਰਵਾਈ ਸੀ, ਪਰੰਤੂ ਅਜੇ ਜਿਥੇ ਇਸ ਗੁਰਦੁਆਰੇ ਦੀ ਹੋਰ ਸੇਵਾ ਹੋਣੀ ਚਾਹੀਏ ਉਥੇ ਬੁੰਗੇ ਦੀ ਸੇਵਾ ਦੀ ਭੀ ਲੋੜ ਹੈ।

## ਨਗੀਨਾ ਘਾਟ ਬਾਬੇ ਕਾਲੂ ਦੀ ਸਮਾਧ

ਜਿਸ ਨੀਲਮਣੀਦੀ ਚੋਰੀਦਾ ਕਲੰਕ ਸ੍ਰੀ ਕ੍ਰਿਸ਼ਨਦੇਵ ਜੀ ਨੂੰ ਲਗਾ ਤੇ ਫਿਰ ਅਕਰੂਰ ਜੀ ਲੈ ਤੁਰੇ, ਓਹ ਊਧੋ ਜੀ ਪਾਸ ਜਾ ਕੇ ਕਿਸੀ ਕੰਗਾਲ ਜੰਗਲੀ ਪਾਸ ਪੁਜ ਕੇ ਉਸ ਨਾਯਕ ਟੋਲੇ ਪਾਸ ਪੁਜੀ, ਜਿਨ੍ਹਾਂ ਦਾ ਸ੍ਰਦਾਰ ਬਾਬਾ ਕਾਲੂ ਜੀ ਦਾ ਬਜ਼ੁਰਗ ਸੀ; ਇਸ ਮਣੀ ਵਿਚੋਂ ਨਿਤ ਸੋਨਾਂ ਵਰਸਦਾ ਸੀ, ਜਿਸ ...ਆਰਾ ਗਰੀਬ ਤੇ ਅਨਾਥ ਵਣਜਾਰਿਆਂ ਦੀ ਇਸ ਖਾਨਦਾਨ ...ਲੇ ਸਹਾਇਤਾ ਕਰਦੇ ਸਨ ਤੇ ਇਸੀ ਕਰਕੇ ਇਨ੍ਹਾਂ ਦੀ ਵਣਜਾਰਾ ... ਵਿਚ ਬੜੀ ਇਜ਼ਤ ਤੇ ਰਸੂਖ ਸੀ। ਪਰੰਤੂ ਜਦ ਇਹ ...ਗੋਬਿੰਦ ਸਿੰਘ ਜੀ ਦਾ ਦਖਣ ਪ੍ਰਵੇਸ਼ ਸੁਣਕੇ ਦਰਸ਼ਨ ਲਈ ਸਵ... ਹੋਏ ਤਦ ਗੁਰੂ ਕਾ ਬਹੁਤਾ ਖਰਚ ਸੋਚ ਕੇ ਇਨ੍ਹਾਂ ਨੇ ਮੰਨ...ਹੀਂ ਹੀ ਛੇਟ ਕਰ ਦਿਤੀ ਤੇ ਦਿਲ ਵਿਚ ਜਾਤਾ ਕਿ ਮੇਰੇ ਪਰੇਨਿ...

ਜਿਹਾ ਭੀ ਕੋਈ ਗੁਰ-ਭਗਤ ਹੋਵੇਗਾ ਜੋ ਐਸੀ ਦੁਰਲਭ ਚੀਜ਼ ਗੁਰੂ ਜੀ ਦੀ ਭੇਟਾ ਕਰੇ ?

"ਦੀਨ ਕਾ ਦਇਆਲ" ਗਰਬ ਪ੍ਰਹਾਰੀ ਸਤਿਗੁਰੂ ਉਸਦੀ ਅੰਤਰ ਵਾਸ਼ਨਾ ਸੋਚ ਕੇ ਉਸਦੀ ਅਭਿਮਾਨ ਨਵਿਰਤੀ ਲਈ ਓਹ ਮਣੀਂ ਪਾਸ ਹੀ ਵਗ ਰਹੀ ਗੰਗਾ ਵਿਚ ਵਾਹ ਮਾਰੀ, ਇਹ ਵੇਖਕੇ ਬਾਬਾ ਕਾਲੂ ਸੋਚੀਂ ਪੈ ਗਿਆ ਤੇ ਇਸ ਨਤੀਜੇ ਤੇ ਪੁਜਾ ਕਿ ਅਗਰ ਮੈਂ ਨਾਲ ਹੀ ਇਸਦਾ ਗੁਣ ਦਸ ਦੇਂਦਾ ਤਾਂ ਚੰਗਾ ਹੋਂਦਾ, ਹੁਣ ਤਾਂ ਮਹਾਰਾਜ ਨੇ ਐਵੇਂ ਵਟਾ ਸਮਝਕੇ ਸੁਟ ਦਿਤਾ ਹੈ; ਫਿਰ ਨਾਂ ਸੁਟਦੇ।

ਗੁਰੂ ਜੀ ਨੇ ਫੁਰਮਾਇਆ ਸਿਖਾ ! ਭੁਲਦਾ ਹੈਂ, ਜਾਹ ਜੇ ਲੋੜ ਹਈ ਤਾਂ ਕਢ ਲੈ ਆ ! ਇਹ ਸੁਣਦੇ ਹੀ ਕਾਲੂ ਬਾਬਾ ਕੁਦ ਕੇ ਗੰਗਾ ਵਿਚ ਜਾ ਵੜਿਆ, ਜਿਥੇ ਉਸਨੂੰ ਅਸੰਖ ਹੀ ਵੈਸੀਆਂ ਮਣੀਆਂ ਪ੍ਰਤੀਤ ਹੋਈਆਂ ਤੇ ਨਿਰਮਾਨ ਹੋ ਕੇ ਚਰਨੀਂ ਢਠਾ, ਵੇਖ ਕੇ, ਮਹਾਰਾਜ ਨੇ ਸਿਰ ਪਰ ਹਥ ਰਖਿਆ, ਨਿਹਾਲ ਹੋਇਆ ਤੇ ਅੰਤ ਪ੍ਰਯੰਤ ਗੁਰ ਦਰ ਦੇ ਦਰਸਨ ਸੇਵਾ ਕਰਦਿਆਂ ਰ ਗੁਰੂ ਜੀ ਦੀ ਪੁਰੀ ਵਿਚ ਪ੍ਰਾਪਤ ਹੋਇਆ। ਇਸ ਦੀ ਯਾਦ-ਗਾਰ ਹੁਣ ਗੁਰਦੁਆਰੇ ਨੂੰ ਜਾਂਦਿਆਂ ਰਸਤੇ ਦੇ ਖਬੇ ਪਾਸੇ ਮੌਜੂਦ ਹੈ, ਇਥੇ ਆਕੇ ਅਜੇ ਤਕ ਵਣਜਾਰੇ ਸਿਖ ਸੁਖਣਾਂ ਸੁਖਦੇ ਤੇ ਪ੍ਰਸਾਦਿ ਚੜ੍ਹਾਂਦੇ ਤੇ ਸ਼ਰਧਾ ਭਗਤੀ ਰਖਦੇ ਹਨ। ਮੁਨਾਸਬ ਹੈ ਇਸ ਥਾਂ ਨੂੰ ਭੀ ਵਣਜਾਰਾ ਜਾਤੀ ਇਕ ਬੁੰਗੇ ਦੀ ਸ਼ਕਲ ਦੇਵੇ ਜਿਸ ਤਰ੍ਹਾਂ ਪੁਰੇ ਵਿਚ ਉਨ੍ਹਾਂ ਦਾ ਬੁੰਗਾ ਹੈ, ਤਾ ਕਿ ਸਤਿਸੰਗ ਸੇਵਾ ਹੋਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੋਵੇ।

# ਨਗੀਨਾ ਘਾਟ ਤੇ ਨਿਹੰਗ ਸਿੰਘਾਂ ਦਾ ਬੁੰਗਾ

ਜਦ ਅਕਾਲੀ ਗਜਗਾਹ ਸਿੰਘ ਨਿਹੰਗ, ਅਕਲਕਲਾ ਸਿੰਘ ਜੀ ਦੇ ਹਥੀਂ ਸ਼ਹੀਦੀ ਪਾ ਗਏ ਤਦ ਉਨ੍ਹਾਂ ਦਾ ਸ਼ਸਤ੍ਰ 'ਗਜਗਾਹ' ਮਹਾਰਾਜ ਦੇ ਤਖ਼ਤ ਦੀ ਭੇਟਾ ਕਰਕੇ ਅਕਾਲੀ ਗੁਰਬਖਸ਼ ਸਿੰਘ ਜੀ ਨਿਹੰਗ ਸਿੰਘ ਉਥੇ ਸੁਭਾਵ ਤੇ ਬੋਲਿਆਂ ਦਾ ਮੇਲ ਹੋਂਦਾ ਨ ਵੇਖ ਕੇ, ਕੁਝ ਸਿੰਘਾਂ ਸਮੇਤ ਇਥੇ ਆ ਟਿਕੇ ਜਿਥੇ ਹੁਣ ਨਿਹੰਗ ਸਿੰਘਾਂ ਵਾਲਾ ਬੁੰਗਾ ਹੈ, ਜਿਸ ਤਰਾਂ ਕੁਝ ਕੁਝ ਸੇਵਾ ਬਾਵੜੇ ਆਦਿ ਦੀ ਤਖਤ ਸਾਹਿਬ ਦੀ ਹਜ਼ੂਰੀ ਵਿਚ ਰਹਿਕੇ ਕਰਦੇ ਸੀ ਇਸੀ ਤਰਾਂ ਇਥੇ ਟਿਕਣ ਦੇ ਸਮੇਂ ਵਿਚ ਭੀ ਭਾਈ ਧਰਮ ਸਿੰਘ ਜੀ ਦੀ ਯਾਦਗਾਰ ਪਾਸ ਬਾਵੜੇ ਦੀ ਸੇਵਾ ਅਰੰਭ ਕਰ ਦਿਤੀ, ਕਿਉਂਕਿ ਜਲ ਨਾਂ ਹੋਣ ਕਰਕੇ ਪਾਸੋਂ ਰਾਹ ਗੁਜ਼ਰੂ ਦੁਖੀ ਪ੍ਰਤੀਤ ਹੋਂਦੇ ਸਨ ।

ਕੁਝ ਸਮੇਂ ਤਕ ਅਕਲਕਲਾ ਸਿੰਘ ਜੀ ਤਖਤ ਸਾਹਿਬ ਦੀ ਹਜ਼ੂਰੀ ਵਿਚ ਹੀ ਸੇਵਾ ਨਿਵਾਸ ਕਰਦੇ ਰਹੇ, ਪਰੰਤੂ ਧੀਰੇ ਧੀਰੇ ਅਕਾਲੀ ਗੁਰਬਖਸ਼ ਸਿੰਘ ਨਿਹੰਗ ਸਿੰਘ ਜੀ ਦੀ ਸੇਵਾ ਸ਼ੀਲਤਾ ਤੇ ਉਪਕਾਰ ਬ੍ਰਿਤੀ ਦਾ ਇਹਨਾਂ ਪਰ ਐਸਾ ਪ੍ਰਭਾਵ ਪਿਆ ਕਿ ਇਹ ਭੀ ਅਕਾਲੀਗੁਰਬਖਸ਼ ਸਿੰਘ ਜੀ ਨਿਹੰਗ ਦੇ ਜਥੇ ਵਿਚ ਜਾਕੇ ਨਿਹੰਗ ਸਿੰਘ ਸਜ ਗਏ ਤੇ ਉਥੇ ਹੀ ਰਹਿ ਕੇ ਨਿਤ ... ਲਈ ਆ ਜਾਕੇ ਸੇਵਾ ਸਤਿਸੰਗ ਕਰਨ ਲਗੇ, ਤੇ ਜਦ ... ਗੁਰਬਖਸ਼ ਸਿੰਘ ਜੀ ਨਿਹੰਗ ਨੇ ਕਮਰ ਕਸੇ ਕੀਤੇ ਤਦ ... ਵਿਚ ਇਨ੍ਹਾਂ ਨੂੰ ਹੀ ਨਿਹੰਗ ਸਿੰਘਾਂ ਨੇ ਜਥੇਦਾਰ ਥਾਪਿਆ ... ਇਹ ਜਿਥੇ ਸੂਰਬੀਰ ਸਨ ਉਥੇ ਕਈ ਕਿਸਮ ਦੇ ਮੰਤਰ ਤੇ ਬਰੂਦ ਭੀ ਕਈ ਕਿਸਮ ਦਾ ਤਿਆਰ ਕਰ ਲੈਂਦੇ ਪਰੰਤੂ ਬਦਲਾਣੇ ਵਿਚ ਬੜੇ ਮਾਹਰ ਸਨ । ਇਸੀ ਕਰਕੇ

ਖਾਲਸੇ ਵਿਚ ਇਨ੍ਹਾਂ ਦਾ ਇਹ ਗੁਣਵਾਚੀ ਉਪਨਾਮ ਮਸ਼ਹੂਰ ਪਰੰਤੂ ਅਸਲ ਨਾਮ ਇਹਨਾਂ ਦਾ ਸ: ਜਸਵੰਤ ਸਿੰਘ ਸੀ।

੧੯੩੨ ਵਿਚ ਇਹਨਾਂ ਦਾ ਕਮਰ ਕਸਾ ਹੋਕੇ ਫਿਰ ਮੈਦਾਨੀ ਮਹਿਲ ਵਿਚ ਲਗਾਤਾਰ ਮੋਰਚੇ ਪਰ ਕੋਈ ਖਾਸ ਮਸ਼ ਫੌਜ ਨਹੀਂ ਰਹੀ, ਕਿਉਂ ਕਿ ਬਹੁਤੀ ਰਿਹਾਇਸ਼ ਹਜ਼ੂਰ ਤਖਤ ਸਾਹਿਬ ਦੀ ਹੀ ਸੇਵਾ ਵਿਚ ਖਾਲਸੇ ਨੇ ਰਖੀ, ਜਿਸ ਕਾਰਣ ਦੋ ਸਨ, ਇਕ ਤੁਰਕਾਂ ਨਾਲ ਹਮੇਸ਼ ਜੁਧ ਜੰਗ ਸਿਲਸਿਲਾ ਸੀ, ਜੋ ਲਾਲਚ ਤੇ ਤਅੱਸਬ ਵਿਚ ਲੁਟ ਤੇ ਬ ਬਾਦੀ ਪਰ ਤੁਲੇ ਹੋਏ ਸਨ, ਇਧਰ ਖਾਲਸਾ ਸਿਰ ਤਲੀ ਰਖੀ ਬੈਠਾ ਸੀ। ਦੂਜਾ ਕਾਰਣ ਆਪਸ ਵਿਚ ਭੀ ਖਾਲਸੇ ਪਾਰਟੀ ਬਾਜ਼ੀ (ਧੜੇਬੰਦੀ) ਲੁਟ ਮਾਰ ਤੇ ਬੋਲ ਵਿਗਾੜ ਤੋਂ ਜ ਸੀ, ਜਿਸ ਕਰਕੇ ਕਿਸੀ ੨ ਵੇਲੇ ਸਿਰੀ ਸਾਹਿਬ ਤਕ ਨੌਬਤ ਪ ਜਾਂਦੀ ਸੀ ਪਰੰਤੂ ਜੋ ਵਿਚ ਸਿਆਣੇ ਦਰਦੀ ਤੇ ਮੁਨਸਫ ਮਜ਼ ਹੁੰਦੇ ਸੀ ਓਹ ਸਮੇਟ ਲੈਂਦੇ ਸੀ ਜਿਸ ਕਰਕੇ ਇਹ ਬਹੁਤੇ ਇਕ ਹੀ ਰਹਿੰਦੇ ਸਨ।

ਜਦ ਸ: ਚੰਦਾ ਸਿੰਘ ਜੀ ੧੮੯੨ ਵਿਚ ਮਹਾਰਾ ਰਣਜੀਤ ਸਿੰਘ ਜੀ ਵਲੋਂ ਹਜ਼ੂਰ ਸਾਹਿਬ ਜੀ ਦੇ ਗੁਰਦੁਆਰਿ ਦੀ ਸੇਵਾ ਲਈ ਪੁਜੇ, ਤਦ ਇਹਨਾਂ ਨਾਲ ਅਕਾਲ ਰਜਮਟ ਅਕਾਲੀ ਬਾਬਾ ਨੈਣਾ ਸਿੰਘ ਨਿਹੰਗ ਤੇ ਅਕਾਲੀ ਬਾਬਾ ਫੂ ਸਿੰਘ ਨਿਹੰਗ ਸਿੰਘ ਦੇ ਜਥੇ ਵਾਲੇ ੩੦੦ ਤੋਂ ਵਧੀਕ ਨਿਹੰ ਸਿੰਘਾਂ ਦਾ ਜਥਾ ਸੀ, ਜਿਨਾਂ ਦੀ ਰਾਤ ਦਿਨ ਸੇਵਾ ਹੀ ਸੀ ਕਿ ਪਾਠ ਸਤਿਸੰਗ ਪਿਛੋਂ ਗਫੇ ਛਕ ਛਕਾਕੇ ਨਿਰ ਲਈ ਕੰਕਰੀਟ ਜਮਾ ਕਰਕੇ ਢੋਣੇ, ਸਾੜਨੇ, ਚੂਨਾ ਛੋਣਾ, ਇਟਾਂ ਥਪਨੀਆਂ, ਪਕਾਣ ਆਂ, ਚਿਣਾਈ ਕਰਨੀ ਪਰ ਅੱਥਕ ਟਹਿਲਾ ਕਰਨਾ ਤੇ ਜਦ ਜਿਸ ਦੀ ਹਰਨ ਭੀ ਹੋ ਜਾਨਾ।

ਬਾਰਾਂਦਰੀ, ਹੀਰਾ ਘਾਟ, ਸ਼ਕਾਰ ਘਾਟ ਤੇ ਤਖ਼ਤ ਸਾਹਿਬ ਜੀ ਦੀ ਸੇਵਾ ਹੋਣ ਤਕ ਜੋ ਕਮਰ ਕਸੇ ਕਰ ਜਾਣ ਤੇ ਫਤਹ ਜਾਨ ਤੋਂ ਰਹਿ ਗਏ ਓਹ ਬਹੁ ਇਸੀ ਬੁੰਗੇ ਵਿਚ ਆ ਬਿਰਾਜੇ ਪ੍ਰੰਤੂ ਇਹ ਪਕਾ ਬੁੰਗਾ ਨਹੀਂ ਸੀ ਚਾਹੁੰਦੇ, ਕੇਵਲ ਮੈਦਾਨੀ ਮਹਿਲਾਂ ਵਿਚ ਅਨੰਦ ਰਹਿੰਦੇ ਸੀ । ਇਹਨਾਂ ਦਾ ਖਿਆਲ ਸੀ ਕਿ ਜੇ ਆਪਣੇ ਲਈ ਬੁੰਗੇ ਬਨਾਏ ਤਦ ਅਹੰਤਾ-ਮਮਤਾ ਵਧ ਜਾਣ ਤੇ ਗੁਰਦੁਆਰਿਆਂ ਦੀ ਸੇਵਾ ਨਹੀਂ ਕਰ ਸਕਾਂਗੇ, ਇਥੇ ਇਹਨਾਂ ਨੇ ਅਕਾਲੀ ਭੂਪ ਸਿੰਘ ਜੀ ਨਿਹੰਗ ਜਥੇਦਾਰ ਥਾਪੇ ਜਿਨਾਂ ਨੇ ਭਾਈ ਧਰਮ ਸਿੰਘ ਜੀ ਵਾਲੇ ਗੁਰਦੁਆਰੇ ਪਾਸ ਪਹਿਲਾ ਅਕਾਲੀ ਗੁਰਬਖਸ਼ ਸਿੰਘ ਜੀ ਨਿਹੰਗ ਵਾਲਾ ਖੋਦਿਆ ਬਾਵੜਾਪਕਾ ਕਰਵਾਇਆ ।

ਫਿਰ ਅਕਾਲੀ ਗਿਆਨ ਸਿੰਘ ਜੀ ਨਿਹੰਗ, ਅਕਾਲੀ ਗੁਲ ਸਿੰਘ ਨਿਹੰਗ, ਅਕਾਲੀ ਗਿਆਨੀ................ ..........ਸਿੰਘ ਨਿਹੰਗ, ਅਕਾਲੀ ਨਰੈਣ ਸਿੰਘ ਨਿਹੰਗ, ਅਕਾਲੀ ਅਮਲਾ ਸਿੰਘ ਨਿਹੰਗ, ਅਕਾਲੀ ਖਜਾਨ ਸਿੰਘ ਨਿਹੰਗ ਆਦਿਕ ਜਥੇਦਾਰ ਇਥੇ ਕਚੇ ਬੁੰਗੇ ਵਿਚ ਹੀ ਗਜਦੇ ਆਏ, ਪਰੰਤੂ ਇਨ੍ਹਾਂ ਦੇ ਹੀ ਵੇਲੇ ਬਰਸਾਤ ਆਦਿ ਦੇ ਖਿਆਲ ਤੇ ਸਮੇਂ ਦੀ ਤਬਦੀਲੀ ਅਰ ਕੁਛ ਪਰੇਮੀਆਂ ਦਰਦੀਆਂ ਦੀ ਪਰੇਰਨਾ ਕਰਕੇ ਨਿਹੰਗਾਂ ਸਿੰਘਾਂ ਦਾ ਬੁੰਗਾ ਭੀ ਪਕਾ ਤਿਆਰ ਕੀਤਾ ਗਿਆ ਜੋ ਛੋਟੀ ਹੀ ਮਸ-ਕਾਨਾ ਹੋ ਜਾਣ ਕਰਕੇ ਹਿੰਨਕਨ ਸਾਹਿਬ ਬਹਾਦਰ ਨਾਜਮ ਨੇ ... ਪਕਾ ਤਿਆਰ ਕਰਵਾ ਦਿਤਾ ਤੇ ਬਾਦ ਵਿਚ ਅਕਾਲੀ ... ਸਿੰਘ ਨਿਹੰਗ ਜਥੇਦਾਰ ਹੋਕੇ ਹੁਣ ਇਥੇ ਅਕਾਲੀ ਲਧਾਸਿੰਘ ... ਸਿੰਘ ਜੀ ਜਥੇਦਾਰ ਹਨ ।

ਇਨ੍ਹਾਂ ਦੇ ਵਕਤ ਵਿਚ ਬੁੰਗੇਨੂੰ ਤਰੇੜਾ ਪੈਜਾਂਣ ਤੇ ਮੁੜਨਾਜ਼ਮ ... ਆਰਮਸਟ੍ਰਾਂਗ C. I. E. O. B. E. I. P. ਐਸਕੁਆਯਰ ...ਦ (ਦਖਨ) ਨੇ ਤਿਆਰ ਕਰਵਾਦਿਤਾ ਹੈ ਅਤੇ ਮਹਾਰਾਣੀ ...ਾੜੇ ਵਾਲਿਆਂ ਤੇ ਹੋਰ ਸੰਗਤਾਂ ਦੇ ਉਦਮ ਨਾਲ ਹੁਣ ਇਥੇ

ਇਕ ਬਾਵੜਾ ਭੀ ਪਕਾ ਤਿਆਰ ਹੋਰਿਆ ਹੈ। ਜਿਸ ਤੋਂ ਜਲ ਦੀ ਬੇਪਰਵਾਹੀ ਰਹੇਗੀ, ਪਰੰਤੂ ਗੁਜਰੇ ਸਾਲ ਵਿਚ ਪੰਜਾਬ ਤੋਂ ਆਏ ਕੁਛ ਨਿਹੰਗ ਸਿੰਘਾਂ ਨਾਲ ਸਰਕਾਰੀ ਕਰਮ ਚਾਰੀਆਂ ਦੀ ਅਚਾਨਕ ਹੀ ਨੌਬਤ ਰਾਮ ਜੰਗੇ ਦੇ ਭੁਯੰਗੀ ਤਕ ਪੁਜ ਇਕ ਇਨਸਪੈਕਟਰ ਫਤਹ ਗਜਾ ਗਿਆ ਕੁਛ ਹੋਰ ਜਖਮੀ ਹੋਕੇ ਭਜੇ ਨਠੇ ਪਰ ਨਿਹੰਗ ਸਿੰਘ ਇਥੋਂ ਹਰਨ ਹੋ ਗਏ।

ਏਹ ਸਾਰੀ ਕਾਰਰਵਾਈ ਨਿਹੰਗ ਸਿੰਘਾਂ ਦੇ ਬੁੰਗੇ ਦੇ ਜਥੇਦਾਰ ਤੋਂ ਗੁਪਤ ਹੋਈ ਜਿਸਦਾ ਜਥੇਦਾਰ ਤੇ ਹੋਰ ਨਿਹੰਗ ਸਿੰਘਾਂ ਨੂੰ ਸਖਤ ਰੰਜ ਤੇ ਅਫਸੋਸ ਹੈ, ਐਸੀ ਕਿਸੀ ਹਾਲਤ ਵਿਚ ਲੋੜ ਹੈ ਕਿ ਜਿਥੇ ਬੁੰਗੇ ਦੀ ਹਦ ਵਿਚ ਉਤਰਿਆਂ ਨਿਹੰਗ ਸਿੰਘਾਂ ਸਬੰਧੀ ਹਰ ਗਲ ਤੋਂ ਜਥੇਦਾਰ ਨੂੰ ਪੂਰਾ੨ ਜਾਣੂੰ ਕੀਤਾ ਜਾਯਾ ਕਰੇ ਉਥੇ ਨਿਹੰਗ ਸਿੰਘਾਂ ਦੀਆਂ ਹੋਰ ਜ਼ਰੂਰਤਾਂ ਰੌਸ਼ਨੀ, ਰਸਦਾਂ, ਬਸਤ੍ਰ, ਪੁਸਤਕ, ਸ਼ਸਤ੍ਰ ਤੇ ਨਗਦੇ ਆਦਿਕ ਦੀਆਂ ਭੀ ਜਥੇਦਾਰ ਦੀ ਰਾਹੀਂ, ਪੂਰੀਆਂ ਕਰਨ ਵਲ ਧਿਆਨ ਦਿਤਾ ਜਾਇਆ ਕਰੇ।

## ਨਗੀਨਾ ਘਾਟ ਬਾ: ਨਗੀਨਾ ਸਿੰਘ ਵਾਲਾ ਬੁੰਗਾ

ਨਗੀਨੇ ਘਾਟ ਤੇ ਉਤਰਨ ਤੋਂ ਪਹਿਲੇ ਖਬੇ ਹਥ ਜ਼ਰਾ ਪਰੇ ਕਰਕੇ ਜੋ ਦੋ ਛੱਤਾ ਪੱਕਾ ਬੁੰਗਾ ਹੈ ਇਸ ਨੂੰ ਬਾਬਾ ਨ[illegible] ਸਿੰਘ ਜੀ ਬੇਦੀ ਸਾਹਿਬ ਵਾਲਾ ਬੁੰਗਾ ਕਹਿੰਦੇ ਹਨ ਅ[illegible] ਅਸਲ ਇਹ ਬੁੰਗਾ ਸ: ਚੜ੍ਹਤ ਸਿੰਘ ਜੀ ਨੇ ਤਿਆਰ ਇਕਾਂਤ ਵਿਚ ਨਿਵਾਸ ਕਰਨ ਵਾਲੇ ਪ੍ਰੇਮੀਆਂ ਲਈ ਕਰਾਇਆ ਸੀ ਤੇ ਇਥੇ ਹੀ ਉਹਨਾਂ ਨੂੰ ਹਾਜ਼ਰੀ ਪ੍ਰਸ਼

ਚਾਨ ਦਾ ਪ੍ਰਬੰਧ ਕਰ ਦਿਤਾ ਸੀ, ਪਰੰਤੂ ਜਦ ਬਾਬਾ ਜੀ ਨੇ ਆਕੇ ਇਥੇ ਸਤਿਸੰਗ ਤੇ ਗੁਰਮੁਖੀ ਗੁਰਬਾਣੀ ਪਰਚਾਰ ਆਰੰਭ ਕੀਤਾ ਤਦ ਧੀਰੇ ਧੀਰੇ ਮੈਹਮਾਂ ਤੇ ਰੌਣਕ ਵਧਣ ਕਰਕੇ ਇਸ ਨੂੰ ਬਾਬੇ ਜੀ ਦੇ ਨਾਮ ਪਰ ਲੋਕੀਂ ਬੁਲਾਣ ਲਗ ਗਏ, ਕਿਉਂਕਿ ਇਥੇ ਹਾਜ਼ਰੀ ਦਾ ਪ੍ਰਬੰਧ ਭੀ ਬਾਬਾ ਜੀ ਆਪਣੀ ਨਿਗਰਾਨੀ ਵਿਚ ਕਰਨ ਲਗ ਪਏ ਸੀ।

ਇਥੇ ਆਏ ਪ੍ਰੇਮੀ ਯਾਤਰੂ ਤਾਂ ਹੁਣ ਭੀ ਆਰਾਮ ਪਾਂਵਦੇ, ਉਤਾਰਾ ਰਖਦੇ ਹਨ, ਪਰੰਤੂ ਨਿਤ ਸਤਿਸੰਗ ਪ੍ਰਚਾਰ ਨਹੀਂ ਹੈ ਤੇ ਲੰਗਰ ਹਾਜ਼ਰੀ ਦੀ ਹੁਣ ਲੋੜ ਨਹੀਂ ਰਹੀ, ਕਿਉਂਕਿ ਹਜ਼ੂਰ ਵਿਚ ਹੁਣ ਲੰਗਰ ਦੋਨੋਂ ਵੇਲੇ ਹੋਂਦਾ ਹੈ ਤੇ ਨਾਲ ਹੀ ਬਾਬਾ ਨਿਧਾਨ ਸਿੰਘ ਜੀ ਵਾਲੇ ਬੁੰਗੇ ਭੀ ਲੰਗਰ ਦੋ ਵੇਲੇ ਵਰਤਦਾ ਹੈ।

## ਨਗੀਨਾ ਘਾਟ ਭਾ: ਸੰਗਤਾ ਜੀ ਵਾਲਾ ਬੁੰਗਾ

ਸਰਦਾਰ ਚੜ੍ਹਤ ਸਿੰਘ ਜੀ ਦੇ ਸਮੇਂ ਵਿਚ ਇਕ 'ਭਾਈ ਸੰਗਤਾ ਜੀ' ਉਦਾਸੀ ਸੰਤ ਕੁਛ ਦਿਨ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿਚ ਤੇ ਫਿਰ ਨਗੀਨਾ ਘਾਟ ਆ ਟਿਕੇ। ਇਹਨਾਂ ਨੇ ਸਰਦਾਰ ਚੜ੍ਹਤ ਸਿੰਘ ਜੀ ਤੋਂ ਆਗਿਆ ਲੈ ਕੇ ਇਕ ਬੁੰਗਾ ਇਸ ਖਿਆਲ ਨਾਲ ਬਣਾਇਆ ਕਿ ਜੋ ਇਕਾਂਤੀ ਸਾਧੂ ਨਿਵਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਪਾਠ ਕਰਨਾ ਚਾਹੇ ਉਹ ਆਕੇ ਟਿਕੇ, ਪਰੰਤੂ ਧੀਰੇ ਧੀਰੇ ਇਹ ਗ੍ਰਿਹਸਤੀ ਬੁੰਗਾ ਹੋ ਕੇ ...ਸਤਾਨਾ ਹੋ ਰਿਹਾ ਹੈ ਅਤੇ ਲੋੜ ਹੈ ਕਿ ਉਦਾਸੀ ਸੰਤ ਤੇ ...ੜੇ ਵਾਲੇ ਮਹੰਤ ਸਾਹਿਬਾਨ ਇਸ ਨੂੰ ਮੁਰੰਮਤ ਕਰਕੇ ਕਿਸੀ ...ਪੁਰਸ਼ ਨੂੰ ਇਥੇ ਟਿਕਾਉਣ ਦਾ ਪ੍ਰਬੰਧ ਕਰਨ ਨਹੀਂ ਤਾਂ ਹਜ਼ੂਰ ...ਹਬ ਦੇ ਮੁਖ ਅਧਿਕਾਰੀ ਪ੍ਰਬੰਧਕ ਯੋਗ ਪ੍ਰਬੰਧ ਕਰਨ।

੧
ਸ...
ਮੰਨ...
ਪਰੇ...

# ** ਨਗੀਨਾ ਘਾਟ **
ਤੇ
## ਬਾਬਾ ਨਿਧਾਨ ਸਿੰਘ ਜੀ ਵਾਲਾ ਬੁੰਗਾ

ਸਰਦਾਰ ਚੜ੍ਹਤ ਸਿੰਘ ਜੀ ਯੋਗਾ ਅਭਿਆਸੀ ਸਨ ਐਸਾ ਜ਼ਿਕਰ ਪਹਿਲੇ ਆ ਚੁਕਾ ਹੈ ਬਸ ਇਸੀ ਲੋੜ ਲਈ ਕੋਈ ਨਾਂ ਕੋਈ ਜਗਿਆਸੂ ਉਹਨਾਂ ਪਾਸ ਆ ਟਿਕਦਾ ਸੀ। ਜਿਨ੍ਹਾਂ ਲਈ ਉਹਨਾਂ ਨੇ ਇਥੇ ਸੀਤਾ ਫਲਾ ਦੀ ਝੁੰਗੜੀ ਵਿਚ ਇਕ ਛੋਟਾ ਜੈਸਾ ਦੋ ਛੱਤਾ ਬੁੰਗਾ ਬਣਵਾ ਰਖਿਆ ਸੀ ਕਿਉਂਕਿ ਆਮ ਖ਼ਾਲਸਾ ਜੀ ਇਸ ਕ੍ਰਿਆ ਨੂੰ ਪਸਿੰਦ ਨਹੀਂ ਰਖਦਾ ਸੀ। ਉਹਨਾਂ ਦੇ ਪਿਛੋਂ ਇਹ ਸਿਲਸਿਲਾ ਤਾਂ ਜਾਰੀ ਨਹੀਂ ਰਿਹਾ ਪਰੰਤੂ ਬ੍ਰਾਹਮਣ ਘਰਾਨੇ ਦੇ ਪ੍ਰੇਮੀਆਂ ਦੇ ਇਹ ਥਾਂ ਵਰਤਣ ਲਈ ਮੰਗ ਲੈਣ ਕਰਕੇ ਇਹ ਬ੍ਰਾਹਮਣਾਂ ਵਾਲਾ ਬੁੰਗਾ ਕਿਹਾ ਗਿਆ ਅਤੇ ਜਦ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਹੈਡ ਗਰੰਥੀ ਜੀ ਨੇ ਗੁਰਮਤਿ ਪਰਚਾਰ ਦੇ ਸਿਲਸਿਲੇ ਵਿਚ ਇਹਨਾਂ ਨੂੰ ਭਾਜੜ ਪਾਈ, ਤਦ ਇਹ ਬੁੰਗਾ ਗਰੰਥੀ ਜੀ ਦੇ ਕਬਜ਼ੇ ਵਿਚ ਹੋਣ ਕਰਕੇ ਇਥੇ ਉਹਨਾਂ ਨੇ ਸਰਬ ਲੋਹ ਗ੍ਰੰਥ ਜੀ ਦਾ ਪ੍ਰਕਾਸ਼ ਪਾਠ ਤੇ ਪਰਚਾਰ ਆਰੰਭ ਕਰਕੇ ਇਸ ਦਾ ਨਾਮ ਸਰਬ ਲੋਹ ਬੁੰਗਾ ਮਸ਼ਹੂਰ ਕੀਤਾ, ਪਰੰਤੂ ਜਦ ਗੰਗਾ ਦੀ ਸਿਲਾਬ ਨਾਲ ੧੩੨੨ ਫਸਲੀ ਵਿਚ ਨਿਹੰਗ ਸਿੰਘਾਂ ਦਾ ਬੁੰਗਾ ਚਾਲੇ ਪਾ ਗਿਆ ਤਦ ਨਵਾਬ ਸੁਹਰਾਬ ਨਵਾਜ ਜੰਗ ਜੀ ਦੇ ਵਕ[illegible] ਇਹ ਬੁੰਗਾ ਨਿਹੰਗ ਸਿੰਘਾਂ ਦੇ ਸਪੁਰਦ ਹੋ ਗਿਆ ਅਤੇ ਅਕਾ[illegible] ਕਾਬਲਾ ਸਿੰਘ ਨਿਹੰਗ ਅਕਾਲੀ ਹਰਦਿਤ ਸਿੰਘ ਜੀ ਨਿ[illegible] ਆਦਿ ਰਹੇ।

ਜਦ ਭਾਈ ਨਿਧਾਨ ਸਿੰਘ ਜੀ ਛਬੀਲ ਦੀ ਸੇਵਾ [illegible] ਵਿਚ ਕਰਦੇ ਸਨ ਤਦ ਗੁਰੂ ਕਾ ਲੰਗਰ ਇਕੋ ਵੇਲੇ ਹੋ[illegible]

ਤੇ ਨਗੀਨਾ ਘਾਟ ਹਾਜ਼ਰੀ ਨਹੀਂ ਸੀ ਚਲਦੀ, ਇਹਨਾਂ ਦੇ ਚਿਤ ਵਿਚ ਕਿਸੀ ਪ੍ਰੇਰਨਾ ਕਰਕੇ ਉਤਸ਼ਾਹ ਹੋਇਆ। ਕਿ ਹਾਜ਼ਰੀ ਦੀ ਸੇਵਾ ਇਥੋਂ ਸ਼ੁਰੂ ਕੀਤੀ ਜਾਏ, ਜਿਸ ਲਈ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਦੇ ਮਸ਼ਵਰੇ ਨਾਲ ਅਕਾਲੀ ਹਰਦਿਤ ਸਿੰਘ ਨਿਹੰਗ ਸਿੰਘ ਨੇ ਤੇ ਭਾਈ ਨਿਧਾਨ ਸਿੰਘ ਜੀ ਨੇ ੭ ਫਰਵਰਦੀ ਦੀ ੧੩੨੩ ਫ਼ਸਲੀ ਵਿਚ ਇਕ ਦਰਖਾਸਤ ਸਰਬਰਾਹ ਸਾਹਿਬ ਪਾਸ ਦਿਤੀ ਕੇ 'ਅਸੀਂ ਅਪਨੇ ਖਰਚ ਪਰ ਉਸ ਬੁੰਗੇ ਦੀ ਤਾਮੀਰ ਕਰਨਾਂ ਚਾਹੁੰਦੇ ਹਾਂ ਜ ਨਗੀਨਾ ਘਾਟ ਦੇ ਨਜਦੀਕ ਗਿਰ ਰਿਹਾ ਹੈ ਸਾਨੂੰ ਅਜਾਜ਼ਤ ਦਿਤੀ ਜਾਏ' ਇਸ ਪਰ ੧੧ ਖੁਰਦਾਦ ੧੩੨੪ ਫਸਲੀ ਵਿਚ ਹੁਕਮ ਚੜਿਆ ਕੇ "ਬਾਦ ਤੈਹਮੀਰ ਏਹ ਬੁੰਗਾ ਗੁਰਦੁਆਰੇ ਸਾਹਿਬ ਦਾ ਤਸੱਵਰ ਹੋਵੇਗਾ" ਕੰਮ ਸ਼ੁਰੂ ਹੋਣ ਤੇ ਫਿਰ ਇਕ ਦਰਖਾਸਤ ਗੁਜਰੀ ਕੇ "ਏਹ ਬੁੰਗਾ ਭੀ ਗੁਰਦੁਆਰੇ ਸਾਹਿਬ ਦਾ ਹੈ ਤੇ ਬਾਵੜਾ ਭੀ ਗੁਰਦੁਆਰੇ ਸਾਹਿਬ ਦਾ ਹੀ ਹੋਵੇਗਾ ਇਸਲਈ ਬਾਵੜੇਦੀ ਅਜਾਜ਼ਤ ਦਿਤੀ ਜਾਏ"। ਇਸਤਰਾਂ ਤਿਆਰੀ ਹੋਣ ਪਰ ਹੁਣ ਬਾਹਰੋਂ ਆਈਆਂ ਸੰਗਤਾਂਸੇਵਾ ਕਰਦੀਆਂ ਅਤੇ ਸੁਖਪਾਂਦੀਆਂ ਹਨ ਪ੍ਰੰਤੂ ਅਹੰਤਾ ਮਮਤਾ ਕਰਕੇ 'ਧਨ ਅਰ ਭੂਮ ਪੁਰਾਤਨ ਬੈਰਾ" ਦੀ ਜੜ ਹੋ ਜਾਂਦੀ ਹੈ ਜਿਸਦਾ ਅਸਰ ਇਥੇ ਭੀ ਹੋਇਆ ਤੇ ਗੁਰਦੁਆਰੇ ਸਾਹਿਬ ਦੇ ਹਜ਼ਾਰਾਂ ਰੁਪਏ ਉਸ ਮੁਕਦਮੇ ਪਰ ਖਰਚ ਹੋਏ ਤੇ ਪਰਸਪਰ ਚਿਤਾਂ ਵਿਚ ਭੀ ਮਲਾਲ ਵਧੇ ਗੁਰੂ ਮੇਹਰ ਕਰੇ ਜੋ ਪਰਸਪਰ ਮੇਲ ਵਧੇ ਤੇ ਮਿਲਾਪ ਤੋਂ ਪਿਆਰ ਤੇ ਸੁਖ ਪ੍ਰਤਾਪ ਵਧੇ–ਇਥੇ ਹੁਨ ਬੁੰਗੇ ਨਾਲ ਇਕ ਗੁਰਦੁਆਰਾ ਸਾਹਿਬ ਭੀ ਤਿਆਰ ਹੋ ਚੁਕਾ ਹੈ ਜਿਥੇ ਨਿਤ ਕੀਰਤਨ ਆਦਿ ਭੀ ਹੁੰਦਾ ਹੈ।

੧
ਸ
ਮੰਨ
ਪਰੋ

## ਨਗੀਨਾ–ਘਾਟ

ਇਸ ਘਾਟ ਦੀ ਸੇਵਾ ਤੇ ੪੦੦੦੦) ਤੋਂ ਵਧੀਕ ਰਕਮ ਖਰਚ ਕਰਕੇ ਮਹਾਰਾਜਾ ਚੰਦੂ ਲਾਲ ਜੀ ਨੇ ਅਪਨੇ ਸਮੇਂ ਵਿਚ ਪੌੜੀਆਂ ਪਕੀਆਂ ਹੇਠੋਂ ਗੰਗਾ ਦੇ ਮੂਢ ਤੋਂ ਉਪਰ ਨੂੰ ਲਿਆਂਦੀਆਂ ਪਰੰਤੂ ਅਜੇ ਓਹੁ ਧੁਰ ਸਿਖਰ ਤੇ ਨਹੀਂ ਪੁਜੀਆਂ ਸ੍ਰੀ ਜੋ ਮਹਾਰਾਜਾ ਬਹਾਦਰ ਜੀ ਕੂਚ ਕਰ ਗਏ ਤੇ ਫਿਰ ਭਾਵੇਂ ਮੁਰੰਮਤ ਆਦਿ ਕੁਛ ਤਾਂ ਹੋਈ ਪਰੰਤੂ ਖਬੇ ਤੇ ਸਜੇ ਪਾਸੇ ਅਤੇ ਉਪਰ ਧੁਰ ਤਕ ਜੋ ਸੇਵਾ ਚਾਹੀਦੀ ਸੀ ਨਹੀਂ ਹੋ ਸਕੀ–ਕਿਆ ਚੰਗਾ ਹੋਵੇ ਕੇ ਕਮੇਟੀ ਤੇ ਮੁਖ ਅਧਕਾਰੀ ਮਹਾਰਾਜਾ ਕਿਸ਼ਨ ਪ੍ਰਸਾਦਿ ਜੀ ਦਾ ਧਿਆਨ ਇਸ ਪਾਸੇ ਦਿਲਾਕੇ ਇਹ ਘਾਟਾ ਪੂਰਾ ਕਰਾ ਲੈਨ, ਜਿਸ ਕਰਕੇ ਲੋੜ ਭੀ ਪੂਰੀ ਹੋ ਜਾਇ ਤੇ ਆਪ ਦੀ ਇਕ ਯਾਦਗਾਰ ਹਜ਼ੂਰ ਸਾਹਿਬ ਵਿਚ ਹੋਰ ਵਧ ਜਾਏ ? ਅਤੇ ਆਂਵਦਿਆਂ ਖਬੇ ਪਾਸੇ ਪਕਾ ਘਾਟ ਨ ਹੋਂਣ ਕਰਕੇ ਜੋ ਬਾਵੜਾ ਖਸਤਾ ਹਾਲ ਵਿਚ ਗੰਗਾ ਜੀ ਦੇ ਕਨਾਰੇ ਹੈ ਓਹੁ ਭੀ ਚੰਗੀ ਹਾਲਤ ਵਿਚ ਬਨ ਜਾਏ।

## ਬੰਦਾ ਘਾਟ ਗੁਰਦੁਆਰਾ

ਇਹ ਓਹੁ ਥਾਂ ਹੈ ਜਿਥੇ ਲਛਮਨ ਦਾਸ ਜੋ ਅਪਨਾ ਮੁਲਕ ਤੇ ਆਸ਼ਰਮ ਛਡਕੇ ਬੈਰਾਗੀ ਮਾਧੋ ਦਾਸ ਦੇ ਨਾਮ ਪਰ ਟਿਕਕੇ ਆ... ਸਾਧੂਆਂ ਦਾ ਤ੍ਰਿਸਕਾਰ ਮਸ਼ਕਰੀ ਕਰਕੇ ਕਰਦੇ ਸੀ ਪਰੰਤੂ "ਬੁ... ਕਰਨ ਤੇ ਲੋਕ ਹਟਾਓ" ਦੇ ਪੈਹਰੇ ਦਾਰ ਸਤਿਗੁਰੂ ਜੀ ਨੇ ... ਪੁਜਕੇ ਉਸਦੇ ਪਲੰਘ ਤੇ ਆਸਨ ਆ ਜਮਾਇਆ, ਆਖਰ ... ਕਰਕੇ ਕੈਹਣ ਲਗਾ 'ਮੈਂ ਬੰਦਾ ਹਾਂ ਆਪਦਾ' ਮਹਾਰਾ...

ਫੁਰਮਾਇਆ 'ਗੁਰੁ ਕੀ ਸੇਵਾ ਸੇਵਕੋ ਨਾਨਕ ਖਸਮੈਂ ਬੰਦਾ' ਯਾ "ਬੰਦੇ ਬੰਦਗੀ ਇਕ ਤੀਆਰ" ਤਦ ਸਤ ਬਚਨ ਕੈਹਕੇ ਸਿਖ ਬਣਿਆ, ਮਾਧੋ ਦਾਸ ਤੋਂ ਭਾਵੇਂ ਗੁਰਬਖਸ਼ ਸਿੰਘ ਹੋਇਆ ਪਰੰਤੂ ਪੰਥ ਵਿਚ 'ਬੰਦਾ ਬਹਾਦਰ' ਦੇ ਨਾਮ ਨਾਲ ਯਾਦ ਕੀਤਾ ਗਿਆ। ਬੰਦੇ ਬਹਾਦਰ ਨੂੰ ਅੰਤ ਪੰਥ ਵਿਚ ਇਤਫਾਕ ਨ ਰੈਹਣ ਤੇ ਸਤਕਾਰਿਆ ਨ ਜਾਣ ਤੇ ਪੁਰਾਤਨ ਖਾਲਸੇ ਨੇ ਇਸ ਥਾਂ ਵਲ ਪੈਹਲੇ ਘਟ ਧਿਆਨ ਦਿਤਾ ਇਸ ਕਰਕੇ ਕੋਈ ਪਕਾ ਬੁੰਗਾ ਨਹੀਂ ਬਣਿਆ ਪਰੰਤੂ ਕਚੇ ਮੈਹਲ ਕਈ ਵੇਰ ਉਸਰਦੇ ਰਹੇ।

ਅਰਸਾ ੬੦ ਸਾਲ ਤੋਂ ਅਕਾਲੀ ਹਰਨਾਮ ਸਿੰਘ ਨਿਹੰਗ, ਭਾਈ ਲਿਖਾਰਾ ਸਿੰਘ ਜੀ, ਭਾਈ ਫੂਲਾ ਸਿੰਘ ਜੀ ਆਦਿ ਸਜਨ ਪੰਜਾਬ ਵਲੋਂ ਆਕੇ ਇਥੇ ਫੂਸ ਦੇ ਮੈਹਲਾਂ ਵਿਚ ਗੁਰਮੁਖੀ ਗੁਰਬਾਣੀ ਦੇ ਪ੍ਰਚਾਰ ਕਰਨ ਦਾ ਪੈਹਰਾ ਦੇਂਦੇ ਰਹੇ ਜਿੰਨਾਂ ਦੇ ਚਾਟੜੇ (ਵਿਦਿਆਰਥੀ) ਅਕਾਲੀ ਹਜੂਰਾ ਸਿੰਘ ਨਿਹੰਗ, ਵਕੀਲ ਨਾਨੂੰ ਸਿੰਘ ਜੀ, ਮਾਸਟਰ ਸਦਾ ਸਿੰਘ ਜੀ ਤੇ ਹੋਰ ਸਜਨ ਮੌਜੂਦ ਹਨ ਤੇ ਜਦ ਸ: ਗੋਲਾ ਸਿੰਘ, ਸ: ਮਹਾਰਾਜ ਸਿੰਘ ਜੀ ਬੰਦਈ, ਸਿੰਘਾਂ ਦੇ ਮੁਖੀਏ ਸਿੰਧ ਵਿਚੋਂ ਸੰਗਤ ਸਮੇਤ ਇਥੇ ਆਏ ਤਦ ਇਨਹਾਂ ਨੇ ੧੨੦੦੦) ਤੋਂ ਵਧੀਕ ਦਮੜੇ ਖਰਚ ਕੇ ਗੁਰਦੁਆਰਾ ਤੇ ਖੂਹ ਪਕਾ ਬਣਵਾ ਦਿਤਾ ਹੈ, ਜਿਥੇ ਨਿਤ ਪ੍ਰਕਾਸ਼ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਹੋਂਦਾ ਹੈ ਅਤੇ ਬਿਹੰਗਮ ਸਿੰਘ ਨਿਵਾਸ ਕਰਦੇ ਹਨ, ਪਰੰਤੂ ਇਸ ਘਾਟ ਨੂੰ ਪਕਾ ਕਰਨ ਵਲ ਅਜੇ ਸੰਗਤਾਂ ਨੇ ਧਿਆਨ ਨਹੀਂ ਦਿਤਾ। ਲੋੜ ਹੈ ਕਿ ਇਸ ਪਾਸੇ ਭੀ ਉਪਕਾਰੀ ਸਜਣ ਧਿਆਨ ਦੇਕੇ ਕਮਰ ਕਸਾ ਕਰਨ ਅਤੇ ਦੂਰ ਦੂਰ ਤਕ ਜੋ ਇਸ ਗੁਰਦੁਆਰੇ ਤੇ ਘਾਟ ਨਾਲ ਜ਼ਮੀਨ ਹੈ ਵੇਹੜ ਰਖਣ, ਤਾਂ ਕਿ ਐਵੇਂ ਕੈਵੇਂ ਇਧਰ ਓਧਰ ਨ ਜਾਣਾ ਪਾਵੇ। ਹਰ ਇਕ ਸਿਖ ਮਾਈ ਭਾਈ ਨੂੰ ਇਥੇ ਜਾਕੇ ਭੀ ਜ਼ਰੂਰ ਦਰਸ਼ਨ ਯਾਤ੍ਰਾ ਦੁਆਰੇ ਚਰਨ ਤੇ ਨੇਤ੍ਰ ਸੁਫਲ ਕਰਨੇ ਚਾਹੀਏ, ਕਿਉਂ ਕਿ ਇਥੇ ਗੁਰੂ ਦਸਮੇਸ਼ ਜੀ ਨੇ ਚਰਨ ਪਾਕੇ

ਇਕ ਹੰਕਾਰੀ ਮਦਮਤੇ ਨੂੰ ਬਖਸ਼ਸ਼ ਕਰਕੇ ਨਿਵਾਜਿਆ ਹੈ, ਅਸੀਂ ਭੀ ਅਰਦਾਸ ਕਰੀਏ ਕਿ ਹੇ ਦਾਤਾਰ ! ਅਸੀਂ ਜੋ "ਅਵਗੁਣ ਭਰੇ ਏਕ ਗੁਣ ਨਾਹੀ" ਹਾਂ ਸਾਡੇ ਤੇ ਭੀ ਮੇਹਰ ਕਰੋ ਤਾਂ ਕਿ "ਤੁਮਰੀ ਕਿਰਪਾ ਤੇ ਮੋਹ ਮਾਨ ਛੂਟੈ ਬਿਨਸ ਜਾਇ ਭਰਮਾਈ"।

## ਸੰਗਤ ਸਾਹਿਬ ਗੁਰਦੁਆਰਾ ਸ਼ਹਿਰ ਨੰਦੇੜ

ਇਹ ਓਹ ਗੁਰਦੁਆਰਾ ਹੈ ਜਿਥੇ ਮਾਲ ਟੇਕੜੀ ਤੋਂ ਆਂਵਦਿਆਂ ਗੁਰੂ ਪਾਤਿਸ਼ਾਹ ਜੀ ਨੇ ਮਹਾਰ ਜ਼ਾਤੀ ਦੇ ਬ੍ਰਿਧ "ਹਰਿ ਦਰਸ ਪੇਖਹਿ ਕਬ ਆਖੀ" ਦੀ ਉਡੀਕ ਵਾਲੇ "ਨੈਨਹੁ ਤਾਰ ਤਿਹਾਰੀ" ਲਾਈ ਬੈਠੇ ਨੂੰ "ਦਰਸ਼ਨ ਦੇਖਤ ਦੋਖ ਨਸੇ" ਦਾ ਮਾਨ ਬਖਸ਼ ਕੇ ਆਖਿਆ 'ਮੰਗਲ !' ਜੋ ਚਾਹ ਹੈ ਮੰਗ ! ਪਰੰਤੂ ਗਦ ਗਦ ਹੋਏ ਇਸ ਪ੍ਰੇਮੀ ਦੇ "ਕਬਹੂ ਨ ਹੋਵੇ ਦ੍ਰਿਸ਼ਟਿ ਅਗੋਚਰ ਜੀਅ ਕੈ ਸੰਗ ਬਸੇ' ਦੇ ਭਾਵ ਵਾਲੀ ਦ੍ਰਿਸ਼ਟੀ ਨਾਲ ਹੀ ਇਸਦੀ ਆਤਮਾਂ "ਜੋਤੀ ਸੰਗ ਜੋਤਿ ਸਮਾਨਾ" ਵਾਲੀ ਉਚ ਪਦਵੀ ਪ੍ਰਾਪਤ ਕਰ ਗਈ ! ਮਹਾਰਾਜ ਨੇ ਧੌਂਸੇ ਤੇ ਚੋਟ ਲਵਾਈ, ਇਸ ਦਾ ਸੰਸਕਾਰ ਉਥੇ ਹੀ ਕਰਵਾਕੇ ਡੇਰਾ ਇਥੋਂ ਚਲਕੇ ਬੰਦੇ ਘਾਟ ਜਾ ਕੀਤਾ। ਇਸ ਗੁਰਦੁਆਰੇ ਦੀ ਇਮਾਰਤ ਪਕੀ ਕਰਨ ਦੀ ਸੇਵਾ ਮਹਾਰਾਜਾ ਵਜੀਰ ਸਿੰਘ ਜੀ ਫਰੀਦ ਕੋਟੀਏ ਨੇ ਕੀਤੀ ਸੀ। ੪੦ ਸਾਲ ਤੋਂ ਪਹਿਲੇ ਇਥੇ ਸ਼ਰਾਰਤੀ ਤਅੱਸਬੀ ਕੁਝ ਲੋਗ ਹਮੇਸ਼ ਜੁਧ ਜੰਗ ਛੇੜੀ ਰਖਦੇ ਸੀ, ਪਰ ਖਾਲਸਾ ਭੀ ਚੰਗੀ ਤਰਾਂ "ਜਬ ਆਵਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮੈਂ ਤਬ ਜੂਝ ਮਰਉ" ਨੂੰ ਜਾਣਦਾ ਸੀ। ਇਸੀ ਕਰਕੇ ਹਮੇਸ਼ ਮੈਦਾਨ ਇਹਨਾਂ ਦੇ ਹਥ ਰਹਿੰਦਾ, ਇਕ ਵੇਰ ਇਥੋਂ ਦੇ ਮੋਰਚੇ ਵਿਚ ਪ੍ਰਸਾਦੇ ਤੇ ਸ਼ਸਤ੍ਰ ਮਸਾਲਾ ਪੋਹਚਾਂਨ ਗਈਆਂ ਇਥੋਂ ਦੀਆਂ ਹਜ਼ੂਰੀ ਮਾਈਆਂ ਬੀਬੀਆਂ ਓਹ ਨਗਾਰਾ ਵਾਪਸੀ ਤੇ ਰੁਹੇਲਿਆਂ ਤੋਂ ਖੋਹ ਖਿਚ

ਆਈਆਂ ਜੋ ਬਹੁਤ ਅਰਸੇ ਤੋਂ ਓਹ ਅਚਾਨਕ ਹੀ ਅਭੜਵਾਹੇ ਖਾਲਸੇ ਤੋਂ ਇਕ ਮੋਰਚੇ ਵਿਚ ਲੈ ਗਏ ਸੀ।

ਭਾਵੇਂ ਇਥੇ ਧੂਪ ਦੀਪ ਲਈ ਪੁਜਾਰੀ ਗੁਰਦੁਆਰੇ ਹਜ਼ੂਰ ਸਾਹਿਬ ਵਲੋਂ ਮੁਕੱਰਰ ਹਨ, ਪਰੰਤੂ ਲੋੜ ਹੈ ਕਿ ਇਥੇ ਪੰਜ ਸਿੰਘ ਐਸੇ ਟਿਕਾਏ ਜਾਣ ਜੋ ਨਿਕਟ ਵਾਸੀਆਂ ਸ਼ਹਿਰ ਤੇ ਮਹਲੇ ਵਾਲਿਆਂ ਵਿਚ ਗੁਰਮੁਖੀ ਗੁਰਬਾਣੀ ਦਾ ਪ੍ਰਚਾਰ ਕਰਨ ਤੇ ਨਿਤ ਕੀਰਤਨ ਸਤਿਸੰਗ ਹੋਣ ਤੇ ਆਵਾਜਾਈ ਸੰਗਤਾਂ ਦੀ ਬਣੀ ਰਹੇ ਅਤੇ "......ਆਵਤਿ ਜਾਤਿਅਹੁ ਹਟਕੈ ਨਾਹੀ ਕੋਇ" ਤੇ "ਜਹਾ ਤਹਾ ਤੁਮ ਧਰਮ ਚਲਾਉ। ਕਬੁਧ ਕਰਨ ਤੇ ਲੋਕ ਹਟਾਉ" ਵਾਲੇ ਗੁਰਵਾਕ ਪਰ ਅਮਲ ਹੋਂਦਾ ਰਹੇ। ਜਿਥੇ ਸ੍ਰਬਰਾਹ ਸਾਹਿਬ ਜੀ ਨੂੰ ਇਸ ਲੋੜ ਵਲ ਧਿਆਨ ਦੇਣਾ ਚਾਹੀਏ, ਉਥੇ ਮਹਾਰਾਜਾ ਸਾਹਿਬ ਫਰੀਦ ਕੋਟ ਜੀ ਨੂੰ ਭੀ ਇਸ ਗੁਰਦੁਆਰੇ ਦੀ ਰੌਣਕ ਵਧਾਣ ਵਲ ਖਾਸ ਧਿਆਨ ਦੇਣਾ ਚਾਹੀਏ ਅਤੇ ਆਈਆਂ ਸੰਗਤਾਂ ਨੂੰ ਭੀ ਖਿਆਲ ਨਾਲ ਦਰਸ਼ਨ ਕਰਨੇ ਚਾਹੀਏ।

## ਮਾਲ ਟੇਕੜੀ ਸਾਹਿਬ ਗੁਰਦੁਆਰਾ

ਨੰਦੇੜ ਤੋਂ ਉਤਰ ਵਲ, ਤਖਤ ਸਾਹਿਬ ਤੋਂ ਕਰੀਬ ਇਕ ਮੀਲ ਦੇ ਫਾਸਲੇ ਪਰ ਰੇਲ ਦੀ ਪਟੜੀ ਲੰਘ ਕੇ ਇਕ ਟਿਬੇ ਤੇ ਕੁਝ ਇਕ ਪਾਸੇ ਦੀ ਉਚਾਈ ਪਰ ਮੰਜੀ ਸਾਹਿਬ (ਥੜਾ ਸਾਹਿਬ) ਦੀ ਸ਼ਕਲ ਵਿਚ ਗੁਰਦੁਆਰੇ ਸਾਹਿਬ ਦਾ ਨਿਸ਼ਾਨ ਇਥੇ ਕਾਇਮ ਹੈ ਜਿਸਨੂੰ ਪੁਰਾਣੇ ਇਤਿਹਾਸ ਵਿਚ 'ਮਾਲਟੇ ਨਾਮੀ ਟਿਲਾ' ਤੇ 'ਚਕਰੀ ਮਾਲ' ਭੀ ਲਿਖਿਆ ਹੈ। ਇਥੇ ਗੁਰੂ ਦਸਮੇਸ਼ ਜੀ ਨੇ ਆਕੀ ਹੋ ਜਾਂਦੀਆਂ ਫੌਜਾਂ ਨੂੰ ਢਾਲੇ ਨਾਲ ਧੰਨ (ਰੁਪਏ ਅਸ਼ਰਫੀਆਂ) ਵਰਤਾਕੇ ਸੰਤੁਸ਼ਟ ਕੀਤਾਸੀ, ਇਥੋਂ ਹੀ ਚਲਕੇ ਆਪ ਸੰਗਤ ਸਾਹਿਬ ਨਗੀਨਾਘਾਟ ਹੋਕੇ ਬੰਦੇ ਘਾਟ ਪੁਜੇ ਸੀ।

ਇਥੇ ਪਰੰਪਰਾ ਤੋਂ ਧੂਪ, ਦੀਪ, ਅਸ਼ਨਾਨ ਝਾੜੂ ਲਈ ਦਰਬਾਰ ਵਲੋਂ ਪ੍ਰਬੰਧ ਰਹਿੰਦਾ ਸੀ, ਇਥੇ ਨਾਲ ਕਰਕੇ ਨਗਰ ਦੇ ਇਕ ਬ੍ਰਹਮਨ ਨੇ ਮੁਸਾਫਰ ਖਾਨੇ (ਧਰਮਸਾਲ) ਨੂੰ ਬਣਵਾ ਦਿਤਾ ਸੀ, ਇਸ ਤਰਫ ਕਿਸੀ ਫਕੀਰ ਮੁਸਲਮਾਨ ਦੀ ਕਬਰ ਹੋਣ ਕਰਕੇ ਅਕਸਰ ਸ਼ੈਹਰੀ ਮੁਸਲਮਾਨ ਭੀ ਆਂਵਦੇ ਜਾਂਦੇ ਰਹਿੰਦੇ ਹਨ, ਪਰੰਤੂ ਪਲੇਗ ਦੇ ਦਿਨਾਂ ਵਿਚ ਕੁਛ ਸਾਲਾਂ ਤੋਂ ਝੌਂਪੜੇ ਭੀ ਇਧਰ ਹੀ ਬਨਾਂਦੇ ਹਨ, ਇਕ ਵੇਰ ਅਰਸ਼ਾ ਹੋਇਆ ਹੈ ਪਹਿਲੀ ਧਰਮਸਾਲਾ ਖ਼ਸਤਾਨੀ ਹੋ ਜਾਣ ਕਰਕੇ ਮੁਰੰਮਤ ਭੀ ਸ਼ਹਿਰਦੇ ਲੋਕਾਂ ਤੇ ਕਮੇਟੀ ਵਲੋਂ ਹੋਈ ਕਹੀ ਜਾਂਦੀ ਹੈ।

੧੬–੧੭ ਦਸੰਬਰ ੧੯੨੬ ਦੀ ਰਾਤ ਨੂੰ ਪਲੇਗ ਦੇ ਭਗੋੜੇ ਜੋ ਇਧਰ ਹੀ ਉਤਰੇ ਹੋਏ ਸਨ ਉਹਨਾਂ ਨੇ ਗੁਰਦੁਆਰੇ ਦਾ ਥੜਾ ਪੁਟਕੇ ਕਬਰ ਬਣਾ ਲੀਤੀ ਤੇ ਇਕ ਹਸਪਤਾਲ ਵਿਚ ਮੋਏ ਹੋਏ ਮੁਸਲਮਾਨ ਦੀ ਲਾਸ਼ ਆਣ ਦਫ਼ਨ ਕੀਤੀ ਤੇ ਨਾਲ ਹੀ ਹੋਰ ਫਰਜ਼ੀ ਕਬਰਾਂ ਭੀ ਬਨਾਈਆਂ ਦਿਨ ਨੂੰ ਪੁਜਾਰੀ ਸਿੰਘ ਦੇ ਜਾਨ ਪਰ ਰਸਤੇ ਵਿਚ ਉਸਨੂੰ ਰੋਕਿਆ ਤੇ ਮਾਮਲਾ ਸਰ-ਕਾਰੇ ਚਲ ਪਿਆ। ਕਾਨੂੰਨੀ ਕਾਰਰਵਾਈ ਵਿਚ ਪੰਥ ਦਾ ਖਰਚ ਬਹੁਤ ਹੋਇਆ, ਮੁਕਾਮੀ ਲੋਕਾਂ ਦੀ ਸ਼ਰਾਰਤ ਨਾਲ ਕੁਛ ਹੋਰ ਮੁਕਦਮੇ ਸਿਖਾਂ ਪਰ ਬਛਾਏ ਗਏ, ਗੁਰਦੁਆਰੇ ਤਖ਼ਤ ਸਾਹਿਬ ਪਰ ਹਮਲਾ ਕੀਤਾ ਗਿਆ। ਚੰਦ ਸਿਖ ਭੁਯੰਗੀਆਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ, ਕਿਤਨੇ ਹੀ ਬੇਕਸੂਰ ਸਿੰਘ ਇਸ ਮਾਮਲੇ ਵਿਚ ਲਪੇਟੇ ਗਏ ਤੇ ਵਧ ਤੋਂ ਵਧ ਸਜ਼ਾਵਾਂ ਭੋਗ ਰਹੇ ਹਨ। ਇਸਦੇ ਆਖਰੀ ਫੈਸਲੇ ਲਈ ਨਜ਼ਾਮ ਸਰਕਾਰ ਦੀ ਇੰਨਸਾਫ਼ੀਆ ਪਾਲਸੀ ਕਰਕੇ ਕਲਕਤੇ ਤੋਂ ਸਰ. H. Cuming ਸਾਹਿਬ ਜਜ ਹਾਈ ਕੋਰਟ, ਹੈਦਰਾਬਾਦ ਪੁਜੇ, ਸ. ਬ. ਭਾਈ ਕਾਹਨ ਸਿੰਘ ਜੀ ਨਾਭਾ, ਸੰਤ ਭਾਈ ਜੁਵਾਲਾ ਸਿੰਘ ਜੋ ਪਟਿ-ਆਲਾ, ਤੇ ਦਾਸ ਲੇਖਕ (ਅਕਾਲੀ ਕੌਰ ਸਿੰਘ ਨਿਹੰਗ ਕਸ਼ਮੀਰ)

ਗਵਾਹਾਂ ਦੇ ਤੌਰ ਪੇਸ਼ ਹੋਏ, ੭ ਦਸੰਬਰ ਫੈਸਲਾ ਖਾਲਸੇ ਦੇ ਹਕ ਵਿਚ ਸੁਨਾਯਾ ਗਿਆ, ੮ ਜਨਵਰੀ ਅਪਨੀ ਦਫਨ ਲਾਸ਼ ਮੁਸਲਮਾਨ ਭਰਾਵਾਂ ਨੇ ਕਢ ਲੀਤੀ, ੯ ਜਨਵਰੀ.........ਤੋਂ ਕਬਜ਼ਾ ਖਾਲਸੇ ਦਾ ਹੋ ਜਾਣ ਤੇ ਚਾਰੋਂ ਤਰਫ਼ ਇਕ ਉਚੀ ਦੀਵਾਰ ਬਨਾ ਕੇ ਇਕ ਪਾਸਿਓਂ ਅੰਦਰ ਜਾਣ ਲਈ ਪਥਰ ਦੀਆਂ ਪੌੜੀਆਂ ਬਣਾਈਆਂ ਗਈਆਂ, ਪਰੰਤੂ ਲੋੜ ਹੈ ਕਿ ਜਿਸਤਰਾਂ ਸਿਖ ਮਹਾਰਾਜਿਆਂ, ਰਈਸਾਂ ਵਲੋਂ ਸਰ. ਸੁੰਦਰ ਸਿੰਘ ਜੋ ਮਜੀਠੀਏ ਤੇ ਚੀਫ਼ ਖਾਲਸਾ ਦੀਵਾਨ, ਸ਼੍ਰੋਮਣੀ ਅਕਾਲੀ ਦਲ, ਸ਼੍ਰੋ: ਗੁਰਦੁਆਰਾ ਪ੍ਰ: ਕਮੇਟੀ ਤੇ ਹੋਰ ਸਿੰਘ ਸਭਾਵਾਂ ਜਥਿਆਂ, ਪੰਥਕ ਸੁਸਾਇਟੀਆਂ ਤੇ ਪੰਥ ਨੇ ਅਪਣੀ ਮਿਲਵੀਂ ਅਵਾਜ਼ ਤੇ ਕੋਸ਼ਸ਼ ਦੁਆਰੇ ਏਹ ਇਨਸਾਫ ਹਾਸਲ ਕੀਤਾ ਹੈ ਇਸੇਤਰਾਂ ਓਹ ਛੇਤੀ ਹੀ ਇਸ ਅਸਥਾਨ ਦੀ ਸੁਧੀ ਲਈ ਪਾਠ, ਯਗ, ਸੇਵਾ ਕਰਕੇ ਇਸਨੂੰ ਬਾਕਾਇਦਾ ਗੁਰਦੁਆਰੇ ਦੀ ਤਰਾਂ ਵਰਤਨ ਯੋਗ ਬਨਾਣ ਦਾ ਭੀ ਉਦਮ ਕਰਨ ਤਾਂ ਕਿ ਮੁੜ ਕਿਸੀ ਸ਼ਰਾਰਤੀ ਦੀ ਸ਼ੈਹ ਪਰ ਮੁਲਕ ਤੇ ਕੌਮ ਵਿਚ ਮੁੜ ਕੋਈ ਫਸਾਦ ਪੈਦਾ ਹੋਣ ਦਾ ਅੰਦੇਸ਼ਾ ਨਾ ਰਹੇ।

ਇਸ ਇਨਸਾਫੀ ਸਲੂਕ ਨੇ ਨਜ਼ਾਮ ਸਰਕਾਰ ਤੇ ਉਨਾਂ ਦੇ ਸ਼ਾਹੀ ਖਾਨਦਾਨ ਦੀ ਇਜ਼ਤ ਮੁਹੱਬਤ ਸਬੰਧੀ ਜਿਥੇ ਸਿਖਾਂ ਦੇ ਦਿਲਾਂ ਵਿਚ ਹੋਰ ਚਾਰ ਚੰਨ ਲਾ ਦਿਤੇ ਹਨ ਉਥੇ ਸਿਖ ਕੌਮ ਆਪਦੀ ਨਿਹਾਇਤ ਮਸ਼ਕੂਰ ਭੀ ਹੈ, ਕਿਉਂ ਕਿ ਕੌਮ ਨੂੰ ਯਕੀਨ ਹੋ ਰਿਹਾ ਹੈ, ਜੋ ਜਿਸ ਰਿਆਸਤ ਦੀ ਹਫ਼ਾਜ਼ਤ ਤੇ ਵਾਧੇ ਲਈ ਸਾਡੇ ਬਜ਼ੁਰਗਾਂ ਨੇ ਅਪਨਾ ਖ਼ੂਨ ਡੋਲ੍ਹਿਆ ਤੇ ਹੋਰ ਲੋੜ ਪੈਨ ਤੇ ਫਿਰ ਬਰ ਤਿਆਰ ਹਨ ਉਸਦਾ ਹੁਕਮਰਾਨ (ਮਾਲਕ) ਬਿਸਵੀਂ ਸਦੀ ਵਿਚ ਭੀ ਜੇ 'ਨੌਸ਼ੇਰਵਾਂ' ਨਹੀਂ ਤਦ ਅੱਲਾ ਦਾ ਸਚਾ ਮੰਨਨ ਵਿਚ ਇਕਤਰਾਂ ਘਟ ਗੁਜ਼ਾਰਨ ਵਾਲਾ ਭੀ ਨਹੀਂ ਮੰਨ ਅੱਲਾ ਤਾਲਾ ਜੀ ਦੇ ਹੁਕਮ ਜੋ ਇਨਸਾਫ਼ ਦੇ ਮੁਤਅੱਲਕ ਕੁਰਾਨ ਸ਼ਰੀਫ ਅੰਦਰ ਆਏ ਹਨ ਓਹੁ ਇਸਤਰਾਂ ਹਨ।

(ੳ) ਕੈਸਾ ਭੀ ਕੋਈ ਅਪਨੇ ਕਾਰੋਬਾਰ ਦੇ ਫੈਸਲੇ ਲਈ ਤੁਸਾਂ ਪਾਸ ਆਵੇ ਜੋ ਫੈਸਲਾ ਕਰੋ ਤਾਂ ਇਨਸਾਫ ਨਾਲ ਕਰੀਓ। ੪੨/੫

(ਅ) ਹਰ ਹਾਲ ਵਿਚ ਇਨਸਾਫ਼ ਕੀਤਾ ਕਰੋ ਪ੍ਰਹੇਜ਼ਗਾਰੀ ਨੂੰ ਇਹ ਰਸਤਾ ਨਜ਼ਦੀਕ ਹੈ। ੯/੫

(ੲ) ਫੈਸਲਾ ਭਾਵੇਂ ਆਪਣੇ ਦੇ ਬਰਅਕਸ ਹੋਵੇ, ਇਨਸਾਫ਼ ਨਾਲ ਕਰੋ। ੧੫੩/੬

(ਸ) ਦਗੇਬਾਜ਼ਾਂ ਦੇ ਸਾਥੀ ਨ ਬਣੋ। ੯੯/੪

(ਹ) ਅੱਲਾ ਇਨਸਾਫ਼ ਕਰਨ ਵਾਲਿਆਂ ਨੂੰ ਮਿੱਤਰ ਰਖਦਾ ਹੈ। ੪੨/੫

(ਕ) ਜੋ ਫ਼ਸਾਦ ਫੈਲਾਣ ਦੀ ਗ਼ਰਜ਼ ਨਾਲ ਮੁਲਕ ਵਿਚ ਫਿਰਦੇ ਹਨ, ਤਲਾਸ਼ ਕਰਕੇ ਕਤਲ ਕਰੋ, ਸੂਲੀ ਦਿਓ, ਸਿਧੇ ਪੁਠੇ ਕਰਕੇ ਹਥ ਪੈਰ ਵਢੋ ਤੇ ਦੇਸ਼ ਨਿਕਾਲਾ ਦਿਓ। ੩੩/੫

(ਖ) ਜੇ ਅੱਲਾ ਤੇ ਕਿਆਮਤ ਪਰ ਯਕੀਨ ਰਖਦੇ ਹੋ, ਤਦ ਗੁਨਾਹਗਾਰ ਪਰ ਜਾਣ ਬੁਝਕੇ ਕਿਸੀ ਲਿਹਾਜ਼ ਨਾਲ ਰਹਿਮ ਨਾ ਕਰਨਾ। ੨/੨੪

ਇਸ ਲਈ ਸਿਖ ਪਬਲਕ ਨੂੰ ਯਕੀਨ ਹੈ ਕਿ ਸਰਕਾਰ ਨਜ਼ਾਮ ਵਲੋਂ ਕਿਸੀ ਵੇਲੇ ਭੀ ਅਪਣੀ ਪਰਜਾ ਤੇ ਸੁਹਿਰਦ ਵਾ ਨਿਮਕ ਹਲਾਲ, ਸਿਖ ਕੌਮ ਨਾਲ ਕਿਸੀਤਰਾਂ ਜਬਰ ਯਾ ਬੇ ਇਨਸਾਫੀ ਵਾਲਾ ਸਲੂਕ ਨਹੀਂ ਹੋਣਾ ਪਾਇਗਾ ? ਪਰੰਤੂ ਕੁ ਅਰਸੇ ਤੋਂ ਗੁਰਦੁਆਰਾ 'ਨਾਨਕ ਝੇਰਾ (ਝੀਰਾ) ਬਿਦਰ' ਦੇ ਸਮਾਚਾਰ ਸਿਖਾਂ ਦੇ ਕੰਨਾ ਤਕ ਕੁਛ ਗੈਰ ਖੁਸ਼ਗਵਾਰ ਪਹੁੰਚ ਰਹੇ ਹਨ ਕਿਆ ਚੰਗਾ ਹੋਵੇ ਕਿ ਗੁਰਦੁਆਰਾ ਬੜਾਨਾਕਾ ਹੈਦਰਾਬਾਦ

ਗੁਰਦੁਆਰਾ ਹਜੂਰ ਸਾਹਿਬ, ਚੀਫ਼ ਖ਼ਾਲਸਾ ਦੀਵਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੂਰੀ ਪੂਰੀ ਤਹਿਕੀਕਾਤ ਕਰਕੇ ਮੁਕੰਮਲ ਰਪੋਟ ਨਜ਼ਾਮ ਸਟੇਟ ਤੇ ਪੰਥ ਦੇ ਪੇਸ਼ ਕਰਨ ਯਾ ਹਜ਼ਰਤ ਆਲਾ ਸਰਕਾਰ ਨਜ਼ਾਮ ਹੀ ਕਿਸੇ ਜ਼ਿਮੇਵਾਰ ਅਫਸਰ ਦੀ ਰਾਹੀਂ ਸ਼ਾਹੀ ਫ਼ੁਰਮਾਨ ਦੁਆਰੇ ਤਹਿਕੀਕਾਤ ਕਰਾਕੇ ਐਲਾਨ ਕਰਨ ਦੀ ਕਿਰਪਾਲਤਾ ਕਰੇ।

## ਹੀਰਾ ਘਾਟ ਗੁਰਦੁਵਾਰਾ

ਇਹ ਗੁਰਦੁਵਾਰਾ ਤਖ਼ਤ ਸਾਹਿਬ ਤੋਂ ਦਖਣ ਵਲ ੬ ਮੀਲ ਦੇ ਫਾਸਲੇ ਪਰ ਗੁਦਾਵਰੀ ਦੇ ਕਿਨਾਰੇ ਉਤੇ ਹੈ, ਇਥੇ ਹੀ ਮਹਾਰਾਜ ਦੇ ਬੁਰਹਾਨਪੁਰ ਤੋਂ ਪੁਜਣ ਬਾਦ ਬਹਾਦਰ ਸ਼ਾਹ ਨੇ ਪਹਿਲੀ ਵੇਰ ਆਕੇ ਦਰਸ਼ਨ ਕੀਤੇ ਸੀ ਅਤੇ ਇਕ ਵਡਮੁਲਾ ਹੀਰਾ ਤੇ ਕੁਝ ਹੋਰ ਜਵਾਹਰਾਤ ਭੇਟਾ ਕੀਤੀ ਸੀ ਅਤੇ ਦਿਲ ਵਿਚ ਖ਼ਿਆਲ ਕੀਤਾ ਸੀ ਕਿ "ਐਸੀਆਂ ਨਾਯਾਬ ਚੀਜ਼ਾਂ ਕੌਣ ਹੈ ਜਿਸਦੇ ਪਾਸ ਹੋਣ ਤੇ ਓਹ ਕਿਸੀ ਨੂੰ ਦੇ ਦੇਵੇ ?" ਮਹਾਰਾਜ ਨੇ ਓਹ ਹੀਰਾ ਗੁਦਾਵਰੀ ਵਿਚ ਸੁਟ ਦਿਤਾ ਤਾਂ ਪਾਤਸ਼ਾਹ ਬੜਾ ਪਰੇ-ਸ਼ਾਨ-ਹੈਰਾਨ ਹੋਇਆ ਤੇ ਸਮਝਿਆ ਕਿ ਇਨ੍ਹਾਂ ਨੂੰ ਇਸਦੀ ਖ਼ਬਰ ਨਹੀਂ ਹੋਵੇਗੀ ਕਿ ਇਹ ਕਿਆ ਚੀਜ਼ ਹੈ।

ਮਹਾਰਾਜ ਨੇ ਬਹਾਦਰ ਸ਼ਾਹ ਨੂੰ ਆਖਿਆ ਜਾਓ ਗੁਦਾਵਰੀ ਚੋਂ ਬੁਕ ਭਰ ਲੌ ਹੀਰਿਆਂ ਦਾ, ਤੁਰਤ ਉਠਕੇ ਬਾਦਸ਼ਾਹ ਨੇ ਬਰੇਤੇ ਦਾ ਜਾ ਭਰਿਆ ਤੇ ਬਾਹਰ ਕਢ ਕੇ ਡਿਠਾ ਜੋ [illegible]ਰ ਕੀਮਤੀ ਹੀਰੇ ਹਨ, ਇਸ ਲਈ ਗੁਰੂ ਜੀ ਦੀ ਚਰਨੀ [illegible] ਤੇ ਕਈ ਤਰ੍ਹਾਂ ਦੇ ਬਚਨ ਸੁਣ ਕਰ ਨਿਰਮਾਨ ਤੇ [illegible]ਲ ਹੋਇਆ। ਇਸੀ ਜਗ੍ਹਾ ਜ਼ਿਕਰ ਵਿਚ ਆਇਆ ਹੈ [illegible]ਨੇ ਸਿਖੀ ਨਿਸ਼ਾਨ ਦੇ ਸਬੰਧ ਵਿਚ ਪ੍ਰਸ਼ਨ ਕੀਤਾ ਤਦ

ਮਹਾਰਾਜ ਨੇ ਧਾਰਨਾ ਲਈ "ਕੜਾ ਕਾਰਦੋ ਕਛ ਕੰਘਾ ਬਿਦਾਂ। ਬਿਨਾ ਕੇਸ ਹੇਚ ਅਸਤ ਜੁਮਲਹ ਨਿਸ਼ਾਂ" ਅਤੇ ਤਿਆਗਣ ਲਈ–'ਹੁਕਾ, ਹਜਾਮਤ, ਹਲਾਲੋ, ਹਰਾਮ" ਤੇ ਕੇਸਾਂ ਦਾ ਰੰਗ ਬਦਲਾਵਣ ਵਾਲੇ ਪਦਾਰਥ ਨੂੰ ਦਰਸਾਇਆ।

ਇਥੇ ਹੀ ਨਦੀ ਦੇ ਪਾਰ ਤੋਂ ਇਕ ਸਿਧ ਨਾਥ ਦੀਵਾਰ ਤੇ ਸਵਾਰ ਹੋ ਕੇ ਆਇਆ ਜੋ ਗੁਰੂ ਜੀ ਦੇਸਾਹਮਣੇ ਆਉਂਦੇ ਹੀ ਖੜੋ ਗਈ ਤੇ ਲਾਚਾਰ ਓਹ ਸਿਧ ਪੈਦਲ ਚਲਕੇ ਮਹਾਰਾਜ ਦੇ ਪਾਸ ਪੁਜਾਤੇ ਚਰਨ ਸੇਵਕ ਬਣਿਆਂ। ਇਹ ਦੀਵਾਰ ਅਜੇ ਤਕ ਹੀਗਾ ਘਾਟ ਦੇ ਪਾਰਲੇ ਪਾਸੇ ਖੜੋਤੀ ਵੇਖੀ ਜਾਂਦੀ ਹੈ।

ਇਥੇ ਲੋੜ ਹੈ ਕੁਝ ਤਾਂ ਸਿਖ ਅਬਾਦੀ ਵਧਾਈ ਜਾਏ ਅਤੇ ਗੁਰਦਵਾਰੇ ਦੇ ਇਰਦ ਗਿਰਦ ਬਗੀਚਾ ਲਾਇਆ ਜਾਏ ਪਰੰਤੂ ਆਏ ਯਾਤਰੂਆਂ ਨੂੰ ਇਕਠੇ ਹੋਕੇ ਇਕ ਇਕ ਦੋ ਦੋ ਦਿਨ ਤੇ ਰਾਤਾਂ ਲਾਕੇ ਇਸ ਤਰ੍ਹਾਂ ਦੇ ਨਿਕਟੀ ਗੁਰਦਵਾਰਿਆਂ ਵਿਚ ਸਤਸੰਗ ਸੇਵਾ ਤੇ ਭਜਨ ਕਰਨ ਦਾ ਭੀ ਜਤਨ ਕਰਨਾ ਚਾਹੀਏ ਅਤੇ ਇਥੋਂ ਦੇ ਗ੍ਰੰਥੀ ਸਿੰਘ ਜੀ ਦੇ ਮਕਾਨ ਅਰ ਖੁਰਾਕ ਗੁਜ਼ਰਾਨ ਵਲ ਭੀ ਧਿਆਨ ਦੇਣਾ ਚਾਹੀਏ।

ਕਿਆ ਚੰਗਾ ਹੋਵੇ ਕਿ ਇਨਹਾਂ ਗੁਰਦਵਾਰਿਆਂ ਦੇ ਗ੍ਰੰਥੀਆਂ ਦੀ ਯੋਗ ਗੁਜ਼ਰਾਨ ਜੇ ਨਹੀਂ ਹੋਂਦੀ ਤਦ ਬਿਹੰਗਮਸਿੰਘ ਗ੍ਰੰਥੀ ਮੁਕੱਰਰ ਕੀਤੇ ਜਾਣ ਤੇ ਗ੍ਰਹਿਸਤੀ ਵੀਰਾਂ ਨੂੰਖੁਲ੍ਹੇ ਖੇਤ ਵਾਹ ਕੇ ਤੇ ਨੌਕਰੀਆਂ ਵਪਾਰ ਕਰਕੇ ਬਸਤੀਆਂ ਵਿਚ ਵਸ ਕੇ ਸੁਖ ਲੈਣ ਦੇਣਾਂ ਚਾਹੀਏ, ਕਿਉਂਕਿ ਇਹਨਾਂ ਥਾਵਾਂ ਤੇ ਤਾਂ ਭਜਨ ਕੀਰਤਨ ਵਾਲਿਆਂ ਲਈ ਹੀ ਪ੍ਰਸ਼ਾਦੇ ਨਿਰਬਾਹ ਲਈ ਹਨ ਘਰ ਦੇ ਨਿਰਬਾਹ ਲਈ ਕਾਫ਼ੀ ਨਹੀਂ ?

# ਮਾਤਾ ਸਾਹਿਬ ਘਾਟ

## ਮਾਤਾ ਸਾਹਿਬ ਦੇਵਾਂ ਜੀ ਦਾ ਗੁਰਦੁਆਰਾ


ਹੀਰਾ ਘਾਟ ਤੋਂ ਪੌਣੇ ਮੀਲ ਦੇ ਕਰੀਬ ਪੂਰਬ ਵਲ ਮਾਤਾ ਜੀਦੇ ਗੁਰਦੁਆਰੇ ਸਾਹਿਬ ਦੀ ਇਮਾਰਤ ਤਿਆਰ ਹੋ ਰਹੀ ਹੈ। ਨੀਹਾਂ ਤੇ ਚਿਣਾਈ ਬਹੁਤੀ ਧਿਆਨ ਨਾਲ ਨ ਬਣਨ ਕਰਕੇ ਹੁਣੇ ਹੀ ਤਰੇੜਾਂ ਆ ਗਈਆਂ ਹਨ ਅਜੇ ਨੀਂਹ ਤੋਂ ਉਪਰ ਇਕ ਛੱਤ ਹੇਠਲੀ ਤਿਆਰ ਹੋਈ ਹੈ, ਜਿਸ ਪਰ ਉਪਰਲੀ ਛਤ ਦੀਵਾਨ ਲਗਣ ਵਾਲੀ ਬਣੇਗੀ। ਇਸ ਗੁਰਦੁਆਰੇ ਦਾ ਨਾਮ ਨ ਮਲੂਮ ਕਿਉਂ ਇਹ ਮਸ਼ਹੂਰ ਹੋਗਿਆ ਹੈ ਕਿ 'ਮਾਤਾ ਸੁੰਦਰੀ ਜੀ ਦਾ ਗੁਰਦੁਆਰਾ' ਪਰੰਤੂ ਦੱਖਣ ਵਿਚ ਤਾਂ ਮਾਤਾ ਸੁੰਦਰੀ ਜੀ ਆਏ ਹੀ ਨਹੀਂ ਕਿਉਂਕਿ ਇਤਿਹਾਸ ਤਾਂ ਦਸਦਾ ਹੈ ਕਿ "ਰਹੁਤਾਸ (ਜੇਹਲਮ) ਨਿਵਾਸੀ ਭਾਈ ਰਾਮਾ ਬਸੀ ਜੀ (ਦੰਪਤੀ) ਨੇ ਪਰਣ ਕੀਤਾ ਕਿ ਪਹਿਲੀ ਸੰਤਾਨ ਗੁਰੂ ਕੀ ਸੇਵਾ ਲਈ ਹਾਜ਼ਰ ਕਰਾਂਗੇ। ਕੁਦਰਤ ਨੇ ਬੀਬੀ ਜੀ ਨੂੰ ਜਨਮ ਦਿਤਾ। ਪੜ੍ਹਾਈ, ਸਿਖਾਈ, ਜੁਵਾਂ ਹੋਣ ਤਕ ਅਜ ਚਲਦੇ ਹਾਂ, ਕਲ੍ਹ ਚਲਦੇ ਹਾਂ, ਅਜ ਮਹਾਰਾਜ ਅਨੰਦ ਪੁਰ ਹਨ, ਅਜ ਪਾਂਵਟੇ ਹਨ, ਅਜ ਜੁਧ ਜੰਗ ਹੈ, ਅਜ ਖ਼ਾਲਸੇ ਨੂੰ ਬੁਲਾਇਆ ਹੈ ਆਦਿਕ ਸੋਆਂ ਪੁਜਦੀਆਂ ਰਹੀਆਂ। ਲਾਚਾਰ ਚਲ ਪਏ ਤੇ ਅਨੰਦ ਪੁਰ ਪੁਜੇ। ਬਚਨ ਵਿਚਾਰ ਹੋ ਕੇ ੧੯ ਵਿਸਾਖ ੧੭੫੭ ਵਿਚ ਅਨੰਦ ਅਰਦਾਸ ਹੋਣ ਪਿਛੋਂ ਸਾਹਿਬ ਦੇਵਾਂ ਜੀ ਮਹਿਲਾਂ ਵਿਚ ਮਾਤਾ ਗੁਜਰੀ ਜੀ ਦੇ ਟਹਿਲੇ ਵਿਚ ਭੇਜੇ ਗਏ।

੧੭੫੪ ਤੋਂ ਪਹਿਲੇ ਚਾਰੇ ਸਾਹਿਬਜਾਦੇ ਜਨਮ ਲੈ ਚੁਕੇ ਸਨ। ੧੭੫੫ ਵਿਚ ਮਹਾਰਾਜ ਨੇ ਬ੍ਰਹਮਚਰਜੀ ਯਾ ਜਤਿਦ੍ਰੇ ਰਹਿਣਾਂ ਸਵੀਕਾਰ ਕਰ ਲੀਤਾ ਸੀ, ਪਰੰਤੂ ਮਾਤਾ ਸਾਹਿਬ ਦੇਵਾਂ ਜੀ ਦਾ ਮੰਨ ਸਹੇਲੀਆਂ-ਪ੍ਰਵਾਰ ਵਲੋਂ 'ਘਟਾ ਨੀਸਾਨ' ਦੇ ਖਿਆਲ ਵਲ ਪਰੇਰਿਆ ਹੋਇਆ ਉਦਾਸ ਸਮਝਕੇ ਗੁਰੂ ਜੀ ਨੇ ਖ਼ਾਲਸਾ


ਪੰਥ ਦੀ ਮਾਤਾ ਕਰਾਰ ਦੇ ਕੇ ਖਾਲਸਾ ਪੰਥ ਹੀ ਇਹਨਾਂ ਦੀ ਗੋਦੀ ਪਾਇਆ। ਇਸੀ ਕਰਕੇ ਅੰਮ੍ਰਿਤ ਛਕਣ ਵੇਲੇ ਹੁਕਮ ਹੋਂਦਾ ਹੈ, ਪਿਤਾ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਦੇਵਾਂ ਜੀ, ਜਨਮ ਪਟਨਾ ਸਾਹਿਬ, ਵਾਸੀ ਅਨੰਦਪੁਰ ਗੁਰੂ ਦਸ ਗੁਰਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਮੰਤ੍ਰ ਵਾਹਿਗੁਰੂ, ਤੇ ਪੰਥ ਖ਼ਾਲਸਾ।

ਮਾਤਾ ਗੁਜਰੀ ਜੀ ਦੇ ਸ਼ਾਂਤ ਹੋਣ ਪਿਛੋਂ ਸਾਰੇ ਮੈਹਲ ਪ੍ਰਵਾਰ ਦਿਲੀ ਛਡਕੇ ਜਦ ਗੁਰੂ ਜੀ ਨੇ ਦਖਨ ਪਧਾਰਨ ਦੀ ਤਿਆਰੀ ਕੀਤੀ ਤਦ ਮਾਤਾ ਸਾਹਿਬ ਦੇਵਾਂ (ਸਾਹਿਬ ਕੌਰ ਜੀ) ਨੇ ਨਾਲ ਹੀ (ਦਖਨ ਵਿਚ) ਰੈਹਨ ਦੀ ਬਿਨੈ ਕੀਤੀ ਪਰੰਤੂ ੧੭੬੫ ਤੋਂ ਪੈਹਲੇ ਹੀ ਮਹਾਰਾਜ ਨੇ ਇੰਨਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਲੇ ਸਸ਼ਤ੍ਰ ਸੌਂਪਕੇ ਦਿਲੀ ਭੇਜਣ ਦਾ ਪ੍ਰਬੰਧ ਕਰ ਦਿਤਾ, ਅਤੇ ਏਹ ਦਿਲੀ ਪੁਜਕੇ ੧੭੬੫ ਦੇ ਭਾਣੇ ਦੀ ਖਬਰ ਸੁਣਕੇ ਪਿਛੋਂ ਛੇਤੀ ਹੀ ਕਮਰ ਕਸਾ ਕਰਕੇ ਸਚਖੰਡ ਨੂੰ ਪਧਾਰ ਗਏ।

ਜਦ ਗੁਰੂ ਸਾਹਿਬ ਹੀਰਾ ਘਾਟ ਟਿਕਦੇ ਸੀ ਤਦ ਮਾਤਾ ਜੀ ਦਾ ਡੇਰਾ ਇਸ ਥਾਂ ਪਰ ਸੀ ਜਿਥੇ ਹੁਣ ਗੁਰਦੁਆਰਾ ਬਣ ਰਿਹਾ ਹੈ, ਇਸਦੀ ਸੇਵਾ ਲਈ ਜੇ ਇਕ ੨ ਦਮੜਾ ਭੀ ਸਿਖ ਮਾਤ੍ਰ ਪਾਵੇ ਤਦ ਭੀ ਕਈ ਲਖ ਦਮੜੇ ਬਣ ਜਾਂਦੇ ਹਨ। ਜਿਸ ਕਰਕੇ ਇਸ ਪੰਥ ਦੀ ਮਾਤਾ ਜੀ ਦੀ ਬੇ ਮਿਸਾਲ ਯਾਦਗਾਰ ਤੇ ਗੁਰਦੁਆਰਾ ਬਣ ਸਕਦੇ ਹਨ, ਇਸ ਵੇਲੇ ਜਿਸਤਰਾਂ ਅਕਾਲੀ ਮਿਤ ਸਿੰਘ ਨਿਹੰਗ ਸਿੰਘ ਜੀ ਹੋਰ ਕੁਛ ਬਿਹੰਗਮ ਫੌਜਾਂ ਲੈਕੇ ਸੇਵਾ ਲਈ ਕਮਰ ਕਸੇ ਕਰੀ ਬੈਠੇ ਹਨ ਇਸੀਤਰਾਂ ਕੁਛ ਨ ਕੁਛ ਸਮਾਂ ਹਰ ਇਕ ਸਿਖ (ਮਾਈ ਭਾਈ) ਨੂੰ ਇਸ ਪਾਸੇ ਲਾਨਾ ਚਾਹੀਏ ਤਾਂਕੇ ਛੇਤੀ ਤੋਂ ਛੇਤੀ ਏਹ ਗੁਰਦੁਆਰਾ ਤਿਆਰ ਹੋਵੇ ਤੇ ਜੋ ਸ਼ਸਤ੍ਰ ਇਥੋਂ ਲੈਕੇ ਮਾਤਾ ਜੀ ਤੁਰੇ ਸਨ ਓਹ ਓਹ ਇਥੇ ਮਾਤਾ ਜੀ ਦੇ ਗੁਰਦੁਆਰੇ ਸਥਾਪਤ ਹੋਣ ? ਤੇ ਹਰ ਇਕ ਯਾਤਰੂ ਦੀਦਾਰ ਕਰ ਸਕੇ ਪਰੰਤੂ ਏਹ ਯਾਦ ਰਖਣ ਵਾਲੀ ਇਕ




ਗੁਰਦੁਆਰਾ ਸ਼ਹੀਦ ਗੰਜ



ਗੁਰਦੁਆਰਾ ਸ਼ਹੀਦ ਗੰਜ



ਗੁਰਦੁਆਰਾ ਮਾਤਾ ਸਾਹਿਬ ਘਾਟ



ਵਿਚਾਰ ਹੈ ਕੇ ਜਿਸਤਰਾਂ ਇਥੇ ਗੁਰਦੁਆਰੇ ਵਲ ਖਾਲਸਾ ਜੀ ਧਿਆਨ ਦੇ ਰਹਿਆ ਹੈ ਇਸੀਤਰਾਂ ਇਥੇ 'ਮਾਤਾ ਸਾਹਿਬ ਘਾਟ' ਵਲ ਭੀ ਸੰਗਤਾਂ ਨੂੰ ਧਿਆਨ ਦੇਣਾ ਚਾਹੀਏ ?

## ਸ਼ਿਕਾਰ ਘਾਟ ਗੁਰਦੁਆਰਾ

ਹਜੂਰ ਸਾਹਿਬ ਜੀ ਤੋਂ ਦਖਣ ਵਲ ਇਕ ਉਚੇ ਟਿਬੇ ਤੇ ਜਿਥੇ ਭਾਈ ਮੂਲੇ ਨੂੰ 'ਸ਼ੇਹ' ਦੀ ਜੂਨ ਤੋਂ ਛੁਡਾ ਕੇ ਗੁਰੂ ਦਸਮੇਸ ਜੀ ਨੇ ਮੋਖ ਮੁਕਤ ਦਾ ਪਾਤ੍ਰ ਬਨਾਯਾ ਸੀ ਅਤੇ ਅਕਾਸ਼ ਵਲੇ ਤਕ ਕੇ ਫ਼ੁਰਮਾਇਆ ਸੀ ਖਾਲਸਾ ਜੀ ! ਇਥੇ ਤਾਂ ਅਨੰਦਪੁਰੀ ਦੀ ਸੀਤਲ ਸੁਗੰਧਤ ਵਾਯੂ ਮੰਦ ਮੰਦ ਰੁਮਕਦੀ ਹੈ !! ਇਥੇ ਹੀ ਕਿਸੀ ਕੇਹਾ "ਮਹਾਰਾਜ ! ਅਨੰਦ ਪੁਰ ਤਾਂ ਸਿਖਾਂ ਦੇ ਬਚੇ-ਬਚੀਆਂ ਭੀ ਆ ਚਰਨ ਚੁੰਮਦੇ ਸੀ ਐਡੇ ਦੂਰ ਕੌਣ ਆਊ ? ਉਤਰ ਵਿਚ ਮਹਾਰਾਜ ਨੇ ਫੁਰਮਾਇਆ ਕਿ 'ਭਾਈ ਸਿਖੋ' ਇਥੇ ਬਚੇ ਬਚੀਆਂ ਦੀ ਹੀ ਨਹੀਂ ਸਗੋਂ ਅਸੀਂ ਤਾਂ ਹੋਬਰਾਂ ਤੇ 'ਨ ਕਾ ਸਿਹ ਜਾ ਸਣੀ' ਹੋਇ ਸਿਖ ਦੀ ਭੀ ਤਾਂਘ ਰਖੀ ਬੈਠੇ ਹਾਂ।"

ਇਸ ਪਹਾੜੀ ਉਤੇ ਗੁਰਦੁਆਰੇ ਸਾਹਿਬ ਤੋਂ ਬਿਨਾਂ ਕੇਵਲ ਪੁਜਾਰੀ ਸਿੰਘ ਜੀ ਦਾ ਮਕਾਨ, ਇਕ ਤਲਾਉ ਤੇ ਕੁਛ ਬਿਰਛ ਹਨ, ਪਰੰਤੂ ਇਸਦੇ ਹੇਠਾਂ ਕਰਕੇ ਨਜੀਕ ਹੀ ਇਕ ਬਸਤੀ ਹੈ ਜਿਥੇ ਹਨੂਮਾਨ ਜੀ ਦਾ ਜਨਮ ਅਸਥਾਨ ਹੋਣ ਤੇ ਹਰ ਸਾਲ ਮੇਲਾ ਲਗਦਾ ਹੈ ਤੇ ਦੂਰੋਂ ਹਿੰਦੂ ਯਾਤਰੂ ਪੁਜਦੇ ਹਨ।

ਇਸ ਗੁਰਦੁਆਰੇ ਸਾਹਿਬ ਦੇ ਦਰਸ਼ਨ ਲਈ ਜਾਣ-ਔਣ ਵਾਸਤੇ ਚੰਗਾ ਰਸਤਾ ਪੈਦਲ ਮੁਗਟ ਸਟੇਸ਼ਨ ਤੋਂ ਹੈ ਵੇਖੋ ਨਕਸ਼ਾ ਅੰਕ (ਅ) ਪਰੰਤੂ ਬੈਲ ਗਡੀ ਲਾਰੀ ਮੋਟਰ ਦੀ ਰਾਹੀਂ ਔਣ-ਜਾਣ ਲਈ ਬਿਨਾਂ ਬਰਸਾਤ ਦੇ ਮਾਲ ਟੇਕੜੀ ਹੀਰਾ ਘਾਟ, ਮਾਤਾ ਜੀ ਦਾ ਗੁਰਦੁਆਰਾ (ਮਾਤਾ ਸਾਹਿਬ ਘਾਟ) ਹੋਕੇ ਹੀ ਠੀਕ ਹੋਂਦਾ ਹੈ ਇਸ ਰਸਤੇ ਸਵਾਰੀ ਘੋੜਾ ਭੀ ਚੰਗੀ ਤਰਾਂ ਜਾ ਸਕਦਾ ਹੈ ਪਰੰਤੂ

ਸਵਾਰੀ ਦਾ ਪ੍ਰਬੰਧ ਸਰਬ੍ਰਾਹ ਸਾਹਿਬ ਦੀ ਰਾਹੀਂ ਕਰਨਾ ਚਾਹੀਏ ਅਤੇ ਬਿਛਾਈ ਆਦਿ ਜੋ ਚੀਜ਼ ਨਾਲ ਲੈ ਜਾਨੀ ਹੋਵੇ ਉਸਦੀ ਜਿਮੇਵਾਰੀ ਗਡੀ ਵਾਲੇ ਦੇ ਜਿੰਮੇ ਰਖਨੀ ਚਾਹੀਏ।

## ਜਾਗੀਰ ਦੇ ਪਿੰਡ ਤੇ ਗੁਰਦੁਆਰੇ

ਸ੍ਰੀ ਹਜ਼ੂਰ ਸਾਹਿਬ ਜੀ ਦੀ ਜਾਗੀਰ ਦੇ ਪਿੰਡ ਭਾਂਵੇ ਸਾਰੇ ਸਿਖ ਆਬਾਦੀ ਦੇ ਨਹੀਂ ਹਨ ਤਾਂ ਭੀ ਉਨਾਂ ਵਿਚੋਂ ਬਹੁਤਿਆਂ ਵਿਚ ਗੁਰਦੁਆਰੇ ਹਨ ਜੈਸਾ ਕਿ (੧) ਬਿਸ਼ਨਪੁਰੀ ੨ ਮੀਲ, (੨) ਨਾਨਕ ਪੁਰੀ ੩ ਮੀਲ, (੩) ਬਾਸਰੀ ੭ ਮੀਲ ਇਨਾਂ ਵਿਚ ਸਿੰਘ ਆਬਾਦ ਹੋਣ ਕਰਕੇ ਗੁਰਦੁਆਰੇ ਭੀ ਹਨ ਅਤੇ ਗੋਬਿੰਦ ਸਾਗਰ (ਬੜਾ ਤਲਾਉ) ਭੀ ਖੇਤਾਂ ਨੂੰ ਪਾਣੀ ਦੇਣ ਲਈ ਬਣ ਗਿਆ ਹੈ, ਪ੍ਰੰਤੂ (੧)ਬੋਲੜਾ, (੨) ਏਲਕੀ (੩) ਮਸੋੜ ਆਦਿ ਪਿੰਡਾਂ ਵਿਚ ਸਿੰਘ ਵਸੋਂ ਨਾ ਹੋਣ ਕਰਕੇ ਤੇ ਤਖਤ ਸਾਹਿਬ ਤੋਂ ਦੂਰ ਹੋਣ ਦੇ ਸਬਬ ਕੇਵਲ ਨਿਸ਼ਾਨ ਸਾਹਿਬ ਹੀ ਝੂਲਦੇ ਹਨ। ਚਾਹੀਦਾ ਤਾਂ ਇਹ ਹੈ ਕਿ ਤਖਤ ਸਾਹਿਬ ਵਲੋਂ ਇਹਨਾਂ ਪਿੰਡਾਂ ਵਿਚ ਧਰਮਸਾਲਾ (ਗੁਰਦੁਆਰੇ) ਬਣਾਕੇ ਸਕੂਲ ਦੀ ਤਰਾਂ ਵਰਤਨ ਦਾ ਪ੍ਰਬੰਧ ਕੀਤਾ ਜਾਏ ਜਿਨਾਂ ਵਿਚ ਗ੍ਰੰਥੀ ਸਿਖ ਹੀ ਟੀਚਰ ਹੋਵੇ, ਜੋ ਪੜ੍ਹਾਏ ਤਾਂ ਉਥੋਂ ਦੀ ਮਰਹਟੀ ਉਰਦੂ ਰਹੁ ਰੀਤੀ ਨਾਲ, ਪਰੰਤੂ ਨਾਲ ਹੀ ਗੁਰਮੁਖੀ ਪੜ੍ਹਾਵੇ ਤੇ ਗੁਰਬਾਣੀ, ਕੀਰਤਨ ਸਤਸੰਗ ਦਾ ਪ੍ਰਵਾਹ ਭੀ ਜਾਰੀ ਰਖੇ, ਜਿਸ ਕਰਕੇ ਘਟ ਤੋਂ ਘਟ ਜਾਗੀਰ ਦੇ ਭੁਯੰਗੀ ਬੀਬੀਆਂ ਗੁਰਮੁਖੀ ਗੁਰਬਾਣੀ ਤੇ ਇਤਿਹਾਸ ਦਾ ਲਾਭ ਲੈਕੇ ਕਿਸੀ ਵੇਲੇ ਗੁਰੂ ਘਰ ਦੇ ਸਰਧਾਲੂ ਹੋਕੇ ਜਨਮ ਸਵਾਰ ਲੈਨ ?

# ਨਜ਼ਾਮ ਸਟੇਟ ਵਿਚ ਗੁਰਦੁਆਰੇ

ਭਾਂਵੇਂ ਉਪਰ ਲਿਖੇ ਤਾਂ ਮਸ਼ਹੂਰ ਗੁਰਦੁਆਰੇ ਭੀ ਨਜਾਮ ਸਟੇਟ ਵਿਚਹੀ ਹਨ ਪਰੰਤੂ ਅਗੇਲਿਖੇ ਹੋਰ ਥਾਵਾਂ ਤੇਭੀ ਇਤਿਹਾਸਕ ਗੁਰਦੁਆਰੇ ਹਨ, ਜਿੰਨਾਂ ਦੇ ਪ੍ਰਬੰਧ-ਪ੍ਰਗਟ ਕਰਨ ਦਾ ਯਤਨ ਹਰ ਇਕ ਯਾਤ੍ਰੀ ਨੂੰ ਕਰਨਾ ਚਾਹੀਏ ਅਤੇ ਨਾਲ ਹੀ ਇਨਾਂ ਸਬੰਧੀ ਜ਼ਰੂਰਤਾਂ ਵਲ ਧਿਆਨ ਦੇਣਾਚਾਹੀਏ ਜੋ ਕਿਸਤਰਾਂ ਏਹ ਗੁਰਦੁਆਰੇ ਸਚ ਮੁਚ ਗੁਰਦੁਆਰੇ ਸਾਬਤ ਹੋ ਸਕਦੇ ਹਨ ?

**ਨਾਨਕ ਝੀਰਾ ਗੁਰਦੁਆਰਾ**—ਏਹ ਗੁਰਦੁਆਰਾ ਬਿਦਰ ਸ਼ਹਿਰ ਵਿਚ ਸ੍ਰੀ ਗੁਰੂ ਨਾਨਕਦੇਵ ਜੀ ਦੇ ਚਰਨ ਪਾਵਣ ਦੀ ਯਾਦ ਵਿਚ ਹੈ, ਇਥੇ ਪਹਿਲੇ ਤਾਂ ਉਦਾਸੀ ਸੰਤ ਰਹਿੰਦੇ ਸੀ ਪਰੰਤੂ ਜਦ ਤੋਂ ਖ਼ਾਲਸੇ ਦਾ ਸਟੇਟਵਿਚ ਪ੍ਰਵੇਸ਼ ਹਇਆ ਤਦ ਤੋਂ ਧੀਰੇ ੨ ਇਹ ਲੁਪਤ ਹੋਂਦੇ ਤੇ ਹਿੰਦੂਆਂ ਵਿਚ ਗ੍ਰਿਹਸਥੀ ਹੋ ਕੇ ਖਿਲਤ ਮਿਲਤ ਹੋਂਦੇ ਚਲੇ ਗਏ ।

ਬਿਦਰ ਸ਼ਹਿਰ ਵਿਚ ਜਦ ਤਕ ਸਰਕਾਰੀ ਮੁਲਾਜ਼ਮਤ ਦੇ ਸਬਬ ਸਿੰਘ ਟਿਕਦੇ ਸੀ ਤਦ ਤਕ ਇਥੇ ਪ੍ਰਸਾਦ, ਭੇਟ, ਮੰਨਤ, ਪੂਜਾ, ਪਾਠ ਸਿਲਸਿਲੇਵਾਰ ਹੋਂਦਾ ਰਿਹਾ ਪਰਸਿਖ ਬਹੁਤੇ ਧਨਾਢ ਨ ਹੋਣ ਕਰਕੇ ਕੋਈ ਆਲੀਸ਼ਾਨ ਇਮਾਰਤ ਨ ਬਣਾ ਸਕੇ ਜਿਸ ਕਰਕੇ ਉਹਨਾਂ ਦੇ ਚਲੇ ਜਾਣ ਕਰਕੇ ਕਚੇ ਪਕੇ ਮਹਿਲ ਸਮੇਂ ਦੀ ਗੋਦ ਵਿਚ ਲੁਪਤ ਹੋਂਦੇ ਗਏ।

ਕਹਿੰਦੇ ਹਨ ਪਹਿਲੇ ਭੀ ਇਕ ਵੇਰ ਕੁਛ ਉਥੋਂ ਦੇ ਮੁਸਲਮਾਨਾਂ ਨੇ ਉਹਨਾਂ ਥੇਹਾਂ ਤੇ ਆਪਣੇ ਜ਼ਾਤੀ ਤੇ ਮਜ਼ਹਬੀ ਮਕਾਨ ਬਨਾਣ ਦਾ ਉਦਮ ਆਰੰਭ ਕੀਤਾ ਸੀ ਤੇ ਉਹਨਾਂ ਦਿਨਾਂ ਵਿਚ ਹੀ ਇਕ ਮੁਸਲਮਾਨ ਔਫ਼ੀਸਰ ਦਫ਼ਤਰਾਂ ਦੀ ਜਾਚ ਕਰਨ ਹੈਦਰਾਬਾਦ ਤੋਂ ਦੌਰੇ ਤੇ ਚਲੇ ਗਏ, ਜਿਨ੍ਹਾਂ ਨੂੰ ਪਹਿਲੇ ਸਭ ਵਾਕਫ਼ੀ ਸੀ, ਉਨ੍ਹਾਂ ਦੇ ਸਮਝਾਣ ਬੁਝਾਣ ਤੇ ਮੁਸਲਮਾਨਾਂ ਵਲੋਂ "ਮ ਬੰਦ ਹੋ-

ਦਿਆ ਸੀ, ਪਰੰਤੂ ਹੁਣ ਅਫ਼ਵਾਹ ਹੈ ਕਿ ਜਦਤੋਂ ਓਹ ਤਅੱਲਕਦਾਰ ਸਾਹਿਬ ਜਿਨ੍ਹਾਂ ਦੇ ਅਮਲ ਵਿਚ ਨੰਦੇੜ ਮਾਲ ਟੇਕੜੀ ਗੁਰਦੁਆਰੇ ਦਾ ਫਸਾਦ ਖੜਾ ਹੋਇਆ ਸੀ ਉਥੇ ਗਏ, ਤਦ ਤੋਂ ਉਸ ਗੁਰ-ਅਸਥਾਨ ਨੂੰ ਭੀ ਲੁਪਤ ਕਰਨ ਦੀਆਂ ਕੋਸ਼ਸ਼ਾਂ ਜਾਰੀ ਹਨ।

ਸਟੇਟ ਨਜ਼ਾਮ ਦੇ ਸਿਖ ਮੁਲਾਜ਼ਮ ਤੇ ਹੋਰ ਬਹੁਤੇ ਗਰੀਬ ਤੇ ਅਣ-ਪੜ੍ਹੇ ਹੋਣ ਕਰਕੇ ਘਰੋਂ ਖ਼ਰਚ ਕੇ ਕਿਤੇ ਜਾਣ ਦੀ ਤਾਕਤ ਭੀ ਨਹੀਂ ਰਖਦੇ, ਤੇ ਮਜ਼੍ਹਬੀ ਕੰਮਾਂ ਵਿਚ ਦਖਲ ਦੇਣ ਵਲੋਂ ਕਾਨੂੰਨਨ ਯਾ ਹਦਾਯਤਨ ਕੰਨੀ ਕਤਰਾਂਦੇ ਹਨ। ਪੰਜਾਬ ਦੀਆਂ ਜ਼ਿਮੇਵਾਰ ਪੰਥਕ ਬਾਡੀਆਂ ਦੇ ਮੈਂਬਰ ਬਹੁਤੇ ਘਰ ਵਿਚ ਭੀ ਭਾਵੇਂ ਹੋਲੀਆ ਵਾਲਾ ਚਾਰ ਦਿਨ ਗੰਦ ਨਹੀਂ ਉਛਾਲਦੇ ਪਰ ਬਾਰਾਂ ਮਹੀਨੇ "ਏਕ ਏਕ ਕੇ ਪੈਂਡ ਨ ਚਲ ਹੈ। ਏਕ ਏਕ ਕੀ ਬਾਤ ਉਥਲ ਹੈ" (ਦਸਮ ਗ੍ਰੰਥ) ਵਾਲੇ ਰੰਗ ਵਿਚ ਰੰਗੇ ਪਏ ਹਨ। ਲੋੜ ਹੈ ਅਜੇ ਭੀ ਇਸ ਗੁਰਦਵਾਰੇ ਦੀ ਸਾਰ ਲੀਤੀ ਜਾਏ? ਕਿਉਂਕਿ ਅਜੇ ਐਸੇ ਹਿੰਦੂ, ਮੁਸਲਮਾਨ ਤੇ ਸਿਖ ਮਿਲ ਸਕਦੇ ਹਨ ਜਿਨ੍ਹਾਂ ਪੂਜਾ-ਪਾਠ ਤੇ ਸੁਖਣਾਂ ਮੰਨਤ, ਪ੍ਰਸਾਦਿ, ਜੋੜ ਮੇਲ ਉਥੇ ਹੋਂਦੇ ਵੇਖੇ ਹੋਣ ਤੇ ਰਬ ਵਾਸਤੇ ਇਨਸਾਫ਼ ਲਈ ਗਵਾਹੀ ਦੇ ਸਕਣ ਮਗਰ ਧੀਰੇ੨ ਸਭ ਕਾਲ ਦੀ ਗੋਦੇ ਜਾ ਬਿਰਾਜਮਾਨ ਹੋਣ ਤੇ ਸਬੂਤ ਮਿਲਣੇ ਮੁਸ਼ਕਲ ਹੋ ਜਾਣਗੇ।

ਇਥੇ ਜਾਨ ਲਈ ਨਜ਼ਾਮਾਬਾਦ, ਵੈਂਕਾਰਾਵਾਦ, ਹੈਦਰਾਬਾਦ ਤੋਂ ਲਾਰੀਆਂ, ਤੇ ਮੋੜ ਚਲ ਤੋਂ ਰੇਲ ਜਾਂਦੀ ਹੈ ਉਦਮੀ ਤੇ ਪ੍ਰੇਮੀ ਖੋਜੀ ਸਜਨ ਯਾਤਰੂਆਂ ਨੂੰ ਦੀਦਾਰੇ ਲਈ ਪੁਜਣਾ ਚਾਹੀਏ, ਅਤੇ ਖਾਸ ਕਰ ਇਕ ਮਹਾਨ ਮੁਖੀ ਗੁਰਦਵਾਰੇ ਦੀ ਕਮੇਟੀ ਦੇ ਪਰੇਜ਼ੀਡੰਟ ਅਰ ਮੈਹਕਮਾ ਪੁਲੀਸ ਦੇ ਆਲਾ ਔਫ਼ੀਸਰ ਹੋਣ ਕਰਕੇ ਆਰਮਸਟਰਾਂਗ ਸਾਹਿਬ ਬਹਾਦਰ ਜੀ ਦਾ ਭੀ ਫ਼ਰਜ ਹੈ ਕੇ ਓਹ ਸਰਬਰਾਹ ਗੁਰਦੁਆਰਾ ਯਾ ਕਿਸੀ ਹੋਰ ਜ਼ਿਮੇਂਵਾਰ ਦੀ ਰਾਹੀ ਤੈਹਕੀਕਾਤ ਕਰਾਕੇ ਦੂਰ ਬੈਠੇ ਸਿਖਾਂ ਦੇ ਦਿਲਾਂ ਵਿਚ ਧੁਖ ਰਹੀ ਅਗਨੀ ਨੂੰ ਸ਼ਾਂਤ ਕਰਨ ਦਾ ਜਤਨ ਕਰਨ।

**ਔਰੰਗਾਬਾਦ ਗੁਰਦੁਆਰਾ:**—ਇਹ ਬਿਲਕੁਲ ਸਚ ਹੈ ਕਿ ਔਰੰਗਜ਼ੇਬ ਦੀ ਇਕ ਆਖਰੀ ਜਰੂਰੀ ਚਿਠੀ ਦੇ ਉਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਯਾ ਸਿੰਘ ਜੀ ਨੂੰ ਨਾਲ ਹੋਰ ਸਿੰਘ ਦੇਕੇ ਦੀਨੇ ਤੋਂ 'ਜ਼ਫ਼ਰ-ਨਾਮਾ' ਨਾਮ ਹਕਾਯਤਾਂ ਦਾ ਖਤਰ ਫ਼ਾਰਸੀ, ਜ਼ੁਬਾਨ ਵਿਚ ਭੇਜਿਆ ਤਦ ਭਾਈ ਦਯਾ ਸਿੰਘ ਜੀ, ਦਿਲੀ, ਆਗਰਾ, ਨਰਵਰ, ਕਾਲੇਬਾਗ, ਸਰੋਜ, ਉਜੈਨ, ਸ਼ੇਰ ਗੜ੍ਹੀ, ਬੁਰਹਾਨ ਪੁਰ, ਹੋਕੇ ਐਹਮਦਾਬਾਦ (ਔਰੰਗਾਬਾਦ) ਪੁਜੇ ਤੇ ਹਰ ਰੋਜ ਜਿਥੇ ਰੈਹਕੇ ਪਾਠ, ਕਥਾ, ਕੀਰਤਨ, ਸਤਿਸੰਗ, ਗੁਰੂ ਅਰਾਧਨ ਤੇ ਗੁਰਮਤ ਪ੍ਰਚਾਰ ਕਰਦੇ ਰਹੇ ਉਸ ਯਾਦ ਵਿਚ ਉਥੇ ਸੰਗਤਾਂ ਨੇ ਗੁਰਦੁਆਰਾ ਕਾਇਮ ਕੀਤਾ, ਜਿਸ ਵਿਚ ਤਕਰੀਬਨ ੪੦ ਸਾਲ ਹੋਏ ਜੋ ਬਾਬਾ ਅਮਰ ਸਿੰਘ ਸਾਹਿਬ ਬੇਦੀ ਜੋਗੀ ਰਾਜ ਆ ਬਿਰਾਜੇ, ਆਪ ਪੈਹਲੇ ਉਦਾਸੀ ਸੰਪਰਦਾ ਵਿਚ ਸਨ ਪਰੰਤੂ ਗੁਰਮਤ ਵਿਚਾਰ ਦੁਆਰੇ ਹਜ਼ੂਰ ਸਾਹਿਬ ਅੰਮ੍ਰਤ ਛਕ ਕੇ ਸਿੰਘ ਸਜੇ ਤੇ ਇਥੇ ਹੀ ਰੈਹਕੇ ਪ੍ਰਚਾਰ ਕਰਦੇ ਤੇ ਦੇਗ ਚਲਾਂਦੇ ਫ਼ਤਹ ਗਜਾ ਗਏ।

ਹੁਣ ਇਹ ਗੁਰਦੁਆਰਾ ਬਾਬਾ ਅਮਰ ਸਿੰਘ ਜੀ ਦੀ ਸੰਗਤ ਦੇ ਨਾਮ ਪਰ ਮਸ਼ਹੂਰ ਹੈ ਅਸਟੇਸ਼ਨ ਔਰੰਗਾਬਾਦ ਤੋਂ ਮੋਟਰ, ਟਾਂਗਾ ਮਿਲਦਾ ਹੈ ਦਰਸ਼ਨ ਕਰਨ ਯੋਗ ਮਹਾਨ ਪਵਿਤ੍ਰ ਅਸਥਾਨ ਹੈ, ਇਥੇ ਹੋਰ ਭੀ ਗੁਰਦੁਆਰੇ ਸੰਗਤਾਂ ਦੇ ਨਾਮ ਪਰ ਮੌਜੂਦ ਹਨ ਜਿਥੇ ਉਦਾਸੀ ਸੰਤ ਮਹੰਤ ਹਨ ਤੇ ਸਿਖ ਖਤ੍ਰੀ ਮਹਾਰਾਜਾ ਚੰਦੂ ਲਾਲ ਜੀ ਦੀ ਬ੍ਰਾਦਰੀ ਦੇ ਬਹੁਤੇ ਅਬਾਦ ਹਨ ਜਿੰਨਾਂ ਦੀ ਸੰਤਾਨ ਸਮਾਜ ਆਦਿਕਾਂ ਦੇ ਪ੍ਰਭਾਵ ਕਰਕੇ, ਸਿਖੀ ਤੋਂ ਬਹੁਤ ਦੂਰ ਜਾ ਰਹੀ ਹੈ ਗੁਰਮੁਖ ਸਿਖ ਸੰਤਾਂ ਨੂੰ ਇਧਰ ਪ੍ਰਚਾਰ ਦਾ ਜਤਨ ਕਰਨਾ ਚਾਹੀਏ ਤੇ ਖਾਸ ਕਰ ਗੁਰਦੁਆਰਾ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਵਲੋਂ ਭੀ ਕੋਸ਼ਸ਼ ਹੋਣੀ ਚਾਹੀਏ।

ਕਿਆ ਚੰਗਾ ਹੋਵੇ ਕੇ ਮਹਾਰਾਜਾ ਹਰੀ-ਕਿਸ਼ਨ-ਜੀ,-ਇਕ

ਦੱਖਨ ਨਿਵਾਸੀ ਖਤ੍ਰੀ ਕਾਨਫ਼ਰੰਸ ਕਰਕੇ ਕੋਈ ਯੋਗ ਪ੍ਰਬੰਧ ਸੋਚਕੇ ਕਰਨ ਕਰਾਵਨ ਜਿਸ ਕਰਕੇ ਏਹ ਖ਼ਾਨਦਾਨੀ ਸਿਖਾਂ ਦੀ ਸੰਤਾਨ ਦੇ ਨੌਜਵਾਨ ਗੁਰੂ ਜੀ ਦੀ ਚਰਨ ਸ਼ਰਨ ਤੋਂ ਬਿਮੁਖ ਹੋਣ ਦਾ ਅਪਰਾਧ ਨ ਕਰ ਸਕਣ।

## ਬਸਮਤ, ਇੰਗੋਲੀ ਤੇ ਬਾਸਮ, ਗੁਰਦੁਆਰਾ:—

ਸਿਖ ਇਤਿਹਾਸ ਅੰਦਰ ਜਿਕਰ ਆਂਵਦਾ ਹੈ ਕੇ ਅਕੋਲੇ ਤੋਂ ਗੁਰੂ ਜੀ ਅਗੇ ਇੰਨ੍ਹਾਂ ਅਸਥਾਨਾਂ ਵਿਚੋਂ ਦੀ ਆਕੇ ਨਦੇੜ ਪੁਜੇ, ਪੁਰਾਨੇ ਪੈਦਲ ਰਸਤੇ ਆਇ ਹੋਇ ਸਿਖ ਜਿਕਰ ਕਰਦੇ ਆਂਦੇ ਹਨ ਕਿ ਗੁਰਦੁਆਰੇ ਹਨ, ਪਰੰਤੂ ਹੁਨ ਰੇਲ ਦਾ ਸਿਲ ਸਿਲਾ ਮਨਮਾੜ ਵਲੋਂ ਜਾਰੀ ਹੋਨ ਪਰ ਸਿਖਾਂ ਦੀ ਆਵਾਜਾਈ ਬੰਦ ਸੀ ਸੋ ਗੁਰੂ ਜੀ ਨੇ ਕਿਰਪਾ ਕਰਕੇ ਹੁਨ ਇਕ ਐਸੀ ਰੇਲਵੇ ਬਣੌਨ ਦੀ ਪ੍ਰੇਰਨਾ ਜਿੰਮੇਵਾਰਾਂ ਦੇ ਅੰਦਰ ਕਰ ਦਿਤੀ ਹੈ, ਜਿਸ ਕਰਕੇ ਪੂਰਨਾ, ਤੋਂ ਇਕ ਲੈਨ ਇੰਗੋਲੀ ਹੋਕੇ ਅਕੋਲੇ ਪੁਜਣੀ ਹੈ। ਇਸਦੇ ਜਰੀਏ ਜਿਥੇ ਪੰਜਾਬ ਤੇ ਬਿਹਾਰ ਬੰਗਾਲ ਵਾਲੇ ਹਜ਼ੂਰ ਸਾਹਿਬ ਦੇ ਯਾਤਰੂਆਂ ਦਾ ਲੰਮਾ ਸਫ਼ਰ (ਖੰਡੂਆ, ਭੁਸਾਵਲ, ਮਨਮਾੜ ਹੋਕੇ) ਯਾ ਅਟਾਰਸੀ, ਨਾਗਪੁਰ, ਵਾਰਦਾ ਕਾਜੀਪੇਟ, ਸਕੰਦਰਾਵਾਦ ਹੋਕੇ ਸੀ ਓਹੁ ਘਟ ਜਾਏਗਾ ਉਥੇ ਪ੍ਰਾਗਰਾਜ, ਜਬਲਪੁਰ ਤੇ ਰਾਇਪੁਰ, ਬਿਲਾਸ ਪੁਰ ਹੋਕੇ ਬੰਗਾਲ ਤੋਂ ਆਣ ਵਾਲੇ ਯਾਤ੍ਰੀਆਂ ਦਾ ਭੀ ਸਫ਼ਰ ਘਟ ਜਾਏਗਾ ਕਿਉਂਕੇ ਪੰਜਾਬ ਵਾਲੇ ਅਟਾਰਸੀ ਖੰਡੂਆ, ਭਸਾਵਲ ਹੋਕੇ ਅਕੋਲੇ, ਤੇ ਰਾਇਪੁਰ ਵਾਲੇ ਨਾਗ ਪੁਰ ਹੋਕੇ ਅਕੋਲੇ ਪੌਂਹਚ ਕਰ ਸਿਧੇ ਅੰਗੋਲੀ ਤੋਂ ਪੂਰਨਾ ਤੇ ਨੰਦੇੜ ਪੁਜ ਜਾਣਗੇ, ਇਸ ਲਈ ਲੋੜ ਹੈ ਕੇ ਛੇਤੀ ਤੋਂ ਛੇਤੀ ਹਜ਼ੂਰ ਸਾਹਿਬ ਜੀ ਦੇ ਪ੍ਰਬੰਧ ਦੇ ਜਿੰਮੇਵਾਰ ਇਸ ਰਸਤੇ ਦੇ ਗੁਰਦੁਆਰਿਆਂ ਦੀ ਸੰਭਾਲ ਤੇ ਤਿਆਰੀ ਦਾ ਕੰਮ ਅਪਨੇ ਹਥ ਵਿਚ ਲੈਣ ਅਤੇ ਵਧੀਕ ਹਾਲ ਪਤਾ ਕਰਨ ਲਈ ਸ੍ਰਦਾਰ ਗੁਰਬਖਸ਼ ਸਿੰਘ ਜੀ ਟੈਲੀਗ੍ਰਾਫ ਵਾਲਿਆਂ ਨਾਲ ਲਿਖਾ ਪੜ੍ਹੀ ਕੀਤੀ ਜਾਵੇ

ਕਿਉਂਕੇ ਆਪ ਇਕ ਖੋਜੀ ਸਜਨ ਅਤੇ ਅਕੋਲੇ ਵਿਚ ਬਹੁਤ ਦਿਨ ਰਹੇ ਹੋਏ ਹਨ।

## ਸੰਗਤ ਖ਼ਾਲਸੇ ਦੇ ਸਮੇਂ ਦੇ ਗੁਰਦੁਆਰੇ

ਰਿਆਸਤ ਨਿਜ਼ਾਮ ਦੀ ਹਦ ਅੰਦਰ ਭਾਵੇਂ ਗੁਰਦਵਾਰੇ ਹੋਰ ਭੀ ਹੋਣਗੇ ਪਰੰਤੂ ਜਿਨਾਂ ੨ ਦਾ ਪਤਾ ਮਿਲਦਾ ਹੈ ਉਹ ਇਸ ਤਰਾਂ ਹਨ:—

**ਜਾਲਨਾ:**—ਇਹ ਸ਼ਹਿਰ ਪੁਰਾਣਾ ਆਬਾਦ ਹੈ ਤੇ ਕਾਫੀ ਖਤਰੀ, ਸਿਖ ਇਥੇ ਰਹਿੰਦੇ ਸਨ ਪਰੰਤੂ ਹੁਣ ਇਥੇ ਭੀ ਅਨਮਤੀ ਸੰਗਤ ਕਰਕੇ ਸਿਖੀ ਵਲੋਂ ਦੁਰੇਡੇ ਜਾਂ ਚੁਕੇ ਤੇ ਜਾ ਰਹੇ ਹਨ, ਜੋ ਗੁਰਦੁਆਰੇ ਪੁਰਾਤਨ ਸਿਖ ਸੰਗਤਾਂ ਦੇ ਹਨ ਉਨ੍ਹਾਂ ਦਾ ਜਿਸ ਤਰਾਂ ਦਰਸ਼ਨ ਕਰਨਾ ਹਰ ਇਕ ਯਾਤ੍ਰੀ ਦਾ ਫਰਜ਼ ਹੈ, ਉਸ ਤੋਂ ਵਧੀਕ ਹਜ਼ੂਰ ਸਾਹਿਬ ਦੇ ਮੁਖੀ ਪ੍ਰਬੰਧਕਾਂ ਦਾ ਭੀ ਫਰਜ਼ ਹੈ ਕਿ ਉਹ ਹਰ ਤਰਾਂ ਯੋਗ ਵੀਚਾਰ ਕਰਕੇ ਅਪਣਾ ਫਰਜ਼ ਪੂਰਾ ਕਰਨ। ਇਥੇ ਸਟੇਸ਼ਨ ਤੋਂ ਸਵਾਰੀ ਟਾਂਗਾ ਮਿਲ ਸਕਦਾ ਹੈ।

**ਨਿਜ਼ਾਮਾਬਾਦ:**—ਇਥੇ ਅਰਸੇ ਤੋਂ ਸਿੰਘਾਂ ਦੀਆਂ ਫੌਜਾਂ ਰਹਿੰਦੀਆਂ ਰਹੀਆਂ ਹਨ, ਤੇ ਸ਼ਹਿਰ ਨਿਵਾਸੀ ਭੀ ਪ੍ਰੇਮੀ ਸਿਖ ਹੋਂਦੇ ਰਹੇ ਹਨ, ਇਸ ਲਈ ਇਥੇ ਭੀ ਗੁਰਦਵਾਰਾ ਹੈ, ਪਰੰਤੂ ਖ਼ਾਲਸੇ ਦੀ ਤਾਇਦਾਦ ਹੁਣ ਪਹਿਲੇ ਨਾਲੋਂ ਘਟਦੀ ਜਾਂਦੀ ਹੈ ਤੇ ਗੁਰਦਵਾਰੇ ਨਿਰੇ ਮੰਦਰ ਦੀ ਤਰਾਂ ਹੀ ਘੰਟੇ ਸੰਖ ਬਜਾਣ ਤੇ ਧੂਪ ਦੀਪ ਧੁਖਾਣ ਦੀ ਥਾਂ ਬਣਦੇ ਜਾਂਦੇ ਹਨ।

**ਬੁਲਾਰਮ:**—ਇਥੇ ਅੰਗ੍ਰੇਜ਼ੀ ਰਸਾਲਾ ਸਿਖਾਂ ਦਾ ਰਹਿਣ ਕਰਕੇ ਗੁਰਦੁਆਰੇ ਚੰਗੇ ਰੰਗ ਢੰਗ ਵਿਚ ਹਨ, ਪਰੰਤੂ ਇਨ੍ਹਾਂ ਦੇ ਜ਼ਰੀਏ ਆਮ ਜਨਤਾ ਵਿਚ ਪ੍ਰਚਾਰ ਨਹੀਂ ਹੋ ਸਕਿਆ, ਜੋ ਗ੍ਰੰਥੀ ਤੇ

ਰਸਾਲਦਾਰ ਸਾਹਿਬਾਨ ਲੋਕਾਂ ਦੇ ਕੰਨਾਂ ਤਕ ਗੁਰਮਤ ਪ੍ਰਚਾਰ ਦਾ ਪ੍ਰਬੰਧ ਕਰਦੇ ਤਦ ਹੋ ਸਕਦਾ ਸੀ ਕਿ ਕਾਫ਼ੀ ਲੋਗ ਖ਼ਾਲਸੇ ਦੀ ਸੰਗਤ ਦੇ ਪ੍ਰਭਾਵ ਕਰਕੇ ਸਿੰਘ ਸਜ ਜਾਂਦੇ, ਇਥੇ ਭੀ ਸੰਗਤਾਂ ਨੂੰ ਦਰਸ਼ਨ ਲਈ ਪੁਜਣਾ ਚਾਹੀਏ ਤੇ ਹੁਣ ਭੀ ਗ੍ਰੰਥੀ ਤੇ ਰਸਾਲਦਾਰ ਆਦਿ ਸਜਣਾਂ ਨੂੰ ਗੁਰਮਤ ਪਰਚਾਰ ਵਲ ਧਿਆਨ ਦੇਣਾ ਚਾਹੀਏ।

**ਸਿਕੰਦਰਾਬਾਦ:**—ਇਹ ਇਕ ਬਾਰੌਨਕ ਪੁਰਾਣਾ ਸ਼ਹਿਰ ਹੈ ਇਥੇ ਹੀ ਆਕੇ ਪੰਜਾਬ ਦੀ ਤੇ ਅਲਾਹਬਾਦ, ਮੁਗ਼ਲ ਸਰਾਏ ਦੀ ਗਡੀ ਜੋ ਅਟਾਰਸੀ ਤੋਂ ਨਾਗਪੁਰ ਹੋਕੇ ਆਂਵਦੀ ਹੈ ਯਾ ਬੰਗਾਲ ਵਲੋਂ ਰਾਏਪੁਰ ਹੋਕੇ ਯਾ ਮਦਰਾਸ ਵਲੋਂ ਯਾ ਬੰਬਈ ਤੋਂ ਵਾਡੀ ਹੋਕੇ ਆਂਦੀ ਜਾਂਦੀ ਹੈ ਓਹ ਬਦਲਦੀ ਹੈ, ਇਥੇ ਮਾਈ ਜੀ ਦੀ ਬਾਵਲੀ ਦੇ ਨਾਮ ਪਰ ਗੁਰਦੁਆਰਾ ਮਸ਼ਹੂਰ ਹੈ, ਸ਼ਹਿਰ ਦੇਖਣ ਯੋਗ ਤੇ ਹਰ ਤਰਾਂ ਦੀ ਸਵਾਰੀ ਮਿਲਦੀ ਹੈ।

**ਹੈਦਰਾਬਾਦ ਦਖਨ:**—ਇਹ ਇਤਿਹਾਸਕ ਤੇ ਬਹੁਤ ਪੁਰਾਣਾ ਸ਼ਹਿਰ ਹੈ, ਇਥੇ ਹੀ ਮਹਾਰਾਜਾ ਚੰਦੂ ਲਾਲ ਜੀ ਗੁਰੂ ਘਰ ਦੇ ਅਤੀਅੰਤ ਸ਼ਰਧਾਲੂ ਪ੍ਰੇਮੀ ਭਗਤ ਹੋਏ ਹਨ, ਜਿਨ੍ਹਾਂ ਨੇ ਨਿਜ਼ਾਮ ਸ਼ਾਹੀ ਦੀ ਸਟੇਟ ਦੀ ਸੁਤੰਤ੍ਰਤਾ ਕਾਇਮ ਰਖਣ ਲਈ ਪੰਜਾਬ ਤੋਂ ੧੨ ਬੇੜੇ ਸਿੰਘਾਂ ਦੇ ਮੰਗਵਾਏ ਤੇ ਉਸ ਵੇਲੇ ਦੇ ਸ਼ਾਹੀ ਸ਼ਤਰੂਆਂ ਤੋਂ ਰਿਆਸਤ ਨੂੰ ਬਚਾਯਾ, ਤਖ਼ਤ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਜੀ ਨਾਲ ਪਿੰਡ ਜਗੀਰ ਲਾਏ ਨਗੀਨਾ ਘਾਟ ਪਕਾ ਬਣਵਾਇਆ ਤੇ ਹੋਰ ਕਿਤਨੇ ਕੰਮ ਸਟੇਟ ਤੇ ਸ਼ਾਹੀ ਖ਼ਾਨਦਾਨ ਦੀ ਭਲਾਈ ਦੇ ਕੀਤੇ, ਇਨ੍ਹਾਂ ਦੇ ਹੀ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ ਨੇ ਹਜ਼ੂਰ ਸਾਹਿਬ ਜੀ ਦੀ ਸੇਵਾ ਅਰੰਭ ਕਰਵਾਈ।

ਇਨ੍ਹਾਂ ਦੀ ਹੀ ਬੰਸ ਦੇ ਨੌ-ਨਿਹਾਲ ਮਹਾਰਾਜਾ ਕ੍ਰਿਸ਼ਨ ਪ੍ਰਸ਼ਾਦ ਜੀ ਅਜਕਲ ਨਿਜ਼ਾਮ ਸਰਕਾਰ ਦੇ ਮੁਖੀ ਦੀਵਾਨ ਹਨ ਤੇ ਜਿਨ੍ਹਾਂ ਦੇ ਪਰੇਮ ਕਰਕੇ ਪੇਸ਼ਕਾਰੀ ਤੇ ਸ਼ਹਿਰ ਵਿਚ ਕਈ ਥਾਈਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਂਦੇ ਹਨ, ਇਨ੍ਹਾਂ ਦੇ ਹੀ ਸਿਦਕ ਦਾ ਨਤੀਜਾ ਗੋਬਿੰਦ ਬਾਗ਼ ਦੀ ਰਮਣੀਕਤਾ, ਅਖਾੜਾ, ਉਦਾਸੀ ਮਠਾਂ ਦੀ ਸੁੰਦਰਤਾ, ਛਾਵਣੀਆਂ ਸਿੰਘਾਂ ਦੀਆਂ ਵਿਚ ਗੁਰਦੁਵਾਰਿਆਂ ਦੀ ਕਾਇਮੀ ਤੇ ਖ਼ਾਲਸੇ ਦੇ ਪਿਆਰੇ ਦੀਦਾਰੇ ਪੁਰਾਤਨ ਲਿਬਾਸ ਵਿਚ ਪ੍ਰਗਟ ਹਨ। ਇਥੇ ਹੀ ਗੋਲੀ ਗੁੜਾ (ਬੜਾ ਨਾਲਾ) ਵਿਚ ਬਣਿਆ ਗੁਰਦੁਵਾਰਾ ਬੜਾ ਸੁੰਦਰ ਤੇ ਯਾਤ੍ਰੀਆਂ ਲਈ ਸੁਖਦਾਇਕ ਮਿਸਤ੍ਰੀ ਗੰਡਾ ਸਿੰਘ ਜੀ ਤੇ ਹੋਰ ਖ਼ਾਲਸੇ ਦੇ ਉਦਮ ਨਾਲ ਤਿਆਰ ਹੋਇਆ ਹੈ ਜਿਥੇ ਆਏ ਸਿਖ ਮੁਸਾਫ਼ਰ ਅਰਾਮ ਪੌਂਦੇ ਹਨ, ਪ੍ਰੰਤੂ ਲੋੜ ਹੈ ਕਿ ਸ਼ਹਿਰ ਤੇ ਸਟੇਟ ਵਾਸ, ਸਾਰਾ ਖ਼ਾਲਸਾ ਮਿਲਕੇ ਇਸਦੀ ਸ਼ਾਨ-ਸ਼ੌਕਤ ਵਧਾਏ ਤੇ ਕਮੇਟੀ ਆਪਸ ਵਿਚ ਇਤਫ਼ਾਕ ਪ੍ਰੇਮ ਰਖੇ, ਇਸ ਤਰ੍ਹਾਂ ਕਰਨ ਨਾਲ ਖ਼ਾਲਸੇ ਦੀ ਸ਼ਾਨ ਭੀ ਵਧੇਗੀ। ਅਤੇ ਗੁਰਦੁਆਰੇ ਦੀ ਸੋਭਾ ਭੀ ਵਧਗੀ।

ਇਥੇ ਹੀ ਸ੍ਰੀ ਹਜ਼ੂਰੀ ਸਿਖ ਬੁਆਇਜ਼ ਸਕੂਲ ਤੇ ਬੋਰਡਿੰਗ ਹੌਸ ਹੈ ਜਿਸ ਵਿਚ ਮੁਲਾਜ਼ਮ ਸਿਖਾਂ ਦੇ ਬਚਿਆਂ ਨੂੰ ਪੁਲੀਸ ਦੀ ਟ੍ਰੇਨਿੰਗ ਸਿਖਾਕੇ ਸਿਪਾਹੀ ਤਿਆਰ ਕੀਤਾ ਜਾਂਦਾ ਹੈ, ਇਸਦੇ ਖ਼ਰਚ ਪੂਰੇ ਕਰਨ ਲਈ ੫੦) ਸੈਂਕੜਾ ਹਜ਼ੂਰ ਸਾਹਿਬ ਜੀ ਦੀ ਆਮਦਨ ਵਿਚੋਂ ਤੇ ਕੁਛ ਕੁਲ ਮੁਲਾਜ਼ਮ ਸਿਖਾਂ ਦੀ ਤਨਖਾਹ ਵਿਚੋਂ ਤੇ ਹੋਰ ਭੀ ਕਈ ਥਾਵਾਂ ਤੋਂ ਮਦਦ ਲੀਤੀ ਜਾਂਦੀ ਹੈ। ਇਸਦੀ ਨਿਗਰਾਨੀ ਰਖਣ ਵਾਲੇ ਜ਼ਿਮੇਵਾਰ ਭੀ ਸੈਨਟ੍ਰਆਇਰ ਆਰਮਸਟ੍ਰਾਂਗ ਸਾਹਿਬ ਹਨ ਪਰੰਤੂ ਲੋੜ ਹੈ ਕਿ ਬਜਾਏ ਪੁਲਿਸੀ ਸਿਪਾਹੀ ਦੇ ਇਨ੍ਹਾਂ ਵਿਚੋਂ ਫੌਜੀ (ਜੰਗੀ) ਸਿਪਾਹੀ ਤੇ ਔਫ਼ੀਸਰ ਹੋਣ ਲਈ ਭੀ ਜਬਰਨ ਟ੍ਰੈਨਿੰਗ ਕਰਾਕੇ ਸਪੈਸ਼ਲ ਜੰਗੀ ਮਹਿਕਮੇ ਵਿਚ ਭਰਤੀ ਕਰ ਲੀਤੇ ਜਾਣ ਨਹੀਂ ਤਾਂ ਇਕ ਬਾਕਾਇਦਾ ਪਲਟਨ ਸਿਖਾਂ ਦੀ ਭੀ ਤਿਆਰ ਕੀਤੀ ਜਾਏ ਕਿਉਂਕੇ ਫੌਜੀ ਮੈਹਕਮੇ ਵਿਚ ਸਿਖਾਂ ਦਾ ਪਹਿਲਾ ਹਕ ਹੈ ਤੇ ਏਹ ਭੀ ਲੋੜ ਹੈ ਕੇ ਸਿਖ ਹੋਣਹਾਰ ਬਚਿਆਂ ਨੂੰ ਪ੍ਰੈਮਰੀ ਮਿਡਲ ਤੇ ਇੰਟ੍ਰੈਂਸ ਤੋਂ ਅਗੇ ਦੀ ਭੀ ਤਾਲੀਮ

ਦਲਾਈ ਜਾਏ ਤੇ ਯੋਗ ਗ੍ਰੈਜੂਏਟ ਬਣਾਕੇ ਹੋਰ ਬਡੀ ਤੋ ਬਡੀ ਸੇਵਾ ਭੀ ਸਟੇਟ ਦੀ ਇਨ੍ਹਾਂ ਤੋਂ ਲੀਤੀ ਜਾਏ।

ਇਹ ਭੀ ਲੋੜ ਹੈ ਕੇ ਸਿਖ ਸੰਤਾਨ ਨੂੰ ਸਿਖ, ਅਰ ਚੰਗੇ ਜਵਾਨ, ਬਹਾਦਰ ਸਿਖ ਦੇਖਨ ਲਈ ਜੋ ਕੁਛ ਭੀ ਮੁਨਾਸਬ ਵਸਾਯਾਲ ਹਨ ਵਰਤੇ ਜਾਣ, ਅਤੇ ਇੰਨ੍ਹਾਂ ਨੂੰ ਮਜ਼੍ਹਬ ਦਾ ਰੈਹਤ ਤੇ ਤਾਲੀਮ ਤੋਂ ਵਾਕਫ਼ ਕੀਤਾ ਜਾਏ, ਇਸੀ ਸ਼ੈਹਰ ਵਿਚ ਕਈ ਅਜੀਬ ਚੀਜਾਂ ਹਨ ਜਿਨ੍ਹਾਂ ਨੂੰ ਦੂਰੋਂ ੨ ਆਏ ਲੋਕੀ ਖਰੀਦਦੇ ਤੇ ਵੇਖਦੇ ਹਨ, ਪਰੰਤੂ ਸਿਖ ਯਾਤਰੂਆਂ ਨੂੰ ਹਥਿਆਰ, ਛਾਵਣੀਆਂ ਤੇ ਸ਼ਹਿਰ ਦੇ ਗੁਰਦੁਆਰੇ, ਤੇ ਸਿਖ ਬੁਆਜ ਟ੍ਰੇਨਿੰਗ ਸਕੂਲ, ਬੋਰਡਿੰਗ ਆਦਿਕ ਜਰੂਰ ਵੇਖਣੇ ਚਾਹੀਏ ਅਰ ਚੰਗੇ ੨ ਬਚਨ ਵੀਚਾਰ ਕਰਕੇ ਸਿਖ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਏ

**ਓਢੀਆ ਨਾਗ ਨਾਥ**—ਪੂਰਨੇ ਜੰਕਸ਼ਨ ਤੋਂ ਚੌਂਡੀ ਅਸਟੇਸ਼ਨ ਤੇ ਜਾਕੇ ਉਤ੍ਰਨ ਪਰ ਲਾਰੀ ਸਿਧੀ ਮੰਦਰਤਕ ਲੈ ਜਾਂਦੀਹੈ ਏਹ ਓਹ ਮੰਦਰ ਹੈ ਜਿਸਦਾ 'ਫੇਰਿਦੀਆ ਦੇਹੁਰਾ ਨਾਮੇ ਕਉ' ਇਸ ਤੁਕ ਵਾਲੇ ਸਬਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜਿਕਰ ਹੈ ਅਤੇ ਹੁਣ ਤਕ ਓਸ ਮੰਦਰ ਦਾ ਦਰਵਾਜ਼ਾ ਦੂਜੇ ਪਾਸੇ ਫਿਰਿਆ ਹੋਇਆ ਹੈ ।

## ਅੰਗ੍ਰੇਜ਼ੀ ਅਲਾਕੇ ਦੇ ਗੁਰਦੁਆਰੇ

ਭਾਂਵੇ, ਅੰਗ੍ਰੇਜੀ ਅਲਾਕੇ ਵਿਚ ਦਿਲੀ ਤੋਂ ਅਗੇ ਲੰਘਕੇ ਮਸ਼ਹੂਰ ੨ ਗੁਰਦੁਆਰੇ ਮਥਰਾ, ਧੌਲਪੁਰ, ਆਗਰਾ, ਗਵਾਲੀਅਰ, ਝਾਂਸੀ, ਅਜਮੇਰ (ਪੁਸਕਰ ਰਾਜ) ਇੰਦੌਰ, ਉਜੈਨ, ਅਕੋਲਾ, ਆਦਿ ਭੀਹਨ ਪਰੰਤੂ ਕੁਝ ਇਕ ਖਾਸ ਤੌਰ ਤੇ ਜ਼ਿਕਰਕਰਨੇਯੋਗ ਅਸਥਾਨ ਹਨ ਜੈਸਾ ਕਿ:—

**ਮਨਮਾੜ ਗੁਰਦੁਆਰਾ:**—ਪੰਜਾਬ ਯੂ. ਪੀ. ਸਿੰਧ

ਰਾਜਪੂਤਾਨੇ ਤੋਂ ਸੀ. ਪੀ. ਬੰਬਈ ਤੋਂ ਬੰਗਾਲ ਤੋਂ ਪ੍ਰਾਗ ਅਟਾਰਸੀ ਰੈਪੁਰ ਨਾਗ ਪੁਰ ਹੋਕੇ ਆਵਣ ਵਾਲੀਆਂ ਲੈਨਾਂ ਤੋਂ ਮਨਮਾੜ ਗਡੀ ਬਦਲ ਕੇ ਹਜ਼ੂਰ ਸਾਹਿਬ ਜਾਈਦਾ ਹੈ ਪਰੰਤੂ ਇਥੇ ਸਿਖ ਮੁਸਾਫਰਾਂ ਲਈ ਕੋਈ ਯੋਗ ਥਾਂ ਨਾ ਹੋਣ ਕਰਕੇ ਬੜੀ ਤਕਲੀਫ ਹੋਂਦੀ ਸੀ ਕਿਉਂਕਿ ਹਰ ਇਕ ਗਡੀ ਵਿਚੋਂ ਦਖਣ, ਨਿਜ਼ਾਮ ਵਲੋਂ ਆਵਣ ਯਾ ਜਾਣ ਵਾਲੀਆਂ ਸਵਾਰੀਆਂ ਇਥੇ ਉਤਰਦੀਆਂ ਤੇ ਗਡੀ ਬਦਲਦੀਆਂ ਹਨ। ਇਹ ਜ਼ਿਕਰ ਕਈ ਵੇਰ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਤੇ ਮੁਖ ਅਧਿ-ਕਾਰੀਆਂ ਦੇ ਪੇਸ਼ ਕੀਤਾ ਗਿਆ, ਪਰੰਤੂ ਨ ਮਲੂਮ ਇਸ ਪਰ ਕੀ ਵੀਚਾਰ ਹੋਂਦੀ ਰਹੀ, ਜਿਸ ਕਰਕੇ ੧੦ ਸਾਲ ਤੋਂ ਵਧੀਕ ਅਰਸੇ ਵਿਚ ਕੁਝ ਨਹੀਂ ਬਣਿਆ। ਹੁਣ ਇਸ਼ਤਿਹਾਰਾਂ ਰਾਹੀਂ ਇਹ ਪਤਾ ਮਿਲਣ ਤੇ ਖੁਸ਼ੀ ਹੋਈ ਜੋ ਬਾਬਾ ਨਿਧਾਨ ਸਿੰਘ ਜੀ ਨੇ ਮਨ ਮਾੜ ਵਿਚ ਮੁਸਾਫਰਾਂ ਦੇ ਅਰਾਮ ਲਈ ਗੁਰਦੁਵਾਰਾ ਬਨਾਣਾ ਅਰੰਭ ਕਰ ਦਿਤਾ ਹੈ ਪਰੰਤੂ ਬਾਬਾ ਜੀਦੇ ਨਾਮ ਪਰ ਦਿਤੇ ਹੋਏ ਇਸ਼-ਤਿਹਾਰ ਵਿਚ ਕਿਸੀ ਸਜਣ ਨੇ ਏਹ ਵੀਚਾਰ ਭੀ ਲਿਖ ਦਿਤਾ ਹੈ ਕਿ **"ਸੰ: ੧੭੬੫ ਵਿਚ ਰੁਸਤਮ ਰਾਏ ਤੇ ਬਾਲਾ ਰਾਏ ਜੀ ਨੂੰ ਸ਼ਾਹੀ ਕੈਦੋਂ (ਸਤਾਰੇ ਦੇ ਕਿਲੇ ਵਿਚੋਂ) ਸ੍ਰੀ ਗੁਰੂ ਗੋਬਿੰਦ ਸਿੰਘ ਜੀਨੇ ਛੁਡਾਕੇ ਇਥੇ (ਮਨ ਮਾੜ) ਪੌਂਹਚਾਇਆ, ਇਸ ਕਰਕੇ ਇਹ ਇਤਿਹਾਸਕ ਗੁਰਦੁਆਰਾ ਹੈ"**, ਪਰੰਤੂ ਇਸ ਪਰ ਅਗੇ ਲਿਖੇ ਵੀਚਾਰ ਹਨ:—

ਪਹਿਲੀ ਵੀਚਾਰ—ਰੁਸਤਮ ਰਾਏ ਤੇ ਬਾਲਾ ਰਾਏ ਜੀ "ਜਨਵਾੜੇ" ਦੇ ਦਸੇ ਹਨ ਜੋ 'ਬਿਦਰ' ਤੋਂ ਛੇ ਸਤ ਮੀਲ ਤੇ ਹੈ, ਪਰੰਤੂ ਸਤਾਰੇ ਤੋਂ ਜਿਤਨਾ ਖਬੇ ਪਾਸੇ ਮਨ ਮਾੜ ਹੈ ਇਤਨਾ ਹੀ ਸਜੇ ਪਾਸੇ ਜਨਵਾੜਾ ਤੇ ਸਾਹਮਣੇ ਨੰਦੇੜ ਹੈ। ਜੇ ਗੁਰੂ ਜੀ ਨੇ ਉਨ੍ਹਾਂ ਨੂੰ ਨੰਦੇੜ ਜਾਂ ਉਨ੍ਹਾਂ ਦੇ ਘਰ ਪੌਂਹਚਾਣਾ ਸੀ ਤਦ

ਤਕਰੀਬਨ ੧੦੦ ਮੀਲੋਂ ਹੋਰ ਵਧੀਕ ਸਫ਼ਰ ਵਿਚ ਕਿਉਂ ਪਾਏ ?

ਦੂਜਾ ਵੀਚਾਰ–ਗੁਰੂ ਇਤਿਹਾਸ ਵਿਚ ਜ਼ਿਕਰ ਹੈ ਕਿ "ਦਵਾਦਸ ਕੋਸ ਬਿਧਾਚਲ ਗਏ। ਦਵਾਲ ਛਰਾਇ ਬਖਾਨਤ ਭਏ। ਇਹ ਦਰਸਨ ਕੋ ਹਠ ਨਹ ਕਰੀਐ। ਅਬਿਚਲ ਨਗਰ ਸਿਧਾਰ ਰਹੀਐ"। ਕੀ ਇਹ ਥਾਂ ਸਤਾਰੇ ਦੇ ਕਿਲੇ ਤੋਂ ਦਵਾਦਸ (ਬਾਰਾਂ) ਕੋਸ ਹੈ ?

ਤੀਜਾ ਵੀਚਾਰ–ਇਹ ਭੀ ਗੁਰ ਇਤਿਹਾਸ ਵਿਚ ਜ਼ਿਕਰ ਹੈ ਕਿ "ਬਾਰਾ ਕੋਸ ਬਧਾਚਲ ਪਬ। ਤਹ ਪੁਰਤੇ ਜਾਨਤ ਨਰ ਸਭ। ਠਾਡੇ ਭਏ ਤਵਨ ਜਾ ਆਈ। ਦੋਨੋ ਵੀਰ ਦੇਸ ਤਹ ਥਾਈ।" ਕੀ ਇਸ ਨਗਰ ਤੋਂ ੧੨ ਕੋਸ ਤੇ ਕੋਈ ਬਧਾਚਲ ਪਰਬਤ (ਪਹਾੜ) ਹੈ ਤੇ ਉਨ੍ਹਾਂ ਦੋਹਾਂ ਵੀਰਾਂ ਦਾ ਦੇਸ ਇਥੇ ਹੈ ?

ਚੌਥੀ ਵੀਚਾਰ–ਜੇ ਇਥੇ ਕੋਈ 'ਬਧਾਚਲ' ਨਾਮ ਦੀ ਥਾਂ ਹੋਣ ਕਰਕੇ ਇਸ ਨੂੰ ਹੀ ਮੰਨੀਏ ਤਦ ਜੇ ਕੋਈ ਆਖੇ ਬਧਾਚਲ ਪ੍ਰਾਗ ਤੇ ਮੁਗ਼ਲ ਸਰਾਏ ਦੇ ਵਿਚਾਲੇ ਵਾਲਾ ਹੈ ! ਤਦ ਇਸ ਵਿਚ ਕੌਣ ਸੱਚਾ ਹੈ ਸਮਝਣ ਲਈ ਕੀ ਸਬੂਤ ਹੋਵੇਗਾ ?

ਇਨ੍ਹਾਂ ਵੀਚਾਰਾਂ ਤੋਂ ਤਾਂ ਇਹ ਪਤਾ ਲਗਦਾ ਹੈ ਕਿ ਉਨਹਾਂ ਦੇ ਰਹਿਣ ਵਾਲੇ ਦੇਸ (ਇਲਾਕੇ) ਵਿਚ ਜਿਥੋਂ ੧੨ ਕੋਸ ਤੇ ਬਿਧਾਚਲ ਨਾਮ ਕੀ ਕੋਈ ਪਹਾੜੀ ਹੈ ਯਾ ਜਿਥੋਂ ਉਨਹਾਂ ਦਾ ਘਰ (ਜਨਵਾੜਾ) ਬਾਰਾਂ ਕਸ ਹੈ, ਕਿਸੀ ਐਸੀ ਥਾਂ ਤੇ ਮਹਾਰਾਜਾ ਨੇ ਓਹਨਾਂ ਨੂੰ ਛਡ ਕੇ ਨੰਦੇੜ ਜਾਣ ਦਾ ਹੁਕਮ ਕੀਤਾ ਸੀ। ਇਸ ਲਈ ਨੰਦੇੜ ਓਹ ਥਾਂ ਨਹੀਂ ਹੈ ਓਹ ਹੋਰ ਕਿਤੇ ਹੈ। ਹੁਣ ਵੀਚਾਰ ਇਹ ਹੈ ਕਿ ਕਿਤੇ ਭੀ ਸੰਗਤਾਂ ਦਾ ਬਣਾਇਆ ਗੁਰਦਵਾਰਾ ਜਦ ਗੁਰਦਵਾਰਾ ਮੰਨਣ ਵਿਚ ਕੋਈ ਏਹਤਰਾਜ਼ ਨਹੀਂ ਹੋਂਦਾ ਫਿਰ ਇਤਿਹਾਸ ਤੋੜ ਮਰੋੜ ਕਰਕੇ ਕਿਉਂ ਸੰਗਤਾਂ ਨੂੰ ਧੋਖੇ ਵਿਚ ਉਲਝਾਇਆ ਤੇ ਪਾਇਆ ਜਾਂਦਾ ਹੈ ?

**ਬੁਰਹਾਨ ਪੁਰ:**–ਇਹ ਤਾਪਤੀ ਨਦੀ ਦੇ ਕਨਾਰੇ ਤੇ

ਖੰਡੂਏ ਭੁਸਾਵਲ ਜੰਕਸ਼ਨ ਦੇ ਵਿਚਾਲੇ ਇਕ ਅਸਟੇਸ਼ਨ ਹੈ ਜਿਸਤੋਂ ਥੋੜੀ ਦੂਰ ਬੜਾ ਪੁਰਾਨਾ ਇਤਿਹਾਸਕ ਤੇ ਮਸ਼ਹੂਰ ਸ਼ਹਿਰ ਬੁਰਹਾਨਪੁਰ ਹੈ, ਇਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਚਰਨ ਪਾਏ ਤੇ ਦਸਮੇਸ ਜੀ ਨੇ ਤਾਂ ਕਈ ਮਹੀਨੇ ਨਿਵਾਸ ਕੀਤਾ ਹੈ, ਇਥੇ ਹੀ ਬਹਾਦਰ ਸ਼ਾਹ ਦਾ ਬਿਨੈ ਪਤਰ ਪੁਜਾ ਤਦ ਗੁਰੂ ਜੀ ਨੇ ਨਚੇੜ ਪਹੁੰਚ ਕੇ ਉਸ ਨੂੰ ਧੀਰਜ ਦਿਤਾ ਤੇ ਬਾਗੀ ਜਾ ਰਹੀਆਂ ਫੌਜਾਂ ਨੂੰ ਸੰਤੁਸ਼ਟ ਕੀਤਾ ।

ਗੁਰੂ ਦਸਮੇਸ ਜੀ ਤੋਂ ਪਿਛੋਂ ੧੮ਵੀਂ ਸਦੀ ਦੇ ਅੰਤ ਪਰ ਬਾਬਾ ਹਠੀ ਸਿੰਘ ਜੀ ਦਿਲੀ ਮਥਰਾ ਤੋਂ ਚਲਕੇ ਇਥੇ ਹੀ ਆਕੇ ੩੦ ਸਾਲ ਤੋਂ ਵਧੀਕ ਸਮੇਂ ਤਕ ਠਹਿਰੇ ਤੇ ਬੜੇ ਤੇਜ ਪ੍ਰਤਾਪ ਨਾਲ ਸਿਖੀ ਧਰਮ ਤੇ ਬੀਰ ਬਹਾਦਰ ਪੰਥ ਦਾ ਪ੍ਰਚਾਰ ਕੀਤਾ, ਭਾਵੇਂ ਆਪ ਆਏ ਤਾਂ ਚੰਦ ਸਵਾਰ ਸਿਖਾਂ ਨਾਲ ਸਨ, ਪਰੰਤੂ ਇਥੇ ੭੦੦ ਤੋਂ ਵਧੀਕ ਸਵਾਰ ਆਪਦੇ ਨਾਲ ਹਵਾ ਖੋਰੀ ਸ਼ਕਾਰ ਲਈ ਨਿਕਲਦਾ ਸੀ ।

ਉਸ ਵੇਲੇ ਦੇ ਕੜਾਹੇ ਤੇ ਲੋਹਾਂ ਅਜੇ ਤਕ ਸ਼ਹਿਰ ਤੋਂ ਬਾਹਰਵਾਰ ਦੇ ਗੁਰਦੁਆਰੇ ਦੇ ਖੋਲਿਆਂ ਵਿਚ ਧੁਪ ਤੇ ਮੀਂਹ ਸਹਾਰਨ ਦੀ ਤਪੱਸਿਆ ਕਰਦੇ ਤੇ ਕਹਿੰਦੇ ਹਨ ਕਿ ਅਸੀਂ ਓਹੀ ਹਾਂ ਜੋ ਨਿਤ ਹਜਾਰਾਂ ਸਿੰਘਾਂ ਦੇ ਦਰਸ਼ਨ ਕਰਦੇ ਸਾਂ ਪਰ ਹੁਣ ਤਾਂ ਸੋ ਸਾਲ ਵਿਚ ਭੀ ਹਜਾਰ ਸਿੰਘ ਨੇ ਦਰਸ਼ਨ ਨਹੀਂ ਦਿਤੇ । ਇਹਨਾਂ ਨੂੰ ਵੇਖਨ ਤੋਂ ਖਾਲਸੇ ਦਾ ਅਰੂਜ ਅਖਾਂ ਅਗੇ ਆਕੇ ਜਲ ਦੀਆਂ ਧਾਰਾਂ ਦੀ ਤਰਾਂ ਆਂਸੂ ਵੈਹ ਤੁਰਦੇ ਹਨ ।

ਇਥੇ ਹੀ ਬਾਬਾ ਹਠੀ ਸਿੰਘ ਜੀ ਦੇ ਹਥੀਂ ਲਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਇਥੋਂ ਹੀ ਲੈ ਗਏ ਇਕ ਉਦਾਸੀ ਸੰਤਾਂ ਪਾਸੋਂ ਗੁਰੂ ਦਸਮੇਸ ਜੀ ਦੀ ਚੌਹਾਂ ਸਾਹਿਬਜਾਦਿਆਂ ਵਾਲੀ ਨਾਯਾਬ ਦਸਤੀ ਤਸਵੀਰ ਇਸ ਕੀਟ ਨੂੰ ਪ੍ਰਾਪਤ ਹੋਈ ਸੀ, ਇਥੇ ਰੰਗਾਰੇ, ਸੁਨਿਆਰੇ, ਬਨੀਏ, ਤੇਲੀ, ਕੁੰਭਾਰ

ਤੇ ਖਤਰੀ ਬ੍ਰਾਹਮਣ ਆਦਿ ਹਰ ਜਾਤੀ ਦੇ ਸਜਨ ਗੁਰੂ ਕੇ ਸਿਖ ਸੇਵਕ ਸਨ, ਪਰੰਤੂ ਗੁਰਮਤ ਪ੍ਰਚਾਰ ਨਾ ਹੋਣ ਕਰਕੇ ਦਿਨ ਬਦਿਨ ਸਿਖ ਤਾਦਾਦ ਘਟਦੀ ਜਾਂਦੀ ਹੈ ਤੇ ਪੁਰਾਤਨ ਗੁਰਦੁਆਰੇ ਜੋ ਪੰਜ ਤੋਂ ਵਧੀਕ ਹਨ ਮਸਤਾਨੇ ਹੋਂਦੇ ਜਾਂਦੇ ਹਨ। ਕਿਆ ਚੰਗਾ ਹੋਵੇ ਜੋ ਕੋਈ ਜਿਮੇਵਾਰ ਆਗੂ ਇਧਰ ਭੀ ਸਾਰ ਲੈਣ ਲਈ ਨਿਤਰਨ ਯਾ ਸ੍ਰੀ ਹਜ਼ੂਰ ਸਾਹਿਬ ਵਲੋਂ ਏਹ ਸਭ ਗੁਰ ਅਸਥਾਨ ਸਬੰਧਤ ਕਰਕੇ ਯੋਗ ਪ੍ਰਬੰਧ ਪ੍ਰਚਾਰ ਕੀਤਾ ਜਾਏ ?

**ਪੁਸਕਰ ਰਾਜ:**—ਇਥੇ ਪਹਿਲੀ ਤੇ ਦਸਵੀਂ ਪਾਤਸ਼ਾਹੀ ਜੀ ਦੇ ਗੁਰਦੁਆਰੇ ਹਨ, ਇਹ ਇਕ ਮਹਾਨ ਤੀਰਥ, ਅਜਮੇਰ ਅਸਟੇਸ਼ਨ ਤੋਂ ਤਿੰਨ ਮੀਲ ਦੇ ਫੈਸਲੇ ਪਰ ਹੋਣ ਤੇ ਹਰ ਪਰਕਾਰ ਦੀ ਸਵਾਰੀ ਮਿਲਦੀ ਹੈ। ਪਰੰਤੂ ਅਜਮੇਰ ਵਿਚ ਸ੍ਰੀ ਗੁਰੂ ਸਿੰਘ ਸਭਾ ਦਾ ਗੁਰਦੁਆਰਾ ਬਹੁਤ ਸੁੰਦਰ ਤੇ ਆਰਾਮ ਦੇਹ ਅਸਟੇਸ਼ਨ ਦੇ ਪਾਸ ਹੀ ਹੈ।

**ਗਵਾਲੀਅਰ:**—ਅਸਟੇਸ਼ਨ ਤੋਂ ਸਵਾਰੀ ਭੀ ਮਿਲਦੀ ਹੈ, ਤੇ ਸ਼ੈਹਰ ਵਿਚ ਗੁਰਦੁਆਰਾ ਭੀ ਹੈ, ਪ੍ਰੰਤੂ ਕਿਲੇ ਵਿਚ ਮੀਰੀ ਪੀਰੀ ਦੇ ਮਾਲਕ, ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ, ਕਿਉਂਕੇ ਆਪ ਨੇ ਇਸ ਕਿਲੇ ਵਿਚ ਆਕੇ ਕੁਛ ਮਹੀਨੇ ਨਿਵਾਸ ਕੀਤਾ ਸੀ ਇਥੋਂ ਭੀ ਆਏ ਯਾਤ੍ਰੀ ਦਰਸ਼ਨ ਕਰਨ ਦਾ ਲਾਭ ਲੈਂਦੇ ਜਾਇਆ ਕਰਨ।

**ਉਜੈਨ:**—ਇਥੇ ਭੀ ਇਤਿਹਾਸਕ ਗੁਰ ਸਿਖਾਂ ਤੇ ਗੁਰੂ ਘਰ ਦੀ ਉਦਾਸੀ ਸੰਪ੍ਰਦਾਯ ਦੇ ਪੁਰਾਤਨ ਮਹਾ ਪੁਰਸ਼ਾਂ ਗੁਰਮੁਖ ਦੀ ਮਾਰੀ ਹੋਈ ਤੇਗ ਦੇ ਅਜੇ ਚਮਕਾਰੇ ਮੌਜੂਦ ਹਨ ਜੋ ਦੇਖਣ ਤੇ ਹੀ ਮਹੱਤਤਾ ਦਾ ਅੰਦਾਜਾ ਲਗ ਸਕਦਾ ਹੈ:—

**ਇੰਦੌਰ:**—ਇਥੇ ਛਾਵਨੀ ਵਿਚ ਖਾਲਸੇ ਦਾ ਗੁਰਦੁਆਰਾ ਹੈ, ਜੋ ਮੁਸਾਫਰਾਂ ਲਈ ਬੜਾ ਸੁਖਦਾਈ ਹੈ, ਸ਼ੈਹਰ ਵਿਚ ਖਤਰੀ

ਤੇ ਹੋਰ ਜਾਤੀਆਂ ਦੇ ਸਿਖ ਸੇਵਕ ਭੀ ਹਨ ਪਰੰਤੂ ਦਿਨੋ ਦਿਨ ਗੁਰੂ ਘਰ ਵਲੋਂ ਬੇ ਖ਼ਬਰੀ ਕਰਕੇ ਅਨਜਮਤ ਦੇ ਹੜ ਵਿਚ ਵੈਂਹਦੇ ਚਲੇ ਜਾਂਦੇ ਹਨ।

## ਸ੍ਰੀ ਹਜ਼ੂਰ ਸਾਹਿਬ ਤੇ ਬੁੰਗੇ ਯਾਦਗਾਰਾਂ

ਸ੍ਰੀ ਹਜ਼ੂਰ ਸਾਹਿਬ ਵਿਚ ਭਾਂਵੇਂ ਪੁਰਾਣੇ ਬੁੰਗੇ ਤੇ ਯਾਦਗਾਰਾਂ ਨੂੰ ਕਾਯਮ ਰਖਨ ਵਾਸਤੇ ਕੁਛ ਕਾਹਨਾਂ ਕਰਕੇ ਬਹੁਤ ਘਟ ਧਿਆਨ ਦਿਤਾ ਗਯਾ ਹੈ, ਤਾਂ ਭੀ ਅਜੇ ਕਿਸੀ ਨ ਕਿਸੀ ਸ਼ਕਲ ਵਿਚ ਉਨ੍ਹਾਂ ਦੇ ਨਸ਼ਾਨ ਮੌਜੂਦ ਹਨ, ਵਾਹਿਗੁਰੂ ਨਾਂ ਕਰੇ ਜੋ ਪ੍ਰਬੰਧਕਾਂ ਦੀ ਲਾ ਪਰਵਾਹੀ ਨਾਲ 'ਅਗੇ ਦੌੜ ਤੇ ਪਿਛੇ ਚੌੜ' ਵਾਲੀ ਕਹਾਵਤ ਕੰਮ ਕਰੇ। ਆਸ ਹੈ ਮੌਜੂਦਾ ਸਰਬ੍ਰਾਹ ਸਾਹਿਬ ਤੇ ਸਦਰ ਮਜਲਸ ਦੇ ਪ੍ਰਧਾਨ ਸਾਹਿਬ, ਇਨ੍ਹਾਂ ਸਿਖ ਕਮ ਦੇ ਇਤਿਹਾਸਕ ਬੁੰਗਿਆਂ ਤੇ ਯਾਦਗਾਰਾਂ (ਸ਼ਹੀਦ ਗੰਜ ਆਦਿਕਾਂ) ਨੂੰ ਹਮੇਸ਼ ਕਾਯਮ ਰੈਹਨ ਵਾਲੀ ਸੂਰਤ ਵਿਚ ਪੋਹਚਾਨ ਵਲ ਬਹੁਤਾ ਧਿਆਨ ਦੇਕੇ ਇਨਾਂ ਨੂੰ ਮੁਰੰਮਤ ਕਰਵਾ ਦੇਣਗੇ।

**ਸ੍ਰੀ ਅਕਾਲ ਬੁੰਗਾ ਸਾਹਿਬ:**—ਖਾਲਸਾ ਪੰਥ ਵਿਚ ਜਿਥੇ ਭੀ ਖਾਸ ਗੁਰਦੁਆਰੇ ਹਨ ਉਨ੍ਹਾਂ ਦੇ ਸਾਹਮਣੇ ਅਕਾਲ ਬੁੰਗਾ ਭੀ ਇਕ ਖਾਸ ਤੇ ਜਰੂਰੀ ਗੁਰਦੁਆਰੇ ਸਾਹਿਬ ਜੀ ਦਾ ਹੀ ਖਾਸ ਅੰਗ ਹੁੰਦਾ ਹੈ, ਜੈਸਾ ਕਿ ਇਥੇ ਭੀ ਪ੍ਰੰਪਰਾ ਤੋਂ ਐਨ ਤਖਤ ਸਾਹਿਬ ਦੇ ਹਜ਼ੂਰ ਕਾਇਮ ਸੀ ਪਰੰਤੂ ਬੜੀ ਲਾਪ੍ਰਵਾਹੀ ਨਾਲ ਹਜ਼ਾਰਾਂ ਰੁਪਯਾਂ ਦੇ ਖ਼ਰਚ ਪਰ ਬਣੀ ਹੋਈ ਗੁਰਦੁਆਰੇ ਜ਼ਰੂਰੀ ਤੇ ਖਾਸ ਅਮਾਰਤ ਨੂੰ ਪਾਰਟੀ ਬਾਜ਼ੀ ਦੇ ਖਿਆਲ ਨੇ ਰਖਕੇ ਬਰਬਾਦ ਕੀਤਾ ਗਿਆ ਹੈ ਤੇ ਹੋਰ ਕੀਤਾ ਜਾ ਹੈ।

ਇਸੀ ਅਮਾਰਤ ਦੀ ਬਰਬਾਦੀ ਦੇ ਪਖਪਾਤੀ ਸਵਾਲ ਨੇ ਹੀ

ਪੈਹਲੀ ਵੇਰ ਇਕ ਲਿਖੇ ਪੜ੍ਹੇ ਸਜਨ (ਸੁਬਰਾਹ ਜੀ) ਨੂੰ ਉ
ਪਾਇਆ ਤੇ ਇਕ ਤਰਾਂ ਨਾਲ......ਹੋਕੇ ਇਥੋਂ ਜਾਣ ਵ
ਬਣਾਇਆ:–ਇਸ ਦੀ ਅਮਾਰਤ ਨੂੰ ਤਿਆਰ ਕਰਨ ਸਬੰ
ਕਿਤਨੇ ਹੀ ਮੇਹਜਰਨਾਮੇ, ਦਰਖਾਸਤਾਂ, ਤੇ ਮਿਸਲਾਂ
ਫੈਸਲੇ ਮੌਜੂਦ ਹੋਣਗੇ, ਮਗਰ ਨ ਮਲੂਮ ਇਸ ਵਿਚ ਕੀ ਗੁ
ਰਾਜ਼ ਹੈ ਜੋ ੧੨ ਸਾਲ ਪਿਛੋਂ ਭੀ ਅਜੇ ਤਕ ਅਕਾਲ ਬੁੰਗੇ ਸਾਹਿ
ਜੀ ਦੀ ਅਮਾਰਤ ਮੁਰੰਮਤ ਨਹੀਂ ਕੀਤੀ ਗਈ।

ਸ਼ਾਇਦ ਗੁਰੂ ਕਲਗੀਧਰ ਪਾਤਿਸ਼ਾਹ ਜੀ ਨੂੰ ਏਹੀ ਮਨਜ਼ੂ
ਹਵੇ ਕਿ ਇਨਾਂ ਦੀਵਾਰਾਂ ਨੂੰ ਪੁਟਣ ਤੇ ਛਤ ਨੂੰ ਗਿਰਾਉ
ਲਈ ਜਿਸ ਦੇ ਦਿਲ ਦਮਾਗ ਵਿਚੋਂ ਪੈਹਲੇ ਵੀਚਾਰਾਂ (ਤਜਵੀਜ਼
ਫੁਰਨ ਤੇ, ਹਥੀਂ ਲਿਖਣੇ ਅਰ ਜੁਬਾਨ ਨਾਲ ਲਿਖਾਨ ਦਾ ਜ
ਹੋ ਚੁਕਾ ਹੈ, ਉਨਾਂ ਦੁਆਰਾ ਹੀ ਮੁੜ ਬਨਾਣ ਦਾ ਕੰਮ ਲੈ
ਉਨ੍ਹਾਂ ਨੂੰ ਹੀ ਪਵਿਤ੍ਰ ਕੀਤਾ ਜਾਏ। ਚੰਗਾ ਹੋਵੇ ਕੇ ਇਸ
ਪੈਹਲੀ ਛਤੇ ਲੋਹੇ ਦੇ ਗਾਡਰ ਪਾਕੇ ਦੂਜੀ ਛਤੇ ਗੈਲਰੀ ਤੇ ਕੁ
ਕਮਰਿਆਂ ਦੇ ਰੈਹਨ ਵਾਸਤੇ, ਯਾ ਲਾਇਬਰੇਰੀ ਲਈ ਵਰਤ
ਵਾਸਤੇ ਬਨਾਏ ਜਾਣ ਤਾਂ ਇਥੇ ਹੀ ਰੋਜ਼ਾਨਾ ਤੀਜੇ ਪੈਹਰ
ਦੀਵਾਨ, ਇਤਿਹਾਸਕ ਪ੍ਰਸੰਗ, ਕਥਾ, ਪ੍ਰਚਾਰ, ਹੋਜਾ ਕ
ਅਤੇ ਚਰਨ ਗੰਗਾ ਲੋਹੇ ਵਾਲੇ ਫਾਟਕ ਤੇ ਜਾਕੇ ਬਾਹਰ ਜੋੜਿ
ਦਾ ਪ੍ਰਬੰਧ ਹੋਕੇ, ਏਹ ਦਰਬਾਰ ਦੇ ਸਾਹਮਣੇ ਦਾ ਮੈਦਾਨ, ਸਚਮੁ
ਸੁੰਦਰ ਸ਼ੋਭਨੀਕ ਮੈਦਾਨ ਹੀ ਕਰ ਦਿਤਾ ਜਾਏ।

**ਸੁਖਈਆਂ ਵਾਲਾ ਬੁੰਗਾ**–ਇਹ ਬੁੰਗਾ ਭੀ ਬਹੁ
ਤਰਸਯੋਗ ਹਾਲਤ ਵਿਚ ਹੈ, ਤੇ ਪੰਥਕ ਬੁੰਗਾ ਹੋਣ ਕਰ
ਅਤੇ ਪੁਰਾਤਨ ਯਾਦਗਾਰ ਹੋਣ ਕਰਕੇ ਇਸਦੀ ਮੁਰੰਮਤ ਗੁਰਦੁਆ
ਜੀ ਦੀ ਹਿਫ਼ਾਜ਼ਤੀਬਾਹੀ (ਮੋਰਚੇ) ਦੇ ਲਿਹਾਜ਼ ਨਾਲ ਭੀ ਜ਼ਰੂਰੀ
ਹੈ ਕਿਉਂਕਿ ਚਾਰੋਂ ਤਰਫ ਬਣੇ ਹੋਏ ਬੁੰਗੇ ਗੁਰਦੁਆਰੇ ਸਾਹਿ
ਦੀਹਰ ਤਰ੍ਹਾਂ ਹਿਫ਼ਾਜ਼ਤ ਦਾ ਕੰਮ ਦੇਂਦੇ ਰਹਿਣਗੇ ਇਸ ਲਈ ਇ

ਭੀ ਉਪਰਲੀ ਛਤ ਸਮੇਤ ਐਸਾ ਬਣਾਇਆ ਜਾਵੇ ਜੋ ਆਏ ਯਾਤ੍ਰੀ ਗਾ ਆਰਾਮ ਕਰ ਸਕਣ ਤੇ ਇਸਦੇ ਪਿਛਲੇ ਪਾਸੇ ਪੂਰੇ ਵਲ ਇਸ਼ਨਾਨ ਘਰ ਤੇ ਰਸੋਈ ਘਰ ਭੀ ਤਿਆਰ ਕਰ ਦਿਤੇ ਜਾਣ।

**ਾਮਗੜ੍ਹੀਆ ਬੁੰਗਾ**-ਇਹ ਇਕ ਬਹੁਤ ਪੁਰਾਣਾ ਤੇ ਬਹੁਤਿਆਂ ਲਈ ਸੁਖਦਾਈ ਬੁੰਗਾ ਸੀ ਜੋ ਮੁਰੰਮਤ ਨ ਹੋਨ ਕਰਕੇ ਕੁਝ ਸਾਲਾਂ ਤੋਂ ਬਹੁਤ ਖ਼ਸਤਾ ਹਾਲਤ ਵਿਚ ਪੁਜ ਗਿਆ ਹੈ, ਇਸਦੀ ਮੁਰੰਮਤ ਕਰਨ ਵਲ ਭੀ ਖਾਸ ਧਿਆਨ ਦੇਣਾ ਚਾਹੀਦਾ ਹੈ, ਤੇ ਐਸੇ ਤਰੀਕੇ ਨਾਲ ਪਹਿਲੀਆਂ ਭਰੀਆਂ ਨੀਂਹਾਂ ਤੋਂ ਕੰਮ ਲੈਣਾ ਚਾਹੀਦਾ ਹੈ ਜੋ ਇਹ, ਹਿਫ਼ਾਜ਼ਤ ਵਾਲੀ, ਮਜ਼ਬੂਤ ਤੇ ਹਵਾਦਾਰ ਰੌਸ਼ਨੀ ਵਾਲੀ ਕਾਫ਼ੀ ਯਾਤਰੂਆਂ, ਬਿਹੰਗਮਾਂ ਦੇ ਰਹਿਣ ਵਾਲੀ ਆਲੀਸ਼ਾਨ ਇਮਾਰਤ ਹੋ ਸਕੇ। ਇਸ ਲਈ ਰਾਮਗੜ੍ਹੀਆ ਗਜ਼ਟ, ਰਾਮਗੜ੍ਹੀਆ ਪਤ੍ਰਕਾ ਵਿਚ ਖਾਸ ਤੌਰ ਪਰ ਮਜ਼ਮੂਨ ਪ੍ਰਕਾਸ਼ਤ ਕਰਕੇ ਰਾਮਗੜ੍ਹੀਏ ਵੀਰਾਂ ਨੂੰ ਸੇਵਾ ਲਈ ਸੁਚੇਤ ਕਰਨਾ ਚਾਹੀਏ।

**ਮਾਈ ਭਾਗ ਕੌਰ ਜੀ ਵਾਲਾ ਬੁੰਗਾ**—ਇਹ ਬੁੰਗਾ ਭੀ ਮਸਤਾਨਾ ਹੋਂਦਾ ਜਾਂਦਾ ਹੈ, ਇਸਦੀ ਨਾਲ ੨ ਮੁਰੰਮਤ ਜਾਰੀ ਰਹਿਣੀ ਚਾਹੀਏ ਤੇ ਸਾਹਮਣੇ ਤੇ ਅੰਦਰ ਦੀ ਸਫ਼ਾਈ ਵਲ ਵਧੀਕ ਧਿਆਨ ਦਿਤਾ ਜਾਏ, ਅਤੇ ਮਾਈ ਭਾਗ ਕੌਰ ਜੀ ਦੀ ਯਾਦਗਾਰ ਕਿਸੀ ਹੋਰ ਗੁਰਮਤ ਅਨਕੂਲ ਸੋਭਨੀਕ ਤਰੀਕੇ ਨਾਲ ਕਾਇਮ ਰਖਣ ਦਾ ਉਦਮ ਹੋਵੇ।

**ਮਲਵਈ ਬੁੰਗਾ**—ਇਸ ਬੁੰਗੇ ਦੀ ਤਿਆਰੀ ਦੀ ਭੀ ਅਤਿਅੰਤ ਲੋੜ ਹੈ ਤਾਕਿ ਡੇਉੜੀ ਤਕ ਸਾਰੀ ਲੈਨ ਮੁਕੰਮਲ ਹੋਕੇ ਜਿਥੇ ਹਿਫ਼ਾਜ਼ਤੀ ਕੋਟ ਬਣ ਜਾਏ, ਉਥੇ ਡੇਉੜੀ ਭੀ ਹੋਰ ਦੀਦਾਰੇ ਤੇ ਸੋਭਾ ਵਧਾਣ ਵਾਲੀ ਪ੍ਰਤੀਤ ਹੋਣ ਲਗ ਜਾਏ, ਯਾ ਦੂਜੇ ਪਾਸੇ ਦੇ ਤੋਸੇਖਾਨੇ ਦੀ ਤਰ੍ਹਾਂ ਇਧਰ ਭੀ ਬਣ ਕੇ ਸੋਭਾ ਵਧਾਵੇ ਤੇ ਡੇਉੜੀ ਬਾਹਰ ਦੇ ਫਾਟਕ ਵਾਲੇ ਥਾਂ ਦੀ ਸੋਭਾ ਬਣਾਵੇ।

**ਨਾਭੇ ਵਾਲਾ ਬੁੰਗਾ**—ਇਸ ਬੁੰਗੇ ਦੀਆਂ ਨੀਹਾਂ ਬਹੁ ਅਰਸੇ ਤੋਂ ਤਿਆਰ ਹਨ, ਥਾਂ ਭੀ ਐਨ ਮੌਕੇ ਦੀ ਹੈ, ਪਹਿਲ ਨਾਲੋਂ ਹੁਣ ਕੋਈ ਰਕਮ ਵਧੀਕ ਨਹੀਂ ਲਗਣੀ, ਪਰ ਨ ਬਨਾਣ ਤੇ ਜਿਥੇ ਹਜ਼ਾਰਾਂ ਰੁਪਏ ਰਿਆਸਤ ਦੇ ਖ਼ਰਚ ਹੋ ਬਿਅਰਥ ਚਲੇ ਜਾਣਗੇ, ਉਥੇ ਇਕ ਤਰ੍ਹਾਂ ਨਾਲ ਨਾਮੋਸ਼ੀ ਤੇ ਬਦਨਾਮੀ ਭੀ ਹੋਵੇਗੀ, ਪਰੰਤੂ ਬਨਾਣ ਕਰਕੇ ਜਿਥੇ ਇਕ ਲੋੜ ਪੂਰੀ ਹੋ ਜਾਏਗੀ, ਉਥੇ ਰਿਆਸਤ ਦੇ ਖ਼ਰਚੇ ਰੁਪਏ ਸੁਫਲ, ਤੇ ਹਮੇਸ਼ ਲਈ ਇਕ ਯਾਦਗਾਰ ਕਾਇਮ ਰਹੇਗੀ। ਇਸ ਲਈ ਰਿਆਸਤ ਨਾਭਾ ਦੇ ਪ੍ਰਬੰਧਕਾਂ ਨੂੰ ਇਹ ਕੰਮ ਸਿਰੇ ਚੜ੍ਹਾਕੇ ਇਕ ਤਰ੍ਹਾਂ ਮੁਫ਼ਤ ਵਿਚ ਹੀ ਸੋਭਾ ਪ੍ਰਾਪਤ ਕਰ ਲੈਣੀ ਚਾਹੀਦੀ ਹੈ! ਨਹੀਂ ਤਾਂ ਸਟੇਟ ਨਾਭੇ ਦੇ ਪ੍ਰਬੰਧਕਾਂ ਦਾ ਫ਼ਰਜ਼ ਹੈ ਕਿ ਓਹ ਹਜ਼ੂਰ ਸਾਹਿਬ ਜੀ ਦੇ ਸਰਬਰਾਹ ਵ ਸਲਾਹ ਕਮੇਟੀ ਦੇ ਪ੍ਰਧਾਨ ਜੀ ਨੂੰ ਇਜਾਜ਼ਤ ਲਿਖ ਭੇਜਣ ਕਿ ਓਹ ਜਿਸ ਤਰਾਂ ਚਾਹੁਣ ਇਸ ਥਾਂ ਨੂੰ ਵਰਤ ਲੈਣ।

**ਬਾਰਾਂਦਰੀ**—ਇਹ ਇਕ ਆਲੀਸ਼ਾਨ ਇਮਾਰਤ ੧੯੮੨ ਤੋਂ ੧੯੮੮ ਦੇ ਸਮੇਂ ਅੰਦਰ ਸ੍ਰੀ ਮਹਾਰਾਜਾ ਰਣਜੀਤ ਸਿੰਘ ਸਾਹਿਬ ਵਾਲੀਏ ਮੁਲਕ ਪੰਜਾਬ ਵਲੋਂ ਤਿਆਰ ਹੋਈ ਸੀ, ਜਿਸ ਵਿਚ ਦਫ਼ਤਰ, ਸਟੋਰ, ਸਟਾਫ਼ ਤੇ ਯਾਤਰੂ ਅਕਸਰ ਨਿਵਾਸ ਕਰਦੇ ਹਨ, ਇਸਦੇ ਸਾਹਮਣੇ ਹੀ ਲੰਗਰ ਭੀ ਕੁਝ ਸਾਲਾਂ ਤੋਂ ਤਿਆਰ ਹੋਂਦਾ ਹੈ, ਜੋ ਸੋਭਦਾ ਨਹੀਂ। ਲੋੜ ਹੈ ਕਿ ਇਸ ਵਿਚ ਸੂਰ ਬੀਰ ਬਹਾਦਰ ਸਿਖਾਂ ਦੀਆਂ ਤੇ ਹੋਰ ਯਾਦਗਾਰੀ ਤਸਵੀਰਾਂ ਸਜਾਈਆਂ ਜਾਣ, ਤੇ ਜਦ ਤਕ ਅਕਾਲ ਬੁੰਗਾ ਨਹੀਂ ਤਿਆਰ ਹੋਂਦਾ, ਤੀਜੇ ਪਹਿਰ ਇਤਿਹਾਸਕ ਪ੍ਰਸੰਗ ਤੇ ਕਥਾ ਦਾ ਪ੍ਰਬੰਧ ਇਥੇ ਹੀ ਹੋਇਆ ਕਰੇ। ਆਏ ਯਾਤ੍ਰੀ, ਨਗਰਵਾਸੀ ਤੇ ਸਟਾਫ਼ ਦੇ ਸਾਰੇ ਸਜਣ ਜਿਨ੍ਹਾਂ ਨੂੰ ਖ਼ਾਸ ਡੀਊਟੀ ਤੋਂ ਵੇਹਲ ਹੋਵੇ ੧ ਘੰਟਾ ਨਿਤ ਲਾਭ ਉਠਾਯਾ ਕਰਨ। ਸਰਬਰਾਹ ਸਾਹਿਬ ਤੇ ਪੁਜਾਰੀ ਸਾਹਿਬ ਜੀ

ਭੀ ਬੈਠਿਆ ਕਰਨ ।

**ਚੌਥੇ ਪੌੜੇ ਦਾ ਬੁੰਗਾ**—ਗੁਰਦੁਆਰੇ ਸਾਹਿਬ ਤੋਂ ਪਰੇ ਵਲ ਦੀ ਡੇਉੜੀ ਦੇ ਸਾਹਮਣੇ ਕਰਕੇ ਜੋ ਬੁੰਗਾ ਹੈ ਇਸ ਨੂੰ ਵੇਖਣ ਤੋਂ ਪ੍ਰਤੀਤ ਹੋਂਦਾ ਹੈ ਕਿ ਇਸ ਬੁੰਗੇ ਦੀ ਇਮਾਰਤੀ ਨੀਂਹ ਰਖੀ ਜਾਣ ਤੇ ਛੇਤੀ ਹੀ ਇਹ ਕੰਮ ਬੰਦ ਹੋ ਗਿਆ ਸੀ। ਤਦੇ ਅਜ ਤਕ ਇਹ ਮਸਤਾਨੀ ਹਾਲਤ ਵਿਚ ਇਸ ਗਲ ਦੀ ਨਜ਼ੀਰ ਬਣ ਰਿਹਾ ਹੈ ਕਿ ਆਮ ਸਿੰਘ ਆਪਣੇ ਚੌਥੇ ਪੌੜੇ ਵਾਲੇ ਭਰਾਵਾਂ ਨਾਲ ਕਿਤਨੀਕ ਹਮਦਰਦੀ ਤੇ ਪਿਆਰ ਰਖਦੇ ਹਨ । ਦਰ ਅਸਲ ਇਹ ਨਜ਼ੀਰ ਸ਼ੋਭਨੀਕ ਨਜ਼ੀਰ ਨਹੀਂ ਹੈ। ਇਸ ਲਈ ਲੋੜ ਹੈ ਕਿ ਇਸਨੂੰ ਭੀ ਜੇ ਹੋਰਨਾਂ ਨਾਲੋਂ ਮਜ਼ਬੂਤ, ਸੁੰਦਰ ਤੇ ਆਲੀਸ਼ਾਨ ਨਹੀਂ ਬਨਾਣਾ ਚਾਹੁੰਦੇ, ਤਦ ਘਟ ਤੋਂ ਘਟ ਹੋਰ ਬੁੰਗਿਆਂ ਦੀ ਤਰਾਂ ਫਿਲਹਾਲ ਇਕ ਛਤ ਤਾਂ ਚੌਤਰਫ ਐਸੀ ਤਿਆਰ ਕਰ ਛਡੀਏ, ਜੋ ਕਿਸੀ ਵੇਲੇ ਦੋਹਰੀ ਬਣ ਸਕੇ। ਤੇ ਇਸ ਸੇਵਾ ਲਈ ਫੌਜੀ ਭਰਾਵਾਂ ਨੂੰ ਤੇ ਹੋਰ ਪੰਥਕ ਮੁਖੀ ਸਜਣਾਂ ਨੂੰ ਚਾਹੀਦਾ ਹੈ ਕਿ ਓਹ ਛੇਤੀ ਵਸ਼ੇਸ਼ ਧਿਆਨ ਦੇਣ, ਅਤੇ ਸਰਬਰਾਹ ਸਾਹਿਬ ਜੀ ਭੀ ਖ਼ਾਸ ਧਿਆਨ ਦੇਣ ਤੇ ਦਿਲਾਉਨ ਦੀ ਖੇਚਲ ਕਰਨ।

**ਵਣਜਾਰਿਆਂ ਵਾਲਾ ਬੁੰਗਾ**—ਇਹਬੁੰਗਾ ਗੁਰਦੁਆਰੇ ਸਾਹਿਬ ਤੋਂ ਗੁਦਾਵਰੀ ਵਾਲੀ ਸੜਕ ਤੇ ਜਾਂਦਿਆਂ, ਸਟੇਸ਼ਨ ਵਲ ਨਿਕਲਣ ਵਾਲੀ ਪਹਿਲੀ ਸੜਕ ਦੇ ਖਬੇ ਪਾਸੇ ਪਰ, ਸਜਿਆ ਹੋਇਆ ਹੈ, ਇਸਦੇ ਅੰਦਰ ਹੀ ਇਧਰ ਉਧਰ ਸ: ਹਰੀ ਸਿੰਘ ਜੀ ਦੇ ਪੋਤਰੇ ਅਤੇ ਸ: ਦੇਵਾ ਸਿੰਘ ਸਾਹਿਬ ਜੀ ਦੇ ਸਪੁਤ੍ਰ ਮਾਸਟਰ ਸਦਾ ਸਿੰਘ ਜੀ, ਸ: ਸੁੰਦਰ ਸਿੰਘ ਜੀ ਤੇ ਉਨ੍ਹਾਂ ਦੀ ਹੋਰ ਸੰਤਾਨ ਨਿਵਾਸ ਰਖਦੀ ਹੈ ਕਿਉਂਕਿ ਇਥੇ ਏਹੀ ਘਰ ਵਣਜਾਰਾ ਜਾਤੀ ਦੇ ਖਾਨਦਾਨੀ ਮਸੰਦਾਂ ਵਿਚੋਂ ਗੁਰੂ ਕੇ ਪਰੇਮੀ ਸੇਵਾਦਾਰ ਪਰਚਲਿਤ ਹਨ, ਹਜ਼ੂਰ ਸਾਹਿਬ ਪੁਜ ਕੇ ਵਣਜਾਰੇ ਸਿਖ, ਜਿਥੇ ਇਸ ਬੁੰਗੇ ਵਿਚ ਨਿਵਾਸ ਰਖਦੇ ਹਨ, ਉਥੇ ਇਹਨਾਂ ਦੀ ਰਾਹੀਂ

ਹੀ ਹਜ਼ੂਰ ਵਿਚ ਦਸਵੰਧ, ਗੋਲਕ, ਮੰਨਤ ਆਦਿਕ ਭੇਟ ਕਰਦੇ ਹਨ। ਪਰੰਤੂ ਇਹਨਾਂ ਦੇ ਸੁਧਾਰ, ਉਧਾਰ ਲਈ ਤੇ ਅਗ ਨੂੰ ਇਹ ਪਕੇ ਸਿਖ ਬਣਕੇ ਵਣਜਾਰਾ ਜਾਤੀ ਲਈ ਪਰਨਿਆਂ ਦੇ ਕੰਮ ਦੇਣ ਵਾਲੇ ਬਣਨ ਐਸਾ ਸਲੂਕ ਨਹੀਂ ਕੀਤਾ ਜਾਂਦਾ।

ਇਨਹਾਂ ਵਣਜਾਰੇ ਸਜਣਾਂ ਵਲ ਵੇਖ ਕੇ ਅੰਦਰ ਖਿਆਲ ਤੇ ਉਬਾਲ ਆਂਵਦੇ ਹਨ ਕਿ ਕੀ ਜੇ ਇਹ ੧੭੬੫ ਕਤੋਂ ਤੋਂ ਪਹਿਲੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਬਾਰ ਵਿਚ ਹਾਜ਼ਰ ਹੋਂਦੇ ਤਦ ਗੁਰੂ ਜੀ ਦੇ ਹਜ਼ੂਰ ਇਸੀ ਤਰਾਂ ਬਿਨਾਂ ਰਸੀ ਤੋਂ ਇਨ੍ਹਾਂ ਦੇ ਚਰਵਾਹੇ ਇਨ੍ਹਾਂ ਨੂੰ ਲੜ ਲਾਈ ਫਿਰਦੇ ?

ਕੀ ਜੋ ਗੁਰੂ ਜੀ ਰਤਾਕੁ ਕੌੜਾ ਬੋਲਣ ਤੇ ਇਕ ਹਜ਼ੂਰੀ ਸਿੰਘ ਨੂੰ ਰਿਛ ਬਣਾਕੇ ਦਰ ਦਰ ਗਲ ਰਸੀ ਪਵਾਕੇ ਕਲੰਦਰ ਦੇ ਹਥ ਫੜਾਂਦੇ ਹਨ, ਓਹ ਇਨ੍ਹਾਂ ਸਿਖਾਂ ਨੂੰ ਹਰ ਪਾਸੇ ਤੋਂ ਧੁ...ਧੁ...ਧੁ ਤਤ...ਪਰੇ...ਪਰੇ ਹੋਂਦੀ ਵੇਖਕੇ ਚੁਪ ਚਾਪ ਖਾਮੋਸ਼ ਰਹਿੰਦੇ ?

ਕੀ ਇਨ੍ਹਾਂ ਭੁਖੇ ਪਿਆਸੇ ਬੇਜ਼ਬਾਨਾਂ ਨੂੰ ਅਤਿ ਦਰਜੇ ਦੇ ਸਿਦਕੀ ਹੋਂਦੇ ਭੀ ਲੰਗਰ ਵਿਚ ਪ੍ਰਸ਼ਾਦ ਨ ਛਕਾਂਦੇ ?

ਕੀ "ਮੋ ਗ੍ਰਿਹ ਤੇ ਤਨ ਤੇ ਮਨ ਤੇ ਸਿਰਲੋ ਧਨ ਹੈ ਸਭ ਹੀ ਇਨਹੀ ਕੋ" ਕਹਿਣ ਵਾਲੇ ਗੁਰੂ ਅਪਣੇ ਖਜ਼ਾਨੇ ਵਿਚੋਂ ਕੌਡੀ ਭੀ ਇਨ੍ਹਾਂ ਲਈ ਨਾ ਖ਼ਰਚਦੇ ?

ਕੀ ਜੋ ਕਲਗੀਧਰ "ਅਬ ਹੀ ਉਠ ਭੇਟ ਹਮਾਰੀ ਹੀ ਕੀਜੈ" ਯਾ "ਲੀਨੇ ਬਿਨਾ ਨਹ ਨੈਕ ਪ੍ਰਸੀਜੈ" ਵਾਲੀ ਵਰਤੋਂ ਮਸੰਦਾਂ ਦੀ ਦਸਦੇ ਹਨ, ਓਹ ਆਪ ਯਾ ਅਪਣੇ ਸਿੰਘਾਂ ਪਾਸੋਂ ਕਿਸੀ ਨਾਲ ਇਹ ਸਲੂਕ ਹੋਂਦਾ ਵੇਖਕੇ ਅਪਣਾ ਸਜਾ ਹਥ ਗਰਮ ੨ ਤੇਲ ਦੇ ਕੜਛ ਪਰ ਨਾਂ ਰਖਦੇ ?

ਕਿਉਂ ਜੀ ! ਕਦੀ ਸਾਡੇ ਦਿਲਾਂ ਵਿਚ ਇਹ ਖ਼ਿਆਲ ਆਇਆ ਹੈ ਕਿ ਇਹ ਤਾਂ ਕਲਗੀਧਰ ਪਾਤਿਸ਼ਾਹ ਰੂਪ, ਸ਼ਮਾਂ ਦੇ ਪਤੰਗੇ ਹਨ, ਇਹ ਗੁਰਦੁਆਰਾ ਰੂਪ ਕਮਲ ਦੇ ਭੌਰੇ ਹਨ, ਸਾਡਾ ਕੀ ਹਕ ਹੈ, ਅਸੀਂ ਇਨ੍ਹਾਂ ਦਾ ਖ਼ੂਨ ਚੂਸ ਚੂਸ ਕੇ ਫਿਰ ਭੀ

ਡਕਾਰੀਏ ਤਕ ਨਾਂ ?

ਇਹਨਾਂ ਵਨਜਾਰਿਆਂ ਦੀਆਂ ਤਿੰਨ ਕੌਮਾਂ (ਜਾਤਾਂ) ਹਨ, ਇਹ ਸਾਰੇ ਹੀ ਨਿਯੂ ਸਭਯਤਾ ਰੋਸ਼ਨੀ ਤੋਂ ਅਜੇ ਦੂਰ ਹਨ, ਅਤੇ ਜਿਥੇ ਏਹ ਸਿਦਕ, ਪ੍ਰੇਮ, ਭਾਉ, ਭਗਤ ਵਿਚ ਬੇ ਮਿਸਾਲ ਉਚੇ ਹਨ, ਉਥੇ ਇਹ ਗਰੀਬੀ, ਅਵਿਦਿਆ, ਬੇਹੁਨਰੀ, ਅਸਹਾਇਪਨ ਤੇ "ਢੋਈ ਕੋਇ ਨ ਦੇਇ" ਵਿਚ ਭੀ ਬੇ ਮਿਸਾਲ ਹਨ !

ਹੈਰਾਨੀ ਵਾਲੀ ਗਲ ਏਹ ਹੈ ਕਿ ਜੋ ਖਾਲਸਾ ਜੀ 'ਗੁਰੂ ਖਾਲਸਾ' ਹੋਣ ਅਤੇ ਜਗਤ ਸੁਧਾਰ, ਦੇ ਜਿਮੇਂਵਾਰ ਆਪਣੇ ਆਪਨੂੰ ਜਾਹਿਰ ਕਰਦੇ ਹਨ ਓਹਨਾਂ ਨੂੰ ਪਤਾ ਹੈ ਕਿ ਕਿਤਨੇ ਸਾਡੇ ਦੋਹਰੇ ਦੋਹਰੇ ਭਰਾ (ਵਣਜਾਰੇ ਸਿਖ ਹੋਣ ਪਰ ਭੀ ਕਿਸਤਰਾਂ ਅਨਮਤੀਆਂ ਵਿਚ ਰਹਿਕੇ ਸਿਦਕ ਦੇ ਬੇੜੇ ਤੇ ਬੈਠੇ ਸੰਸਾਰ ਸਾਗਰ ਦੇ ਅਥਾਹ ਘੁੰਮਨ ਘੇਰ ਵਿਚ ਬਿਨਾਂ ਮਲਾਹ ਬਿਨਾਂ ਚਪੇ ਠਿਲੇ ਪਏ ਹਨ ? ਯਾ ਉਸ ਪਸੂ ਦੀ ਤਰਾਂ "ਗਹਿਬਰ ਬਨ ਘੋਰ ਗਹਿਬਰ ਬਨ ਘੋਰ" ਵਿਚ ਵਿਚਰ ਰਹੇ ਹਨ। ਜਿਸਦਾ ਨਾਂ ਚਰਵਾਹਾ ਸਿਰ ਤੇ ਹੋਵੇ, ਪਰ ਚਾਰੋ ਤਰਫ਼ ਤੋਂ ਉਸ ਨੂੰ ਭੇੜੀਏ (ਬਘਿਹਾੜ) ਅਖਾਂ ਪਾੜ ਪਾੜ ਤਕਦੇ ਹੋਣ ?

ਜਮਾਨੇ ਦੀ ਰਫਤਾਰ ਤੇ ਸਿਖਾਂ ਵਲੋਂ ਯਾ ਸਿਖਾਂ ਨਾਲ ਹੋ ਰਹੇ ਪਿਆਰ ਤੋਂ ਅੰਦੇਸ਼ਾ ਹੈ ਕਿ 'ਬਕਰੇ ਦੀ ਮਾਂ ਕਦ ਤਕ ਸੁਖਾਂ ਸੁਖੇਗੀ' ਤੇ ਜਦ ਤਕ ਕੋਈ ਜਿਮੇਵਾਰ ਬਾਡੀ ਸੁਧਾਰ ਲਈ ਆਪਾ ਨਸਾਰ ਕਰਕੇ ਇਸ ਵਣਜਾਰੇ ਪ੍ਰਵਾਰ ਦੀ ਸਾਰ ਲੈਣ ਲਈ ਤਿਆਰ ਬਰ ਤਿਆਰ ਨਾ ਹੋਵੇ ਇਹ ਕਿਸ ਤਰਾਂ ਬਚੇ ਰਹਿਣਗੇ ? ਮੇਰੇ ਖਿਆਲ ਵਿਚ ਸਭ ਤੋਂ ਪਹਿਲੇ ਇਸ ਪਰਵਾਰ ਦੇ ਜਾਹਰਾ ਜਿਮੇਵਾਹ ਬਾਬਾ ਦੇਵਾ ਸਿੰਘ ਜੀ ਦੀ ਲਾਇਕ ਸਪੁਤ੍ਰ ਹਨ, ਇਹਨਾਂ ਤੋਂ ਬਾਦ ਹਜੂਰ ਸਾਹਿਬ ਜੀ ਦੇ ਪ੍ਰਬੰਧਕ ਤੇ ਫਿਰ ਆਮ ਪੰਥ ਖਾਲਸਾ ਵਿਚੋਂ ਬੜੀਆਂ ੨ ਸੁਸੈਟੀਆਂ ਜਿਮੇਵਾਰ ਹਨ।

ਇਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਸਤ ਅਠ ਲਖ ਮਨੁਸ਼ ਹੀ ਨਹੀਂ ਬਲਕੇ ਸਿਖ ਮਨੁਸ਼ ਹੋਣ ਦਾ ਮਾਨ ਤੇ ਸਿਦਕ ਰਖਣ

ਵਾਲੇ ਮਨੁਸ਼ ਦੀ ਸੰਭਾਲ ਕਰਨ ਲਈ ਇਹਨਾਂ ਦੇ ਬਚੇ ਲੈਕੇ ਵਿਦਵਾਨ ਬਨਾਣ, ਇਹਨਾਂ ਦੀਆਂ ਅਬਾਦੀਆਂ ਦੇ ਕੇਂਦਰਾਂ ਵਿਚ ਵਿਦਿਆਲੈ ਜਾਰੀ ਕਰਨ, ਜਿਥੇ ਇਹਨਾਂ ਦੇ ਸਕੂਲ ਬੋਰਡਿੰਗ ਕਾਮਯਾਬ ਹਨ ਉਥੇ ਸਹਾਇਤਾ ਭੀ ਦੇਣ ਤੇ ਚੰਗੇ ਚੰਗੇ ਪ੍ਰੋਫੈਸਰ ਵਿਦਵਾਨ ਸਿਖਾਂ ਨੂੰ ਉਥੋਂ ਦੇ ਸਟਾਫ ਵਿਚ ਵਾੜਨ ਤੇ ਆਪਣੇ ਅੰਗ ਸੰਭਾਲ ਕੇ ਅੰਗ ਪਾਲ ਸਿਧ ਹੋਣ ਤਾਂਕਿ ਏਹ ਛੇਤੀ ਹੀ ਗੁਰਮਤ ਸਮਝ-ਬੂਝ ਦੇ ਮਾਲਕ ਹੋਕੇ ਉਸ "ਬਿਰਦਪਾਲ ਬੈਰੀ ਸਾਲ" ਸਤਿਗੁਰੂ ਜੀ ਦੇ ਸਪੁਤਰ ਕਹਿਲਾਨ ਵਾਲੇ ਸਾਬਤ ਹੋਕੇ ਆਪ ਆਪਣੀ ਤੇ ਹੋਰਨਾਂ ਦੀ ਭੀ ਸੇਵਾ ਸਹਾਇਤਾ ਕਰਨ ਵਾਲੇ ਬਣ ਜਾਣ ।

ਜੇ ਜਿਮੇਵਾਰਾਂ ਦੀ ਸੁਸਤੀ ਨਾਲ ਏਹ ਬੇੜਾ ਅਨਮਤੀ ਘੁੰਮਨ ਘੇਰ ਵਿਚ ਡੁਬ ਗਿਆ ਤਦ ਕੋਈ ਸਿਖ "ਮੋ ਗ੍ਰੈਹ ਤੇ ਤਨ ਤੇ ਮਨ ਤੇ ਸਿਰਲੌ ਧਨ ਹੈ ਸਬ ਹੀ ਇਨਕੋ ॥" ਕਹਿਨ ਵਾਲੇ ਪਿਤਾ ਜੀ ਦੇ ਸਨਮੁਖ ਸੁਰਖਰੂ ਨਹੀਂ ਹੋ ਸਕੇਗਾ ।

ਵੀਰੋ ਤੇ ਭੈਣੋਂ ! (ਪਾਠਕੋ) ਜਰਾ ਚੰਗੀ ਤਰਾਂ ਦਿਲ ਦਮਾਗ ਦੇ ਦਰਵਾਜੇ ਖੋਲਕੇ ਧਿਆਨ ਨਾਲ ਇਹਨਾਂ "ਵਣਜਾਰੇ ਸਿਖਾਂ" ਦੀਆਂ ਤਸਵੀਰਾਂ ਵਲ ਵੇਖੋ ਤੁਸੀ ਕੀ ਹੋ ਤੇ ਏਹ ਕੀ ਹਨ ? ਕੀ ਤੁਸਾਂ ਨੂੰ ਕਲਗ਼ੀਧਰ ਪਾਤਿਸ਼ਾਹ ਜੀ ਦੇ ਸਾਹਮਣੇ ਸ਼ਾਹੂਕਾਰੀਆਂ, ਸਰਦਾਰੀਆਂ ਤੇ ਮਹਾਰਾਜਗੀਆਂ, ਇਨ੍ਹਾਂ ਦੀ ਸੰਭਾਲੋਂ ਬਿਨਾਂ ਸ਼ਾਬਾਸ ਦਾ ਭਾਗੀ ਬਣਾਣਗੀਆਂ ?

ਇਸ ਲਈ ਲੋੜ ਹੈ ਕੇ ਇਕ ਕਮੀਸ਼ਨ ਤਿਆਰ ਕਰੋ ਤੇਇਨਾਂ ਸਬੰਧੀ ਹਾਲਾਤ ਦਰਿਆਫ਼ਤ ਕਰਨ ਲਈ ਸੀ. ਪੀ. ਦਖਣ ਮੈਹਸੂਰ ਆਦਿ ਦੇ ਅਲਾਕੇ ਵਿਚ ਭੇਜੋ ਤੇ ਫੇਰ ਦੇਖੋ ਕੀ ਰਪੋਟ ਪੁਜਦੀ ਹੈ ? ਕਿਤੇ ਏਹ ਨਾਂ ਖ਼ਿਆਲ ਕਰਨਾ ਜੋ ਏਹ ਨਿਹੰਗ ਕਿਤੇ ਭੰਗ ਪੀਕੇ ਐਵੇਂ ਕਲਮ ਵਾਹੀ ਜਾਂਦਾ ਹੈ, ਦੇਖੋ ਇਸੀ ਸਬੰਧ ਵਿਚ ਇਕ ਪਤ੍ਰਕਾ ਜੋ ਸ੍ਰਦਾਰ ਸੁੰਦਰ ਸਿੰਘ ਜੀ ਸਾਹੂ (ਸਪੁਤ੍ਰ ਬਾਬਾ ਦੇਵਾ ਸਿੰਘ ਜੀ ਮਸੰਦ ਵਣਜਾਰਿਆਂ) ਦੇ ਨਾਮ ਕਿਸੀ ਸਜਨ ਨੇ,

ਲਿਖੀ ਹੈ ਅਤੇ ਉਸ ਪਰ ਗੌਰ ਕਰੋ ?,

Date: 20-5-33.
HiriGur.

To,

Sri Sundar Singh Banajara
Pujari "Guru Dwar"
(Nandodo.)

Dear sir,

I have recieved your letter of 15th January 1933, but I could not under stand your ideas. If you write in English or in Urdu or in Hindi, I can under stand it and I will be able to write you for further information.

Dear Sir, there are about one lack (1,00,000) Banajara people in Mysore state. but a very small number of them are following the principles of Sri Guru Nanak and Sri Guru Gobind, and a few are also coming to "Guru Dwar" every year. I am sorry to tell you that the most of our people do not know what Sri Guru Nanak or Sri Guru Gobind teaches for a man's solvation. Further, I do not know anything to teach the rules and the regulation of the Sikh people, to our Banajara people. Therefore please send a copy of the History of the Banajara people, the rules and the regulation of the Meet, and also please send a list of the Banajara people who are daily attending to this Meet, so that I may be able to publish them among our people in Mysore state.

You have already promised me that you would send them, but I am not able to recieve them yet. Therefore now, at least send them as soon as possible.

There are about 800 to 900 boys and girls who are studying in Mysore State and there are two hostels for their maintenance when I had come there. I had asked you to contribute something owards these hostels, but I am not able to receive tven the reply so for. Dear Sir, now I am anticipat-

ng from you at least 20 thousand repees for these hostels. We know Sir, how the Gurus of all the castes are helping their communities for their progress. I suppose you are doing the same by contributing above sum, and there is no doubt, that Sri Guru Nanak and Sri Gunu Gobind will be very much pleased by this kind action. I will be very grateful to you forever, on behalf of my Banajara community. Do not forget to give instruction now and then. I am waiting for your kind reply.

More for the future; No more to pen.

I remain Sir,
Your most obedient
Servant
Jathar Naik
Secretary for the
Banajara Hostel
HiriGur.

**ਹੋਰ ਹੋਰ ਬੁੰਗੇ:**—ਇਨਾਹ ਉਪਰ ਲਿਖਿਆਂ ਗਿਆਂ ਤੋਂ ਅਲਾਵਾ ਇਥੇ ਅਗੇ ਲਿਖੇ ਅਨਸਾਰ ਹੋਰ ਭੀ ਬੁੰਗੇ ਹਨ ਜਿਨਾ ਦੇ ਸਮੁਚਾ ਨਾਮ ਹਠਾਂ ਦਰਜ ਕਰਦਾ ਹਾਂ।

(੧) ਧੂਪੀਆਂ ਵਾਲਾ ਬੁੰਗਾ।
(੨) ਟਿੰਡ ਬੁੰਗਾ।
(੩) ਸੜਕੀਏ ਵਾਲਾ ਬੁੰਗਾ।
(੪) ਚਰਾਗੀਆ ਵਾਲਾ ਬੁੰਗਾ।
(੫) ਮਸਤਾਨ ਸਿੰਘ ਵਾਲਾ ਬੁੰਗਾ।
(੬ ਵਰਿਆਮ ਸਿੰਘ ਜੀ ਵਾਲਾ ਬੁੰਗਾ।
(੭) ਥਾਨ ਸਿੰਘ ਵਾਲਾ ਬੁੰਗਾ।
(੮) ਤੋਸ਼ੇ ਖਾਨੇ ਵਾਲਾ ਬੁੰਗਾ।
(੯) ਉਦਾਸੀ ਸੰਤਾਂ ਦਾ ਬੁੰਗਾ।
(੧੦) ਪਾਰਾ ਸਿੰਘ ਵਾਲਾ ਬੁੰਗਾ।

(੧੧) ਸਾਧੂ ਸਿੰਘ ਰਸਾਲਦਾਰ ਵਾਲਾ ਬੁੰਗਾ।
(੧੨) ਲੰਗਰ ਵਾਲਾ ਬੁੰਗਾ ।
(੧੩) ਕਰਨਲ ਤਾਰਾ ਸਿੰਘ ਵਾਲਾ ਬੁੰਗਾ।
(੧੪) ਔਨਰੇਬਲ ਸਰ ਸੀ ਮਾਨ ਬਾਬਾ ਖੇਮ ਸਿੰਘ ਜੀ ਬੇਦੀ ਸਾਹਿਬ ਵਾਲਾ ਬੁੰਗਾ।
(੧੫) ਸੰਗਤ ਬੁੰਗਾ।
(੧੬) ਫ਼ਰੀਦ ਕੋਟ ਦੇ ਰਾਜ-ਘਰਾਣੇ ਵਾਲੇ ਬੁੰਗੇ।
(੧੭) ਬਾਵੜੇ ਵਾਲਾ ਬੁੰਗਾ।
(੧੮) ਨਿਰਮਲਿਆ ਦਾ ਬੁੰਗਾ।
(੧੯) ਸੁਥਰੇ ਸ਼ਾਹੀ ਦਾ ਬੁੰਗਾ।

ਇਨ੍ਹਾਂ ਸਬੰਧੀ ਵੀਚਾਰ ਏਹੀ ਯੋਗ ਪ੍ਰਤੀਤ ਹੋਂਦਾ ਹੈ ਕਿ ਜਿਨਾਂ ਬੁੰਗਿਆਂ ਦੇ ਸੇਵਾਦਾਰ ਦਰਬਾਰ ਸਚ ਖੰਡ ਵਲੋਂ ਮੁਕੱਰਰ ਹਨ ਉਨ੍ਹਾਂ ਬੁੰਗਿਆਂ ਦੀ ਹਰਤਰਾਂ ਦੇਖ ਰਖ ਤੇ ਸੰਭਾਲ ਤਖਤ ਸਾਹਿਬ ਵਲੋਂ ਹੋਣੀ ਚਾਹੀਏ ਅਤੇ ਉਨਾਂ ਬੁੰਗਿਆਂ ਵਿਚ ਬਕਾਇਦਾ ਮੁਸਾਫ਼ਰਾਂ ਨੂੰ ਅਰਾਮ ਉਤਾਰਾ ਦੇਣ ਦਾ ਯੋਗ ਪ੍ਰਬੰਧ ਰੈਹਣਾ ਚਾਹੀਏ ਉਨਾਂ ਸਬੰਧੀ ਆਮਦਨ ਤੇ ਖਰਚ ਦਾ ਬਾਕਾਯਦਾ ਹਸਾਬ ਹੋਣਾਂ ਚਾਹੀਏ ਪਰੰਤੂ ਜਿਨਾਂ ਬੁੰਗਿਆਂ ਪਰ ਅਜੇ ਗੁਰਦੁਆਰੇ ਸਾਹਿਬ ਜੀ ਦੀ ਵਲੋਂ ਪੂਰਾ ੨ ਪ੍ਰਬੰਧ ਤੇ ਨਿਗਰਾਨੀ ਨਹੀਂ ਹੈ ਉਨਾਂ ਪਰ ਪੂਰੇ ਤੌਰ ਪਰ ਨਿਗਰਾਨੀ ਕੀਤੀ ਜਾਏ ਪਰੰਤੂ ਹਰ ਇਕ ਬੁੰਗੇ ਵਿਚ ਗੋਲਕ ਤੇ ਪਾਠ ਪ੍ਰਕਾਸ਼ ਬਾਕਾਇਦਾ ਲਿਖਾਰੀ ਦੀ ਲਿਖਤ ਤੇ ਸਰਬਰਾਹ ਸਾਹਿਬ ਦੀ ਖਬਰ ਵਿਚ ਰੈਹਣੇ-ਹੋਣੇ ਚਾਹੀਏ ਤੇ ਜਦ ਸਰਬਰਾਹ ਸਾਹਿਬ ਚਾਹੇ ਇਕ ਬੁੰਗੇ ਤੋਂ ਦੂਜੇ ਦੀ ਸੇਵਾ ਲਈ ਕਿਸੀਨੂੰ ਮੁਕੱਰਰ ਕਰ ਸਕੇ ਤੇ ਕਿਸੀ ਬੁੰਗੇ ਪਰ ਕਿਸੀਦਾ ਮਾਲਕੀਅਤ ਵਰਗਾ ਕਬਜਾ ਨਹੀਂ ਹੋਣਾ ਚਾਹੀਏ।

## ਨਵੀਨ ਬੁੰਗੇ ਕਿਸਤਰਾਂ ਬਣਾਏ ਜਾਣ:—

ਅਕਸਰ ਐਸੇ ਪ੍ਰੇਮੀ ਮਾਈ ਭਾਈ ਆਂਵਦ ਹਨ ਜੋ ਅਪਣੀ

ਯਾਦਗਾਰ ਸੇਵਾ ਵਜੋਂ ਕੋਈ ਅਮਾਰਤ, ਮਕਾਨ, ਬਨਾਉਣਾ ਚਾਹੁੰਦੇ ਹਨ ਐਸੇ ਦਾਨੀ ਗੁਰਮੁਖਾਂ ਨੂੰ ਬਜਾਏ ਨਵੀਂ ਨਵੀਂ ਥਾਂ ਪਰ ਬੂੰਗੇ ਬਨਾਉਣ ਦੇ ਪੁਰਾਨੇ ਬੇਹ ਹੋਏ ਯਾ ਮੁਰੰਮਤ ਯੋਗ ਬੂੰਗਿਆਂ ਦੀ ਸੇਵਾ ਕਰਵਾਕੇ ਬੇਕਾਰ ਹੋਂਦੇ ਜਾਂਦਿਆਂ ਨੂੰ ਕਾਰਆਮਦ ਕਰਕੇ ਉਨ੍ਹਾਂ ਦੇ ਨਾਮ ਦੀ ਬੂੰਗੇ ਵਿਚ ਸਿਲ ਲਗਾ ਦੇਣੀ ਚਾਹੀਦੀ ਹੈ ਮਗਰ ਜਦ ਤਕ ਪੁਰਾਨੇ ਬੂੰਗੇ ਮੁੜ ਨਵੀਂ ਹਾਲਤ ਵਿਚ ਨਾਂ ਪੁਜ ਜਾਣ ਤਦ ਤਕ ਵਾਹ ਲਗਦੇ ਹੋਰ ਨਵੀਨ ਨੀਹਾਂ ਪੁਟਣੋਂ ਜਰੂਰ ਸੰਕੋਚ ਕੀਤਾ ਜਾਏ ?

## ਸ਼ਹੀਦੀ ਬੂੰਗੇ ਯਾ ਸ਼ਹੀਦੀ ਯਾਦਗਾਰਾਂ:—

ਇਥੇ ਕੁਛਕ ਸ਼ਹੀਦ ਗੰਜ ਤੇ ਯਾਦਗਾਰਾਂ ਭੀ ਹਨ ਜਿਨਾਂ ਦੇ ਦਰਸ਼ਨ ਕਰਨੇ ਆਏ ਯਾਤ੍ਰੀਆਂ ਲਈ ਲਾਭ ਤੋਂ ਖਾਲੀ ਨਹੀਂ ਹੋ ਸਕਦੇ, ਜੈਸਾ ਕਿ:—

੧. ਯਾਦਗਾਰ ਬਾਬਾ ਕਾਲੂ
੨. ਯਾਦਗਾਰ ਉਦਾਸੀ ਸੰਤ
੩. ਯਾਦਗਾਰ ਗੁਰਦੁਆਰਾ ਭਾਈ ਦਯਾ ਸਿੰਘ ਜੀ ਪਿਆਰੇ
੪. ,, ਭਾਈ ਧਰਮ ਸਿੰਘ ਜੀ ਪਿਆਰੇ
੫. ਅੰਗੀਠਾ ਭਾਈ ਧਰਮ ਸਿੰਘ ਜੀ ਪਿਆਰੇ
੬. ਅੰਗੀਠਾ ਭਾਈ ਦਯਾ ਸਿੰਘ ਜੀ ਪਿਆਰੇ
੭. ਸ਼ਹੀਦ ਗੰਜ ੧੯ਵੀਂ ਸਦੀ ਦੇ ਸ਼ਹੀਦਾਂ ਸਿੰਘਾਂ ਦੇ ਪੁਰੇ ਵਿਖੇ
੮. ਸ਼ਹੀਦ ਗੰਜ ੧੯ਵੀਂ ਸਦੀ ਦੇ ਸ਼ਹੀਦਾਨ ਗਰੰਥੀ ਸਿੰਘਾਂ ਦੇ ਮਕਾਨਾਂ ਪਾਸ
੯. ਸ਼ਹੀਦ ਗੰਜ ੨੦ਵੀਂ ਸਦੀ ਦੇ ਸ਼ਹੀਦਾਨ ਸਿੰਘਾਂ ਦੇ ਨਿਹੰਗਾਂ ਸਿੰਘ ਦੇ ਬੂੰਗੇ ਪਾਸ
੧੦. ਸ਼ਹੀਦ ਗੰਜ ਸ਼ਹਿਰ ਦੀ ਤਰਫ
੧੧. ਗੋਬਿੰਦ ਬਾਗ

੧੨. ਗੋਬਿੰਦ ਸਾਗਰ
੧੩. ਗੋਬਿੰਦ ਰੋੜ
੧੪. ਬਾਵੜਾ ਪੁਜਾਰੀ ਸਿੰਘ ਵਾਲਾ ਕਾਰਖਾਨੇ ਪਾਸ
੧੫. ਯਾਦਗਾਰ ਭਾਈ ਸੰਤੋਖ ਸਿੰਘ ਜੀ ਸਾਹਿਬ ਹਜ਼ੂਰੀ

ਇਹ ਜਿਤਨੇ ਭੀ ਅਸਥਾਨ ਹਨ ਸਾਰੇ ਹੀ ਪੰਥਕ ਵਕਫ ਜਾਇਦਾਦ ਹੋਣ ਕਰਕੇ ਹਰ ਇਕ ਸਿਖ ਸੰਗਤ ਦੇ ਦੇਖਣ ਯੋਗ ਹਨ ਪਰੰਤੂ ਖੋਜ ਕਰਨ ਤੋਂ ਹੋਰ ਭੀ ਯਾਦਗਾਰਾਂ ਇਥੇ ਮਿਲ ਸਕਦੀਆਂ ਹਨ ।

**ਤਖਤ ਸਾਹਿਬ ਤੇ ਜ਼ਮੀਨਾਂ**—ਭਾਵੇਂ ਇਤਿਹਾਸ ਤੇ ਰਵਾਇਤਾਂ ਤੋਂ ਚਾਰ ਚਾਰ ਕੋਸ ਤਕ ਚਾਰ ਚਾਰ ਜੋਜਨ ਗੁਰਦੁਆਰੇ ਸਾਹਿਬ ਦੇ ਗਿਰਦੀ ਗੁਰੂ ਖਾਲਸੇ ਜੀ ਦੀ ਹੀ ਮਾਲਕੀ ਪ੍ਰਗਟ ਹੈ। ਪਰ ਜੇ ਮੌਜੂਦਾ ਕਬਜ਼ੇ ਦਾ ਖਿਆਲ ਕਰੀਏ ਤਾਂ ਪਹਿਲੇ ਤਾਂ ਜੋ ਗਈ ਸੋ ਗਈ ਪਰੰਤੂ ਥੋੜੇ ਹੀ ਸਮੇਂ ਯਾਨੇ ਸਾਤਬਸ਼ਾਹ ਦੀ ਹਕੂਮਤ ਦੀ ਮੁਦਤ ਵਿਚ ਹੀ ਗੁਰਦੁਆਰੇ ਸਾਹਿਬ ਜੀ ਦੀ ਹਜ਼ੂਰ ਵਿਚ ਅਸਟੇਸ਼ਨ ਰੇਲਵੇ, ਕਚੈਹਰੀਆਂ, ਸਰਕਾਰੀ ਕਾਰਖਾਨੇ ਪਿਹਲੀਆਂ, ਬਾਜਾਰ ਤੇ ਵਕੀਲ ਆਦਿਕਾਂ ਦੀਆਂ ਕੋਠੀਆਂ, ਮੋਂਢਾ ਬੜਾ ਬਜਾਰ ਮੰਡੀ ਤੇ ਇਰਦ ਗਿਰਦ ਹੋਰ ਦੁਕਾਨਾਂ, ਮਕਾਨ ਆਦਿਕਾਂ ਦੀ ਸ਼ਕਲ ਵਿਚ ਬਹੁਤ ਕੁਛ ਪੁਰਾਤਨ ਮਲਕੀਅਤ ਦੀ ਜ਼ਮੀਨ ਗੁਰਦੁਆਰੇ ਸਾਹਿਬ ਜੀ ਦੇ ਕਬਜੇ ਤੋਂ ਬਾਹਰ ਲੀਤੀ ਹਾਈ ਹੈ ਪਰੰਤੂ ਲੋੜ ਹੈ ਕਿ ਜਿਥੇ ਓਹ ਮੁੜ ਕਬਜੇ ਵਿਚ ਕੀਤੀ ਜਾਏ ਉਥੇ ਹੋਰ ੨ ਜਮੀਨ ਇਰਦ ਗਿਰਦ ਖਰੀਦਕੇ ਗੁਰਦੁਆਰੇ ਸਾਹਿਬ ਦੇ ਨਾਮ ਲਾਈ ਜਾਏ, ਅਰਥਾਤ ਜੋ ਦਾਨੀ ਨਗਦੀ ਰਕਮਾਂ ਜਮਾਂ ਕਰਾਨ ਦੀ ਇਛਾ ਰਖਕੇ ਯਾ ਮਕਾਨ ਅਮਾਰਤ ਬਨਾਣ ਦੀ ਗੁਰ ਸੇਵਾ ਜਾਣਕੇ ਲਾਲਸਾ ਰਖਦੇ ਹਨ ਉਹਨਾਂ ਲਈ ਮਕਾਨਾਂ ਤੇ ਰੁਪਿਆ ਨਗਦੀਆਂ ਨਾਲੋਂ ਇਹ ਵਧੀਕ ਪੁਨ ਫਲ ਵਾਲੀ ਗੱਲ ਹੋਵੇਗੀ ਕਿ ਉਹ ਜ਼ਮੀਨਾਂ ਖ਼ਰੀਦੀ ਕਰਕੇ ਗੁਰਦੁਆਰੇ

ਦੇ ਹਕ ਵਿਚ ਕਰਨ।

## ਹਜ਼ੂਰੀ ਸੇਵਕ ਸਟਾਫ਼ ਦੀ ਤਨਖ਼ਾਹ ਤੇ ਸੇਵਾ

ਭਾਵੇਂ ਪੁਜਾਰੀ, ਗ੍ਰੰਥੀ, ਰਾਗੀ, ਗਿਆਨੀ, ਧੂਪਾਏ, ਤਖਤ ਸ਼ਨਾਨੀ, ਗਾਗਰੀਏ, ਸੁਖਈ, ਰਹਿਰਾਸੀ, ਆਰਤੀਏ, ਕੜਾਹੀਏ ਤੇ ਤਸਮਈਏ ਆਦਿ ਲਾਂਗਰੀਆਂ ਦਾ ਕੁਛ ਨ ਕੁਛ ਜ਼ਿਕਰ ਉਪਰ ਆ ਚੁਕਾ ਹੈ। ਗੁਰਦੁਆਰੇ ਸਾਹਬ ਜੀ ਦੀ ਨਿਤ ਕ੍ਰਿਤ ਅੰਦਰ ਤਾਂ ਭੀ ਕੁਛ ਨ ਕੁਛ ਹੋਰ ਵਿਸਥਾਰ ਕਰ ਦਿੰਦਾ ਹਾਂ, ਇਸ ਤੋਂ ਯਾਤਰੂਆਂ ਨੂੰ ਹੋਰ ਵਧੀਕ ਪਤਾ ਲਗ ਜਾਏ

**ਪੁਜਾਰੀ ਸਿੰਘ**—ਇਹ ਦੋ ਹੁੰਦੇ ਹਨ ਇਕ ਅੰਦਰਲੇ (ਵਡੇ) ਦੂਜੇ ਬਾਹਰਲੇ (ਛੋਟੇ) ਇਨ੍ਹਾਂ ਦਾ ਕੰਮ ਅੰਦਰ ਦੀ ਪੂਜਾ (ਸਫ਼ਾਈ ਸੰਭਾਲ) ਅਰਦਾਸ ਤੇ ਪੁਛ ਗਿਛ (ਸੋਧ) ਕਰਨੀ ਆਏ ਯਾਤਰੂਆਂ ਦੀ ਹੋਂਦੀ ਹੈ ਤੇ ਤਨਖਾਹ ੨੩) ਵਡੇ ਪੁਜਾਰੀ ਦੇ ਹੁੰਦੇ ਹਨ ਪਰ ਛੋਟੇ ਪੁਜਾਰੀ ਜੀ ਨਹੀਂ ਲੈਂਦੇ। ਪੂਰਾ ਹਾਲ ਦੂਜੀ ਥਾਂ ਵੇਖੋ।

**ਗ੍ਰੰਥੀ ਸਿੰਘ**—ਇਹ ਦੋ ਹੋਂਦੇ ਹਨ ਇਕ ਵਡੇ ਇਕ ਛੋਟੇ ਇਨ੍ਹਾਂ ਦਾ ਕੰਮ ਪ੍ਰਕਾਸ਼ ਤੇ ਪ੍ਰਕਾਸ਼ ਸੰਬੰਧੀ ਰਮਾਲ ਆਦਿਕਾਂ ਦੀ ਸੰਭਾਲ, ਪਾਠ ਤੇ ਕਥਾ ਦਸਮ ਗ੍ਰੰਥ ਸਾਹਿਬ ਜੀ ਦੀ ਤੇ ਹਾਜ਼ਰੀ ਦੀਵਾਨ ਸਮੇਂ ਨਿਰਾ ਪੰਥ ਧਰਮ ਮ੍ਰਯਾਦਾ ਸੰਬੰਧੀ ਵਿਚਾਰ ਆਦਿ ਵਿਚ ਸੰਮਤੀ ਦੇਣੀ। ਇਨ੍ਹਾਂ ਦੀ ਤਨਖ਼ਾਹ ਕੁਲ ੩੦) ਹਨ।

**ਧੂਪੀਏ ਸਿੰਘ**—ਇਹ ਇਕੋ ਹੁੰਦੇ ਹਨ ਤੇ ਇਨ੍ਹਾਂ ਦੀ ਸੇਵਾ ਅੰਦਰੋਂ ਬਾਹਰੋਂ ਕੋਈ ਚੀਜ਼ ਹਜ਼ੂਰ ਵਿਚ ਦੇਣੀ ਰਖਣੀ, ਧੂਪ ਸੁਬਰ੍ਹ ਕਰਨੀ, ਪ੍ਰਸ਼ਾਦ (ਪੰਚਾਮ੍ਰਿਤ) ਵਰਤਾਣਾ, ਪਰੰਤੂ ਇਹਨਾਂ ਪੰਜਾਂ ਗੁਰਮੁਖਾਂ ਦੀ ਡਿਊਟੀ ਇਹ ਭੀ ਹੈ ਕਿ ਜਦ ਕੋਈ ਪਾਹੁਲ ਲੈਣਾ ਚਾਹੇ ਤਦ ਇਹੋ ਹੀ ਤਿਆਰ ਕਰਕੇ ਛਕਾਉਂਦੇ ਹਨ ਅਤੇ

ਪੂਰੇ ਖ਼ਰਚ ਸਮੇਤ ਇਨ੍ਹਾਂ ਨੂੰ ੧੬) ਮਿਲਦੇ ਹਨ।

**ਗਿਆਨੀ ਸਿੰਘ**—ਇਹ ਪਹਿਲੇ ਤਾਂ ਇਕੋ ਹੀ ਹੁੰਦੇ ਸਨ, ਪਰੰਤੂ ਹੁਣ ਦੋ ਹਨ। ਇਨ੍ਹਾਂ ਦਾ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਇਤਿਹਾਸਕ ਗ੍ਰੰਥਾਂ ਦੀ ਭੀ ਕਥਾ ਕਰਨੀ ਹੈ, ਪਰੰਤੂ ਨੇਮ ਨਾਲ ਇਤਿਹਾਸ ਦੀ ਕਥਾ ਕੀਤੀ ਨਹੀਂ ਜਾਂਦੀ, ਜਿਸਦਾ ਹੋਣਾ ਅਤਿ ਜ਼ਰੂਰੀ ਹੈ। ਇਨ੍ਹਾਂ ਵਿਚੋਂ ਇਕ ਦੀ ਤਨਖ਼ਾਹ ੯) ਹੈ, ਦੂਜੇ ਰਸਤਾਂ ਲੈਂਦੇ ਹਨ।

**ਰਾਗੀ ਸਿੰਘ ਜੀ**—ਇਹ ਛੇ ਹੁੰਦੇ ਹਨ ਤੇ ਕੰਮ ਇਨ੍ਹਾਂ ਦਾ ਨੀਯਤ ਵਕਤ ਪਰ ਕੀਰਤਨ ਕਰਨਾ ਹੈ। ਪਰੰਤੂ ਇਹਨਾਂ ਦੇ ਪਰੋਗਰਾਮ ਅਨੁਸਾਰ ਆਵਣ ਦੀ ਹਾਜ਼ਰੀ ਲਗਣੀ ਚਾਹੀਏ, ਤਾਕਿ ਸਾਰੇ ਸਮੇਂ ਸਿਰ ਹਾਜ਼ਰ ਹੋਣ ਤੇ ਪਿਛੋਂ ਭੀ ਖਿਆਲ ਰਖਿਆ ਜਾਏ ਕਿ ਪੂਰੀ ਡਿਊਟੀ ਦੇਂਦੇ ਹਨ? ਇਨ੍ਹਾਂ ਦੀ ਤਨਖਾਹ ਕੁਲ ੮੫) ਹੈ।

**ਰਹਿਰਾਸੀਸਿੰਘ ਜੀ**—ਇਹ ਇਕੋ ਹੀ ਹੁੰਦੇ ਹਨ ਇਨ੍ਹਾਂ ਦਾ ਕੰਮ ਨਿਤ ਸੌਦਰ ਵੇਲੇ ਰਹਿਰਾਸ ਜੀ ਦਾ ਪਾਠ ਤੇ ਅਰਦਾਸੇ ਨੂੰ ਕਰਨਾ ਤੇ ਦੀਵਾਨ ਵੇਲੇ ਹਾਜ਼ਰ ਰਹਿਣਾ ਹੈ। ਇਨ੍ਹਾਂ ਦੀ ਤਨਖ਼ਾਹ ੯) ਹੈ।

**ਆਰਤੀਏ ਸਿੰਘ ਜੀ**—ਆਮ ਮਸ਼ਹੂਰ ਹੈ ਕਿ ਹਜ਼ੂਰ ਸਾਹਿਬ ਵਿਚ ਪਹਿਲੇ ਜਗਾਕੇ ਆਰਤੀ ਨਹੀਂ ਹੁੰਦੀ ਸੀ, ਪਰੰਤੂ ਜਦ ਰਾਉ ਹਨਵੰਤ ਪ੍ਰਸਾਦਿ ਜੀ ਆਏ ਤਦ ਇਹਨਾਂ ਨੇ ਥਾਲ ਜਗਾਕੇ ਆਰਤੀ ਕਰਨ ਦਾ ਰਵਾਜ ਚਲਾਇਆ ਤੇ ਇਸ ਕੰਮ ਵਿਚ ਰਾਜਾ ਨਾਨਕ ਚੰਦ ਜੀ ਨੇ ਭੀ ਹਿੱਸਾ ਲੀਤਾ, ਤਦ ਤੋਂ ਇਕ ਓਹਦਾ ਆਰਤੀਆ ਸਿੰਘ ਜੀ ਦਾ ਮੁਕਰਰ ਹੋਗਿਆ ਹੈ। ਇਸ ਵਿਚ ਸ਼ਕ ਨਹੀਂ ਕਿ ਜਗਾ ਕੇ ਕਰਨ ਵਿਚ ਵਧੀਕ ਸ਼ੋਭਾ ਪ੍ਰਤੀਤ ਹੋਂਦੀ ਹੈ ਪਰੰਤੂ ਜੋ ਸ਼ਬਦ ਪੜ੍ਹਦੇ ਹਾਂ ਉਹ ਉਸੀ ਬਾਤ ਦੇ ਖੰਡਨ ਵਿਚ ਹਨ ਜੋ ਅਸੀਂ ਕਰਮ ਦਵਾਰਾ ਕਰਦੇ ਹਾਂ, ਤੇ ਨਾਲ ਹੀ ਜੋ

ਸਵਯੇ ਪੜ੍ਹਦੇ ਹਾਂ ਉਹਨਾਂ ਦਾ ਤਅੱਲਕ ਚੰਡੀ ਯਾ ਕਾਲਕਾ ਦੇ ਨਾਲ ਤਾਂ ਜ਼ਰੂਰ ਕੁਛ ਨ ਕੁਛ ਹੈ । ਪਰੰਤੂ ਗੁਰੂ ਜੀ ਨਾਲ ਯਾ ਅਕਾਲ ਪੁਰਖ ਨਾਲ ਕੋਈ ਸਬੰਧ ਨਹੀਂ ਖਾਂਦੇ ਇਸ ਲਈ ਸਾਨੂੰ ਕੁਛ ਨ ਕੁਛ ਵਿਚਾਰ ਪਾਸੋਂ ਕੰਮ ਲੈਣਾ ਚਾਹੀਏ । ਇਹਨਾਂ ਨੂੰ ਆਰਤੀ ਖ਼ਰਚ ਸਮੇਤ ੧੨) ਮਾਹਵਾਰ ਮਿਲਦਾ ਹੈ।

**ਸੁੱਖਈ ਸਿੰਘ**—ਇਹਨਾਂ ਦੀ ਡਿਊਟੀ ਦੇਗ ਰਗੜ ਕੇ ਹਾਜ਼ਰ ਕਰਨੀ ਤੇ ਵਰਤਾਣੀ ਭੇਟ ਕਰਾਣੀ ਹੈ ਖੋਜ ਤੋਂ ਪਤਾ ਲਗਦਾ ਹੈ ਕਿ ੧੫੦ ਸਾਲ ਤੋਂ ਪਹਿਲੇ ਖਾਲਸੇ ਵਿਚ ਭੰਗ ਪੀਣਦਾ ਰਵਾਜ ਬਹੁਤ ਘਟ ਸੀ ਕੋਈ ਕੋਈ ਸਿੰਘ ਛਕਦਾ ਹੋਂਦਾ ਸੀ, ਪਰੰਤੂ ਕਿਸੇ ਮੁੰਤਜ਼ਿਮ (ਪ੍ਰਬੰਧਕ) ਦੇ ਸੁਖਈ ਹੋਣ ਕਰਕੇ ਮਹਾਰਾਜ ਜੀ ਨੂੰ ਭੀ ਦੇਗ ਅਰਦਾਸ ਭੇਟ ਕਰਨ ਦੀ ਰੀਤ ਜਾਰੀ ਹੋਈ ਜੋ ਧੀਰੇ ਧੀਰੇ ਕਿਸੇ ਵੇਲੇ ਦਾ ਭੋਗ ਕਿਸੀ ਵਲੋਂ, ਕਿਸੀ ਵੇਲੇ ਦਾ ਕਿਸੀ ਵਲੋਂ ਮੁਕੱਰਰ ਹੋ ਕੇ ਸਿਲਸਿਲਾ ਚਲ ਪਿਆ ਪਰੰਤੂ ਇਹ ਉਸ ਗੁਰੂ ਜੀ ਦੇ ਦਰਬਾਰ ਵਿਚ ਪ੍ਰਚਾਰ ਹੋਣਾ ਜੋ ਫੁਰਮਾਂਦੇ ਹਨ "ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ" (ਗੁਰੂ ਗ੍ਰੰਥ) ਯਾ "ਬਿਦਿਹ ਸਾਕੀਆ ਸਾਗਰੇ ਸਬਜ਼ ਰੰਗ। ਕਿ ਮਾਰਾ ਬਕਾਰਸਤ ਦਰਿ ਵਕਤ ਜੰਗ॥ ਲਬਾਲਬ ਕੁਨ ਦਮ ਬਦਮ ਨੋਸ਼ ਕੁਨ। ਬਮੇਂ ਹਰ ਦੋ ਆਲਮ ਫ਼ਰਾਮੋਸ਼ ਕੁਨ॥ (ਦਸਮ ਗ੍ਰੰਥ) ਯਾ "ਅਮਲ ਕੋਈ ਖਾਇ ਨਹੀ ਅਮਲ ਪ੍ਰਸਾਦੇ ਕਾਰਖੇ" (ਪ੍ਰੇਮ ਸੁਮਾਰਗ) ਕਿਸੀ ਤਰਾਂ ਸੋਭਾ ਤੇ ਯਸ ਦਾ ਕਾਰਨ ਨ ਹੋਣ ਕਰਕੇ ਜਿਸ ਤਰ੍ਹਾਂ ਇਹ ਰਵਾਜ ਆਇਆ ਇਸੀ ਤਰ੍ਹਾਂ ਹਰਨ ਹੋ ਜਾਣਾ ਚਾਹੀਏ ? ਇਨ੍ਹਾਂ ਨੂੰ ਦੇਗ ਰੋਜ਼ਾਨਾ ਦੇ ਖ਼ਰਚ ਸਮੇਤ ੩੫) ਮਾਹਵਾਰ ਮਿਲਦੇ ਹਨ।

**ਲਾਂਗਰੀ ਸਿੰਘ**—ਇਹ ਆਮਕਲ ੯ ਹਨ ਜੋ ਹਰ ਪ੍ਰਕਾਰ ਲੰਗਰ ਦੀ ਸੇਵਾ ਦਾ ਕੰਮ ਕਰਦੇ ਹਨ ਪਰੰਤੂ ਇਸ ਸਿਪ ਦਾ ਤਰਜ਼ ਤਰੀਕਾ ਬੜੀ ਗ਼ੌਰ ਨਾਲ ਵੀਚਾਰ ਗੋਚਰਾ ਹੈ। ਜਿਸ ਦੇ ਸੰਬੰਧੀ

ਵੀਚਾਰ ਸੂਬਰਾਹ ਸਾਹਿਬ ਜੀ ਨੂੰ ਖੁਦ ਕਰਨਾ ਚਾਹੀਏ ਕਿਉਂਕਿ ਉਨ੍ਹਾਂ ਨੂੰ ਵਧੀਕ ਵਾਕਫ਼ੀ ਹੈ ਤੇ ਕਰੀਬਨ ੧੦੦੦) ਨਗਦੀ ਸਾਲਾਨਾ ਤਨਖ਼ਾਹ ਦਾ ਉਨ੍ਹਾਂ ਦੇ ਹਥੋਂ ਨਿਕਲਦਾ ਹੈ।ਹੋਰ ਜ਼ਮੀਨ ਭੀ ਕਬਜ਼ੇ ਵਿਚ ਹੋਣ ਤੇ ਭੀ ਗੁਜ਼ਰਾਨ ਤੰਗ ਹੈ? ਇਹਨਾਂ ਨੂੰ ੮੫) ਮਾਹਵਾਰ ਮਿਲਦੇ ਹਨ।

**ਬੁੰਗਈ ਸਿੰਘ**—ਇਹ ਸਾਰੇ ਤੇਰਾਂ ਹਨ, ਜਿਨ੍ਹਾਂ ਨੂੰ ਤਨਖਾਹ ਮਾਹਵਾਰੀ ਨਾਮ ਮਾਤ੍ਰ ਹੀ ਮਿਲਦੀ ਹੈ ਪਰੰਤੂ ਗੁਜ਼ਰਾਨ ਹੋਈ ਜਾਂਦੀ ਹੈ ਲੇਕਿਨ ਇਹਨਾਂ ਨੂੰ ਕਿਸੀ ਤਰੀਕੇ ਨਾਲ ਤਬਦੀਲੀ ਤੇ ਅਲਹਿਦਗੀ ਦਾ ਭੀ ਰੰਗ ਦਸਣਾ ਚਾਹੀਏ ਤਾਕਿ ਇਹ ਤੇ ਇਨ੍ਹਾਂ ਦੀ ਸੰਤਾਨ ਉੱਨਤੀ ਕਰਨੀ ਸਿਖਣ, ਦਰ ਅਸਲ ਵਰਾਸਤੀ ਸੀਗੇ ਨੇ ਆਲਸੀ ਕਰ ਦਿਤਾ ਹੈ। ਇਨ੍ਹਾਂ ਦੇ ੬੬) ਮਾਹਵਾਰ ਹਨ।

**ਪੁਜਾਰੀ ਸਿੰਘ**—ਹਜ਼ੂਰੀਵਿਚ ਪੁਜਾਰੀ ਸਿੰਘਾਂ ਤੋਂ ਇਲਾਵਾ ਹੋਰ ੭ ਪੁਜਾਰੀ ਹਨ ਜੋ ਸਬੰਧਤ ਗੁਰਦੁਆਰਿਆ ਵਿਚ ਹਨ ਪਰੰਤੂ ਕੁਛ ਖੇਤੀ ਭੀ ਕਰਾਂਦੇ ਹਨ ਤੇ ਬਹੁਤੇ ਪਾਠੀ ਅਰਥ ਬੋਧ ਵਾਲੇ ਨਹੀਂ ਹਨ ਇਸੀ ਕਰਕੇ ਕੋਈ ਵਸ਼ੇਸ਼ ਸਤਿਕਾਰ ਰਸੂਖ ਦੀ ਵਿਸ਼ੇਸ਼ਤਾ ਵਾਲੇ ਨਹੀਂ ਹਨ ਇਨ੍ਹਾਂ ਦੇ ੬੦) ਮਾਹਵਾਰਾ ਹਨ।

**ਗਾਗਰੀ ਤੇ ਤਖਤ ਅਸ਼ਨਾਨੀ ਸਿੰਘ**—ਗਾਗਰੀ ਸਿੰਘ ਤਾਂ ੧ ਗਾਗਰ ਹੀ ਰੀਗਾ ਤੋਂ ਅੰਦਰਲੇ ਤਖਤ ਅਸਨਾਨ ਲਈ ਰੋਜ ਲੈ ਆਂਵਦੇ ਹਨ, ਪਰੰਤੂ ਤਖ਼ਤ ਅਸ਼ਨਾਨੀਏ ਨੂੰ ਰੋਜ ਦੋ ਵੇਲੇ ਤਖ਼ਤ ਅਸ਼ਨਾਨ ਬਾਹਰਲੀਆਂ ਪ੍ਰਕਰਮਾਂ ਤੇ ਤਖਤ ਸਾਹਿਬ ਜੀ ਦਾ ਕਰਾਣਾ ਹੋਂਦਾ ਹੈ ਇਸਨੂੰ ੯) ਮਾਹਵਾਰੀ ਹਨ ਪਰੰਤੂ ਗਾਗਰੀਆ ਰਸਦ ਹੀ ਲੈਂਦੇ ਹਨ।

**ਚਰਾਗੀਆ ਸਿੰਘ**—ਗੁਰ ਦਰਬਾਰ ਵਿਚ ਪਰੰਪਰਾ ਤੋਂ ਰੌਸ਼ਨੀ ਕਰਨ ਲਈ ਬਾਹਰ ਤਾਂ ਹਜਾਮਰਜਾ ਮੁਕੱਰਰ ਹੋਂਦੇ ਸੀ ਪ੍ਰੰਤੂ ਅੰਦਰ ਚਰਾਗੀਆ ਸਿੰਘ ਹੋਂਦਾ ਸੀ, ਹੁਣ ਜਦ ਤੇ ਸ੍ਰੀ

ਮਾਨ ਮਹਾਰਾਜਾ ਗੁਰਚਰਨਸਿੰਘ (ਰਿਪਦਮਨਸਿੰਘ) ਸਾਹਿਬ ਜੀਨੇ ਬਿਜਲੀ ਲਵਾਈ ਹੈ ਤਦ ਤੋਂ ਪ੍ਰਤੀਤ ਹੋਂਦਾ ਹੈ ਕਿ ਇਹ ਖਿਜਮਤ ਉਡ ਜਾਏਗੀ ਯਾ ਹੋਰ ਕਿਸੀ ਨੂੰ ਮਿਲ ਜਾਏਗੀ । ਲੇਕਨ ਲੋੜ ਹੈ ਕੇ ਜੋ ਲੋਗ ਪੁਸ਼ਤ ਦਰ ਪੁਸ਼ਤ ਇਸੀ ਸੇਵਾ ਪਰ ਹੀ ਚੱਲੇ ਆਏ ਹਨ ਉਨ੍ਹਾਂ ਦੀ ਸੰਤਾਨ ਨੂੰ ਇਸ ਕਾਬਲ ਕੀਤਾ ਜਾਏ ਕਿ ਉਹ ਕਿਸੀ ਜਗਾ ਰਹਿਕੇ ਕੁਛ ਬਿਜਲੀ ਦਾ ਕੰਮ ਸਿਖਣ ਬਾਦ ਇਥੇ ਰੌਸ਼ਨੀ ਕਰਕੇ ਗੁਜਰਾਨ ਕਰਨ ਵਾਲੇ ਲਾਇਕ ਸਾਬਤ ਹੋਣ ।

ਚੂੰਕਿ ਇਥੇ ਵਰਾਸਤ ਦਾ ਲਿਹਾਜ ਅਜੇ ਜਾਰੀ ਹੈ ਤੇ ਪੁਰਾਣੇ ਸੇਵਾਦਾਰਾਂ ਦੀ ਗੁਜਰਾਨ ਵਲ ਵੇਖਨਾਂ ਭੀ ਲਾਜਮੀ ਹੈ ਤੇ ਗੁਰੂ ਕਿ ਸਿਖ ਤਾਂ ਚਾਹੁੰਦੇ ਹਨ ਕਿ ਸਾਡੇ ਮੁਰਦੇ ਦੀ ਰਾਖ ਭੀ ਉਡਕੇ ਕਿਤੇ ਹੋਰ ਥਾਂ ਨਾਂ ਚਲੀ ਜਾਏ ਤਾਂ ਕਿ "ਹਾਇ ਬੋਲੀ ਨਾ ਕੋਈ ਮਾਰੇ। ਇਹ ਫਿਰਦੀ ਦੁਆਰੇ ਦੁਆਰੇ" ਹੈ ॥

ਐਸੇ ਲੋਕਾਂ ਨੂੰ ਵਜ਼ੀਫੇ ਦੇਕੇ ਹੁਨਰ ਤੋਂ ਜਾਣੂ ਕੀਤਾ ਜਾਏ ਤੇ ਫੇਰ ਬਰਸਰੇ ਰੁਜਗਾਰ ਹੋਣ ਤੇ ਆਹਸਤੇ ੨ ਵਾਪਸ ਲੀਤਾ ਜਾਏ, ਲੇਕਨ ਲੋੜ ਹੈ ਕਿ ਉਹਨਾਂ ਦੀ ਸੰਭਾਲ ਜਰੂਰ ਹੋਵੇ ਇਹਨਾਂ ਦੀ ੮) ਮਾਹਵਾਰੀ ਤਨਖਾਹ ਹੈ ।

**ਲਿਖਾਰੀ ਸਾਹਿਬ ਜੀ**--ਏਹ ਸਜਨ ਤਿੰਨ ਹੋਂਦੇ ਹਨ ਤੇ ਇਹ ਥਾਂ ਹੁਣ ਇਕ ਵਰਾਸਤੀ ਮੁਲਾਜ਼ਮਤ ਬਣ ਗਈ ਹੋਈ ਹੈ ਤੇ ਰੋਜਾਨਾ ਆਇਆਂ ਯਾਤਰੂਆਂ ਦੀ ਭੇਟ ਕੀਤੀ ਹਰ ਇਕ ਚੀਜ ਲਿਖਕੇ ਏਹੀ ਰਸੀਦ ਦੇਂਦੇ ਹਨ, ਪ੍ਰਕਰਮਾਂ ਵਿਚ ਬੈਠਦੇ ਹਨ ਤੇ ਜਿਤਨਾ ਔਲਡ ਰੀਕਾਰਡ ਇਹਨਾਂ ਪਾਸ ਹੈ ਹੋਰ ਕਿਸੀ ਪਾਸ ਨਹੀਂ ਪਰੰਤੂ ਓਹ ਸਾਰਾ ਦਰਬਾਰ ਦੇ ਦਫਤਰ ਵਿਚ ਹੋਣਾ ਚਾਹੀਦਾ ਹੈ ਇਹਨਾਂ ਨੂੰ ੩੯) ਮਹੀਨਾ ਮਿਲਦੇ ਹਨ ।

**ਸਰਬਰਾਹ ਸਾਹਿਬ ਤੇ ਮਦਦਗਾਰ ਸਾਹਿਬ**--ਇਹਨਾਂ ਦਾ ਤਲਕ ਹਰ ਤਰਾਂ ਦੇ ਗੁਰਦੁਆਰੇ ਦੇ ਆਮਦਨ ਖਰਚ

ਸਬੰਧੀ ਇੰਤਜਾਮੀ ਮਾਮਲੇ ਨਾਲ ਸੀਪਰੰਤੂ ਹੁਣ ਤਾਂ ਕੁਲ ਧਾਰਮਕ ਪੰਥਕ ਤੇ ਕਿਤਨੇ ਹੀ ਪੁਰੇਵਾਸੀਆਂ ਦੇ ਜਾਤੀ ਕੰਮਾਂ ਵਿਚ ਇਹਨਾਂ ਨੂੰ ਦਖਲ ਦੇਣਾ ਪੈਂਦਾ ਹੈ, ਕਿਉਂਕਿ ਦਰ ਅਸਲ ਇਹਨਾਂ ਦੇ ਹਥ ਵਿਚ ਮਾਯਕ ਪ੍ਰਬੰਧ ਹੋਣ ਕਰਕੇ "ਧੰਨ ਧੰਨ ਧੰਨ ਕੋ ਭਾਖੀਐ ਜਾਕੋ ਜਗਤ ਗੁਲਾਮ। ਸਭ ਫਿਰਖਤ ਯਾ ਕੇ ਫਿਰਤ ਸਭ ਚਲ ਕਰਤ ਸਲਾਮ ॥" ਯਾ "ਕਉਨ ਬਡਾ ਮਾਇਆ ਵਡਿਆਈ" ਵਾਲੀ ਲੀਲਾ ਹੈ ਤੇ "ਸੋਈ ਬਡਾ ਜਿਨ ਹਰਿ ਲਿਵ ਲਾਈ" ਵਾਲਾ ਰਾਹ ਮੰਨਨ ਤੇ ਲਿਵ ਲਾਉਣ ਵਾਲੇ ਘਟ ਗਏ ਹਨ, ਇਹ ਜੋ ਚਾਹੁਣ ਕਰਦੇ ਕਰਾਂਦੇ ਤੇ ਕਹਿ ਸਕਦੇ ਹਨ, ਇਨ੍ਹਾਂ ਦੇ ਬੜੇ ਵਸੀਹ ਅਖਤਿਆਰ ਹੋਂਦੇ ਹਨ ਮੌਜੂਦਾ ਸੂਬਰਾਹ ਜੀ ਦੀ ਤਨਖਾਹ ੨੦੦) ਮਾਹਵਾਰ ਹੈ ਜਿਸ ਵਿਚੋਂ ੧੦੯) ਰਸਾਲਦਾਰੀ ਜਮੀਅਤ ਸਿਖਾਂ ਵਿਚੋਂ ਤੇ ੯੧) ਗੁਰਦੁਆਰੇ ਸਾਹਿਬ ਤੋਂ ਅਲੌਂਸ ਲੈਂਦੇ ਹਨ, ਪਰੰਤੂ ਗੁਰਦੁਆਰੇ ਸਾਹਬ ਜੀ ਤੋਂ ਮਦਦਗਾਰ ਨੂੰ ੧੦) ਅਲੌਂਸ ਮਿਲਦੇ ਹਨ।

**ਦਫਤਰ ਸਟਾਫ**--ਇਸ ਸਟਾਫ ਵਿਚ ਕੁਲ ੯ ਆਦਮੀ ਹਨ ਜਿਨ੍ਹਾਂ ਨੂੰ ੨੧੧।) ਮਾਹਵਾਰੀ ਮਿਲਦੇ ਹਨ।

**ਪੁਲੀਸ**—ਇਸ ਵਿਚ ੬ ਸਿਪਾਹੀ ੧ ਮੁਨਸ਼ੀ ਤੇ ੧ ਜਮਾਂਦਾਰ ਹੋਂਦਾ ਹੈ ਇਹਨਾਂ ਦਾ ਕੰਮ ਹੋਰ ੨ ਰਪਟ-ਰਪੋਟ ਭੀ ਹੈ ਪਰੰਤੂ ਪਹਿਰਾ ਦੇਣਾ ਭੀ ਹੈ ਤਨਖ਼ਾਹ ਮਾਹਵਾਰੀ ੧੨੫) ਹਨ।

**ਰੌਸ਼ਨ ਚੌਕੀ ਤੇ ਨੌਬਤਖਾਨਾ**--ਇਹਨਾਂ ਨੂੰ ਤਿੰਨ ਵੇਲੇ ਬਾਜੇ ਤੇ ਸਾਜ ਬਜਾਨੇ ਪੈਂਦੇ ਹਨ ਤੇ ਤਨਖਾਹ ਮਾਲ ਗੁਜ਼ਾਰੀ ਦੀ ਰਾਹੀਂ ਸਰਕਾਰੀ ੫੦) ਮਾਹਵਾਰੀ ਮਿਲਦੀ ਹੈ।

**ਫੁਟਕਲ ਸੇਵਾਦਾਰ**—ਦਰਜ਼ੀ, ਧੋਬੀ, ਹਜਾਮ। (ਇਹ ਬਾਹਿਰਲੀਆਂ ਲਾਲਟੈਨਾਂ ਜਗਾਂਦਾ ਹੈ) ਸਾਈਸ, ਝਾੜੂ-

ਬਰਦਾਰ, ਜੋੜੇ ਸੇਵਾਦਾਰ, ਮਮੂਲਦਾਰ ਤੇ ਭੰਗੀ ਆਦਿ ਮਿਲਨ ਕੁਲ ੧੦ ਹਨ । ਇਨ੍ਹਾਂ ਦੀ ਤਨਖ਼ਾਹ ਮਾਹਵਾਰੀ ਤਕਰੀਬਨ ੬੫) ਹੈ ।

**ਮਾਲੀ**—ਇਹ ਬਾਗ਼ੀਚਿਆਂ ਦੀ ਸੇਵਾ ਹਰ ਤਰ੍ਹਾਂ ਕਰਦੇ ਹਨ। ਇਹਨਾਂ ਨੂੰ ਤਨਖ਼ਾਹ ਬਾਗ਼ ਫ਼ੰਡ ਤੇ ਲੋਕਲ ਫ਼ੰਡ ਜਗੀਰ ਗੁਰਦੁਆਰਾ ਸਾਹਿਬ ਵਿਚੋਂ ਮਾਹਵਾਰੀ ੮੩) ਮਿਲਦੇ ਹਨ ਤੇ ਤਾਦਾਦ ਵਿਚ ੬ ਹਨ ।

**ਸੀ ਾ ਤਿਲਾਈ**—ਵਿਚ ਕੰਮ ਕਰਨ ਵਾਲੇ ੩ ਕਾਰੀਗਰ ਤੇ ਮਜ਼ੂਰ ਹਨ ਜਿਨ੍ਹਾਂ ਨੂੰ ਰੋਜੀਨੇ ਦੇ ਹਿਸਾਬ ਨਾਲ ੧੦੬।।।=) ਮਹੀਨਾ ਮਿਲਦੇ ਹਨ।

**ਸੀਗਾ ਸਫ਼ੈਦੀ**—ਦੇ ਕਾਰੀਗਰ ਮਜ਼ੂਰ ੪ ਹਨ ਇਨ੍ਹਾਂ ਨੂੰ ਭੀ ੧੨੭।।) ਰੋਜ਼ਾਨਾ ਦੇ ਹਿਸਾਬ ਮਾਹਵਾਰ ਮਿਲਦੇ ਹਨ।

**ਸੀਗਾ ਸੰਗਮਰਮਰ**--ਇਸ ਵਿਚ ੧੮ ਸਰੀਰ ਕੰਮ ਕਰਦੇ ਹਨ । ਕਾਰੀਗਰ ਮਜ਼ੂਰ ਮਿਲਾਕੇ, ਤੇ ੪੭੮=) ਮਾਹਵਾਰ ਰੋਜੀਨੇ ਦੇ ਹਸਾਬ ਇਹਨਾਂ ਦੇ ਬਣਦੇ ਹਨ, ਪਰੰਤੂ ਇਹ ਤਿਨ ਮੱਦ (ਤਿਲਾਈ ਸੁਪੇਦੀ ਸੰਗਮਰਮਰ ਦੇ) ਐਸੇ ਹਨ ਜਿਨਾਂ ਦੇ ਕੰਮ ਦਾ ਅੰਦਾਜ਼ਾ ਦਰੁਸਤ ਏਹੀ ਠੀਕ ਹੈ ? ਸਮਜ ਲੈਣਾ ਬੜਾ ਮੁਸ਼ਕਲ ਹੈ ਯਾ ਠੀਕ ਇਤਨਾ ਹੀ ਕੰਮ ਹੋਣਾ ਚਾਹੀਦਾ ਸੀ? ਇਹ ਭੀ ਸਮਝਣਾਂ ਕਠਨ ਹੈ ਇਸ ਲਈ ਜਿਮੇਂਵਾਰਾਂ ਨੂੰ ਇਸ ਕੰਮ ਵਿਚ ਬੜੀ ਚੌਕਸੀ ਤੇ ਦਾਨਾਈ ਵਰਤਨ ਦੀ ਲੋੜ ਹੈ ?

**ਬਿਜਲੀ, ਰੋਸ਼ਨੀ ਤੇ ਚਕੀ**--ਜਿਨ੍ਹਾਂ ਦਿਨ ਵਿਚ ਮਹਾਰਾਜਾ ਗੁਰਚਰਨ ਸਿੰਘ ਸਾਹਿਬ ਜੀ ਡੇਹਰੇਦੂਨ ਸਨ ਉਸ ਤੋਂ ਪਹਿਲੇ ਆਪ ਦਾ ਸੰਕਲਪ ਸੀ, ਸ੍ਰੀ ਹਜ਼ੂਰ ਸਾਹਿਬ ਜੀ ਦੀ ਕੋਈ ਖ਼ਾਸ ਸੇਵਾ ਕਰਨ ਦਾ ਜੋ ਆਪਨੇ ਸੰਮਤ ੧੯.........ਵਿਚ

ਪੂਰਾ ਕਰਨ ,ਵਾਸਤੇ ਇਥੋਂ ਦੇ ਪਰੇਰਕਾਂ ਦੀ ਵੀਚਾਰ ਅਨੁਸਾਰ ਆਇਲ ਇੰਜਨ ਬਿਜਲੀ ਲਵਾ ਦੇਣ ਦਾ ਉਦਮ ਕਰ ਦਿਤਾ ਜਿਸਦੇ ਜਰੀਏ ਰੋਸ਼ਨੀ ਹੋਂਦੀ ਤੇ ਚਕੀ ਆਟਾ ਪੀਸਨ ਵਾਲੀ ਚਲਦੀ ਹੈ ਇਸਦੇ ਮਾਹਵਾਰੀ ਮਿਸਤਰੀ ਮਜ਼ੂਰ ਦੀ ਤਨਖਾਹ ੧੦੦) ਹੈ।

**ਬੈਲ ਗਡੀ ਤੇ ਲਾਰੀ**--ਪਹਿਲੇ ਕਿਸੀ ੨ ਵੇਲੇ ਸਟੇਸ਼ਨ ਤੇ ਯਾਤਰੂਆਂ ਨੂੰ ਸਵਾਰੀ ਦਾ ਯੋਗ ਪ੍ਰਬੰਧ ਨਾ ਹੋਣ ਕਰਕੇ ਬਰਸਾਤ ਆਦਿਕ ਵਿਚ ਬੜੀ ਤਕਲੀਫ ਹੋਂਦੀ ਸੀ ਜਿਸ ਲਈ ਦਰਬਾਰ ਵਲੋਂ ਇਕ ਬੈਲ ਗਡੀ ਬਣਾਈ ਗਈ ਪਰੰਤੂ ਧੀਰੇ ੨ "ਪੈਸੇ ਸ਼ਾਹੂਕਾਰੀ ਤੇ ਖਜਾਨਚੀ ਉਦਾਰ"ਦੀ ਕਹਾਵਤ ਅਨੁਸਾਰ ਲਾਰੀ ਬਨਾਣੀ ਭੀ ਕਿਸੀ ਦੇ ਵੀਚਾਰ ਪਰ ਸੁਝਣ ਤੇ ਬਣਾਈ ਗਈ ਜਿਸਦਾ ਕੋਈ ਖਾਸ ਫਾਇਦਾ ਨਹੀਂ ਹੈ ਬਲਕੇ ਜਿਸ ਲਿਹਾਜੀ ਨੂੰ ਵਕਤ ਸਿਰ ਲੋੜ ਵੇਲੇ ਮੰਗਨ ਤੇ ਨਾਂ ਪੋਚਾਈ ਯਾ ਜਿਸਦੇ ਸਾਹਮਣੇ ਕੋਈ ਹੋਰ ਤਾਂ ਚੜ੍ਹ ਆਇਆ, ਪਰ ਉਸਨੂੰ ਥਾਂ ਨਾ ਮਿਲੀ ਓਹੀ ਗੁਸੇ ਹੋ ਜਾਏਗਾ, ਏਹ ਭੀ ਨੁਕਸ ਹੈ, ਤਾਂ ਭੀ ਇਨਾਂ ਦੇ ਮਾਹਵਾਰੀ ਕਲੀਨਰ ਨੂੰ ਤੇ ਮਿਸਤ੍ਰੀ ਡਰੈਵਰ ਨੂੰ ੩੦) ਮਾਹਵਾਰ ਅਲੌਂਸ ਮਿਲਦਾ ਹੈ।

**ਦਰੋਗਾ ਅਸਤਬਲ ਤੇ ਮੁਨਸ਼ੀ ਹਾਜਰੀ ਲੰਗਰ**—ਪਰ ਜੋ ਸਜਨ ੩ ਤਾਈਨਾਤ ਹਨ ਇਹਨਾਂ ਨੂੰ ਅਲੌਂਸ ਦੇ ਤੌਰ ਪਰ ੨੯) ਮਾਹਵਾਰੀ ਹੈ ।

**ਪਾਠਸ਼ਾਲਾ**--ਇਥੋਂ ਦੀਆਂ ਬੀਬੀਆਂ ਵਿਚ ਗੁਰਮੁਖੀ ਗੁਰਬਾਨੀ ਪ੍ਰਚਾਰ ਲਈ ਪਾਠਸ਼ਾਲਾ ਅਰਸੇ ਤੋਂ ਜਾਰੀ ਹੈ। ਜਿਸਦੀ ਅਧਿਆਪਕਾਂ ਤੇ ਬੁਲਾਵੀ ਨੂੰ ੨੭) ਮਾਹਵਾਰ ਮਿਲਦੇ ਹਨ ਤੇ ਸਰਕਾਰੋਂ ਭੀ ਹੈ

**ਸਕੂਲ**--ਸ਼ੁਰੂ ਵਿਚ ਇਥੇ ਗੁਰਦੁਆਰੇ ਸਾਹਿਬ ਦੇ ਸਾਹਮਣੇ ਹੀ ਗੁਰਦੁਆਰੇ ਵਲੋਂ ਗੁਰਮੁਖੀ ਸਕੂਲ ਜਾਰੀ ਹੋਇਆ ਸੀ ਜੋ ਧੀਰੇ ੨ ਮਹਿਕਮਾ ਤਾਲੀਮ ਨਾਲ ਸਬੰਧਤ ਹੋਕੇ ਹੁਣ ਬਾਹਿਰ ਸੜਕ ਗੁਦਾਵਰੀ ਦੇ ਕਨਾਰੇ ਜਾਰੀ ਹੈ ਇਸ ਵਿਚ ਤਿਨ ਮਾਸਟਰ ਹਨ ਜਿਨਾਂ ਨੂੰ ਮਾਲ ਗੁਜਾਰੀ ਜਗੀਰ ਤੋਂ ੩੫) ਮਾਹਵਾਰ ਮਿਲਦੇ 'ਹਨ। ਤੇ ਹੋਰ ਸਰਕਾਰੋਂ ਭੀ ਹੈ।

**ਵਜੀਫੇ**--੫ ਮੈਟ੍ਰਿਕ, ਮਿਡਲ ਕਲਾਸ ਨਦੇੜ ਤੇ ਤਿੰਨ ਵਿਦਿਆਲੈ ਤਰਨ ਤਾਰਨ ਵਿਚ ਵਿਦਿਆਰਥੀਆਂ ਨੂੰ ਕੁਲ ਵਜ਼ੀਫੇ ਦੇ ੪੫)ਮਹੀਨਾ ਹਨ,ਪਰੰਤੂ ਲੋੜ ਹੈਕਿ ਹਜ਼ੂਰੀ ਖਾਲਸੇ ਤੇਵਣਜਾਰੇ ਸਿਖਾਂ ਨੂੰ ਖਾਸ ਤੌਰ ਪਰ ਵਜੀਫਿਆਂ ਤੇ ਤਾਲੀਮ ਵਿਚ ਅਗੇ ਵਧਾਯਾ ਜਾਵੇ।

**ਡਾਕਟਰ**—ਸਰਕਾਰੀ ਹਸਪਤਾਲ ਗੁਰਦੁਆਰਾ ਸਾਹਿਬ ਤੋਂ ਦੂਰ ਹੋਣ ਕਰਕੇ ਵਕਤ ਬੇਵਕਤ ਯਾਤਰੂਆਂ ਨੂੰ ਬੜੀ ਦਿਕਤ ਹੋਂਦੀ ਸੀ ਇਸ ਲਈ ਜ਼ਰੂਰੀ ਸੀ ਕਿ ਹਸਪਤਾਲ ਦਾ ਪ੍ਰਬੰਧ ਵਿਚ ਹੋਵੇ ਇਸੀ ਕਰਕੇ ੩੦) ਮਾਹਵਾਰੀ ਅਲਾਊਂਸ ਤੇ ਇਕ ਡਾਕਟਰ ਸਾਹਿਬ ਰਖੇ ਗਏ ਹਨ ਜੋ ਗੁਰਦੁਆਰੇ ਸਾਹਿਬ ਦੀ ਡਿਸਪੈਂਸਰੀ ਤੋਂ ਆਕੇ ਵਕਤ ਸਿਰ ਦਵਾਈ ਦੇਣ ਦੇ ਜਿਮੇਵਾਰ ਹਨ ਪਰੰਤੂ ਕਿਆ ਚੰਗਾ ਹੋਵੇ ਕਿ ਕੋਈ ਡਾਕਟਰ ਖਾਲਸਾਜੀ ਇਥੇ ਪੂਰੇ ਵਿਚ ਮੋਰਚਾ ਲਾ ਬੈਠੇ ਤੇ ਗੁਰਦੁਆਰੇ ਸਾਹਿਬ ਤੋਂ ਜੇ ਵੈਸੇ ਨਹੀਂ ਤਦ ਅਲਾਊਂਸ ਭੀ ਹਾਸਲ ਕਰੇ ਨਹੀਂ ਤਾਂ ਕਿਸੀ ਹਜ਼ੂਰੀ ਐਂਟ੍ਰੈਂਸ ਪਾਸ ਖ਼ਾਲਸੇ ਨੂੰ ਵਜ਼ੀਫੇ ਤੇ ਡਾਕਟਰੀ ਵਿਚ ਭੇਜਿਆ ਜਾਏ ਇਹਨਾਂ ਸ਼ਰਤਾਂ ਪਰ ਕਿ ਉਹ ਵਾਪਸੀ ਤੇ ਇਥੇ ਹੀ ਪ੍ਰੈਕਟਿਸ ਕਰੇ ਅਤੇ ਖਰਚ ਹੋਈ ਰਕਮ ਕਿਸਤਾਂ ਕਰਕੇ ਅਦਾ ਕਰ ਦੇਵੇ ?

**ਓਵਰਸੀਅਰ**—ਗੁਰਦੁਆਰੇ ਸਾਹਿਬ ਸਬੰਧੀ ਅਮਾਰਤੀ ਕੰਮ ਤਾਂ ਅਕਸਰ ਹਮੇਸ਼ ਜਾਰੀ ਰਹਿੰਦੇ ਹਨ। ਇਸ ਲਈ ਇਕ

ਓਵਰਸੀਅਰ ਦੀ ਲੋੜ ਮਹਿਸੂਸ ਕਰਕੇ ਤੁਲਜਾਪੁਰ ਦੇਵਲ ਦੇ ਤੇ ਗੁਰਦੁਆਰੇ ਸਾਹਿਬ ਦੇ ਵਾਰੇ ਵਾਰੀ ਕੰਮ ਕਰਨ ਵਾਲੇ ਇਕ ਓਵਰਸੀਅਰ ਨੂੰ ੫੦) ਮਾਹਵਾਰ ਗੁਰਦੁਆਰੇ ਸਾਹਿਬ ਵਲੋਂ ਅਲੌਂਸ ਦਿਤਾ ਜਾਂਦਾ ਹੈ ਤੇ ਇਹ ੫੦) ਹੀ ਤੁਲਜਾ ਪੁਰ ਵਲੋਂ ਲੈਂਦਾ ਹੈ। ਲੇਕਿਨ ਇਸ ਨਾਲੋਂ ਇਹ ਗੱਲ ਵਧੀਕ ਲਾਭਦਾਇਕ ਹੋਵੇਗੀ ਜੇ ਕੋਈ ਸਿਖ ਪੈਨਸ਼ਨਰ ਓਵਰਸੀਅਰ ਇਸ ਤੋਂ ੧੦) ਵਧੀਕ ਦੇ ਕੇ ਸਦਾ ਲਈ ਇਥੇ ਟਿਕਾ ਲੀਤਾ ਜਾਏ ਤੇ ਓਹ ਧਾਰਮਕ ਭਾਵ ਵਾਲਾ ਹੋਵੇ ਤਾਕਿ ਹਰ ਵਕਤ ਕੰਮ ਵੇਖ ਸਕੇ।

**ਪੋਸਟ ਮਾਸਟਰ**—ਨਜ਼ਾਮ ਸਟੇਟ ਵਿਚ ਡਾਕ ਦਾ ਪ੍ਰਬੰਧ ਸਟੇਟ ਦੇ ਡਾਕਖ਼ਾਨਿਆਂ ਦੇ ਜ਼ਰੀਏ ਹੋਂਦਾ ਹੈ ਪਰੰਤੂ ਖਾਸ ਨੰਦੇੜ ਵਿਚ ਅੰਗਰੇਜ਼ੀ ਡਾਕਖ਼ਾਨਾ ਭੀ ਹੈ। ਜਿਸ ਦੇ ਪੋਸਟ ਮਾਸਟਰ ਸਾਹਿਬ ਨੂੰ ੩) ਮਾਹਵਾਰੀ ਗੁਰਦੁਆਰੇ ਵਲੋਂ ਅਲਾਊਂਸ ਮਿਲਦਾ ਹੈ

## ਹਜ਼ੂਰੀ ਸੇਵਕ ਸਟਾਫ਼ ਸਬੰਧੀ ਵਿਚਾਰ

ਇਸ ਸਟਾਫ਼ ਲਈ ਜੋ ਤਰੀਕਾ ਜਾਰੀ ਚਲਾ ਆਇਆ ਹੈ ਓਹ ਇੰਨ੍ਹਾਂ ਲਈ ਪੂਰਾ ਪੂਰਾ ਲਾਭਦਾਯਕ ਸਾਬਤ ਹੋਣਾ ਕਠਨ ਹੈ ਕਿਉਂਕਿ ਪਿਤਾ ਵਰਗੀ ਹੀ ਪੁਤਰ ਦੀ ਭੀ ਪੁਸ਼ਤ ਦਰਪੁਸ਼ਤ ਰੁਚੀ ਤੇ ਸਮਝ ਸ਼ਰਧਾ ਹੋਣੀ ਕਠਨ ਹੈ। ਇਸ ਲਈ ਖ਼ਾਸ ਸੇਵਾਦਾਰ ਪੈਦਾ ਕਰਨ ਵਲ ਵਧੀਕ ਧਿਆਨ ਦੇਣਾ ਚਾਹੀਏ ਅਰਥਾਤ ਪੁਜਾਰੀ, ਗ੍ਰੰਥੀ, ਗਿਆਨੀ, ਰਾਗੀ, ਧੂਪੀਏ, ਰਹਿਰਾਸੀ, ਆਰਤੀਏ, ਪੁਜਾਰੀ, ਬੁੰਗਈ ਆਦਿ ਸਜਣ ਇਲਮ ਤੇ ਅਚਾਰ ਦੇ ਲਿਹਾਜ਼ ਨਾਲ ਬੜੇ ਆਹਲਾ ਹੋਣੇ ਚਾਹੀਏ ਜੋ ਯੋਗਤਾ ਅਨੁਸਾਰ ਸੇਵਾ ਲਈ ਲੀਤੇ ਜਾਯਾ ਕਰਨ ਪਰੰਤੂ ਇਸ ਤੋਂ ਇਹ ਵਧੀਕ ਚੰਗਾ ਹੋਵੇ ਜੋ ਇਕ ਸਕੀਮ ਬਣਾਕੇ ਇਹਨਾਂ ਸਾਰੇ ਹਜ਼ੂਰੀ ਸੇਵਾਦਾਰਾਂ ਨੂੰ ਸੇਵਾ ਸਿਖਾ ਕੇ (ਟ੍ਰੇਨਿੰਗ ਦੇਕੇ) ਇਸ ਕਾਬਲ ਬਣਾਇਆ ਜਾਏ

ਜੋ ਹਰਇਕ ਸੇਵਾ ਨੂੰ ਅੰਜਾਮ ਦੇ ਸਕਣਾਹੁਣ ਜੋ ਤਰੀਕਾ ਹੈ ਜੁਦਾ ੨ ਸੇਵਾਦਾਰਾਂ ਦਾ ਇਹ ਬੜਾ ਲੰਬਾ ਹੈ ਇਸ ਲਈ ਪੰਜਾਂ ਪਿਆਰਿਆਂ ਵਿਚੋਂ ਹੀ ਪੁਜਾਰੀ, ਗ੍ਰੰਥੀ, ਗਿਆਨੀ, ਰਹਿਰਾਸੀ, ਆਰਤੀਏ ਬੁੰਗਈ ਹੋਣੇ ਚਾਹੀਏ ਤਾਕਿ ਉਹਨਾਂ ਦੇ ਨਿਰਬਾਹ ਤੇ ਸਤਿਕਾਰ ਵਿਚ ਫ਼ਰਕ ਨਾ ਆਵੇ । ਇਸੀ ਤਰ੍ਹਾਂ ਚਰਾਗ਼ੀ, ਤਖਤ ਸ਼ਨਾਨੀ, ਗਾਗਰੀ, ਲਾਂਗਰੀ, ਸੁਖਈ ਆਦਿ ਦੀ ਸੇਵਾ ਰਖੀ ਜਾਏ ਕਿਉਂਕਿ ਕਿਸੀ ਇਕ ਨਾਮ ਮਾਤ੍ਰ ਸੇਵਾ ਵਰਾਸਤੀਕਰਕੇ ਓਹ ਹੋਰ ਕਿਤੇ ਕੋਈ ਕੰਮ ਨਹੀਂ ਕਰਨ ਜਾ ਸਕਦੇ ਤੇ ਉਸ ਤਨਖ਼ਾਹ ਤੋਂ ਨਿਰਬਾਹ ਹੋਣਾ ਭੀ ਕਠਨ ਹੋਂਦਾਹੈ ਜਿਸਲਈ ਉਨਾਂ ਨੂੰ ਕਿਤੇ ਦੁਕਾਨ,ਪੈਹਰਾ ਯਾ ਹੋਰ ਕੋਈ ਵਸੀਲਾ ਅਖ਼ਤਿਆਰ ਕਰਨਾ ਪੰਦਾ ਹੈ ਜੋ ਉਹਨਾਂ ਦੀ ਗੁਰਦੁਆਰੇ ਸਾਹਿਬ ਦੇ ਔਹਦੇ ਵਾਲੀ ਸ਼ਾਨ ਦੇ ਖ਼ਿਲਾਫ਼ ਹੋਂਦਾ ਹੈ। ਇਸ ਤੋਂ ਇਲਾਵਾ ਇਹ ਭੀ ਹੈ ਕਿ ਜਿਸ ਪੁਜਾਰੀ ਗ੍ਰੰਥੀ ਰਾਗੀ ਆਦਿ ਦੇ ਪੁਤ੍ਰ ਯਾ ਚਾਟੜੇ ਨੂੰ ਨਿਸਚੇ ਹੋਵੇ ਕਿ ਮੈਨੂੰ ਪਿਤਾ ਦੀ ਥਾਂ ਮਿਲਨੀ ਹੈ ਪੁਤਰ ਯਾ ਚਾਟੜਾ ਯਾ ਵਾਰਸ ਹੋਣ ਕਰਕੇ ਓਹ ਆਪਣੇ ਆਪ ਨੂੰ ਯਾ ਉਸ ਦੇ ਵਾਰਸ ਉਸ ਨੂੰ ਯੋਗਤਾ ਪ੍ਰਾਪਤ ਕਰਨ ਵਾਲੇ ਰਾਹ ਟੋਰਨ ਟੁਰਨ ਵਿਚ ਉਕਸਾ ਜਾਂਦੇ ਹਨ । ਇਸ ਲਈ ਹਰ ਇਕ ਮਨੁਸ਼ ਨੂੰ ਯੋਗ ਬਣਨ ਵਾਸਤੇ ਉਸ ਦੀ ਜੀਵਕਾ ਹੀ ਉਸ ਨੂੰ ਮਜਬੂਰ ਕਰ ਸਕਦੀ ਹੈ। ਐਸਾ ਕੁਦਰਤੀ ਨਿਯਮ ਪੂਰਾ ਹੋਣ ਵਾਲਾ ਮੈਦਾਨ ਸਾਫ਼ ਕਰਨ ਵਲ ਸਰਬਰਾਹ ਤੇ ਪੰਥ ਨੂੰ ਧਿਆਨ ਦੇਣਾ ਚਾਹੀਏ। ਸਟਾਫ ਸਬੰਧੀ ਵੀਚਾਰ ਤੋਂ ਪਤਾ ਲਗਦਾ ਹੈ ਕਿ ਛੋਟੇ ਪੁਜਾਰੀ ਜੀ ਨੂੰ ਰੋਜ਼ਾਨਾ ਸਿਰਫ ੧ ਸੇਰ ਆਟਾ ਅਧ ਪਾ ਦਾਲ ਤੇ ਅਧੀ ਛਟਾਂਕ ਘੀ ਦੇਣਾ ਇਕ ਐਸੀ ਲਾ ਪ੍ਰਵਾਹੀ ਤੇ ਬੇ ਇੰਨਸਾਫੀ ਹੈ ਜਿਸਨੇ ਗ੍ਰੰਥੀਆਂ ਰਾਗੀਆਂ ਤੇ ਹੋਰ ਸੇਵਾਦਾਰਾਂ ਦੇ ਨਾਲ ਜੋ ਘਟ ਤਨਖਾਹ ਵਾਲੀ ਬੇਇੰਨਸਾਫੀ ਹੋਂਦੀ ਹੈ, ਉਸਦੇ ਸਾਰੇ ਰੀਕਾਰਿਡ ਨੂੰ ਮਾਤ ਕਰ ਦਿਤਾ ਹੈ, ਪਰੰਤੂ ਖਾਕ ਰੂਬ ਤੇ ਜੋੜਿਆਂ ਦੇ ਸੇਵਾਦਾਰਾਂ ਨੂੰ ਸਿਰਫ ਡੇਡ ਡੇੜ ਪਾ

ਆਟਾ ਰੋਜ਼ੀਨਾ ਦੇਣ ਵਾਲਾ ਇੰਨਸਾਫ਼ ਤਾਂ ਇਸਤੋਂ ਭੀ ਵਧ ਜਾਂਦਾ ਹੈ ਇਥੇ ਹੀ ਬਸ ਨਹੀ ਬਲਕੇ ਮਾਤਾ ਜੀ ਦੇ ਗੁਰਦੁਆਰੇ ਜੋ ਦੋ ਸੇਰ ਆਟਾ ੧ ਪਾਓ ਦਾਲ ੧ ਛਟਾਂਕ ਘੀ ਰੋਜ਼ਾਨਾ ਦਿਤਾ ਜਾਂਦਾ ਹੈ ਜਿਥੇ ਆਇ ਯਾਤਰੂ ਆਦਿ ਰੈਂਣਤੇਹਮੇਸ਼ਾਂ ਪ੍ਰਸ਼ਾਦਾ ਜਲ ਸਰਦਾਈ ਚਾਹ ਆਦਿ ਦੇ ਗਫੇ ਵਰਤਦੇ ਹਨ। ਉਹ ਇੰਨਸਾਫ ਤਾਂ ਉਪਰਲੇ ਸਾਰੇ ਰੀਕਾਰਡ ਨੂੰ ਹੋਰ ਮਾਤ ਕਰਦਾ ਹੈ। ਕੀ ਸਰਬਰਾਹ ਸਾਹਿਬ ਇਸਦਾ ਕੋਈ ਯੋਗ ਉਪਰਾਲਾ ਨਹੀਂ ਕਰਨਗੇ ?

ਇਸਗਲ ਵਲ ਖਾਸ ਤੌਰ ਤੇ ਹਰ ਇਕ ਲਿਖੇ ਪੜ੍ਹੇ ਤੇ ਅਨ-ਪੜ੍ਹ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਜਿਥੇ ਗੁਰਦੁਆਰੇ ਵਿਚ ਅਨਪੜ੍ਹੇ ੫੨ ਮੁਲਾਜਮਾਂ ਨੂੰ ਤਕਰੀਬਨ ੪੫੦) ਦੇ ਤਨਖਾਹ ਮਿਲਦੀ ਹੈ ਉਥੇ ੪੧ ਧਾਰਮਕ ਪੜ੍ਹਿਆਂ ਮੁਲਾਜਮਾਂ ਨੂੰ ੪੪੫) ਹੈ ਪਰੰਤੂ ਜਿਥੇ ੨੫ ਕਾਰੀਗਰ ਤੇ ਮਜ਼ੂਰ ੮੧੨॥) ਰੁਪਯੇ ਲੈਂਦੇ ਹਨ ਉਥੇ ਉਰਦੂ ਅੰਗ੍ਰੇਜ਼ੀ ਪੜ੍ਹੂ ਸਜਨ ਸਿਰਫ ੧੦ ਦਫਤਰੀ ੪੧੧॥) ਲੈਂਦੇ ਹਨ।

ਇਸ ਤੋਂ ਪਤਾ ਲਗਦਾ ਹੈ ਕਿ ਰਾਗੀਆਂ, ਗਿਆਨੀਆਂ, ਗ੍ਰੰਥੀਆਂ ਤੇ ਪੁਜਾਰੀਆਂ ਦੀ ਕਿਆ ਕੀਮਤ ਹੈ ਅਤੇ ਕਾਰੀਗਰ, ਮਜ਼ੂਰਾਂ ਤੇ ਪੜ੍ਹਿਆਂ ਦੀ ਕੀ ਕੀਮਤ ਹੈ ? ਇਹ ਸਮਝਕੇ ਹੁਨਰ ਤੇ ਵਿਦਿਆ ਵਿਚਅਗੇ ਵਧਨ ਦਾ ਕੌਣ ਹੈ ਜੋ ਨਹੀਂ ਜਤਨ ਕਰੇਗਾ ?

ਕਿਤਨੇ ਹੀ ਸਜਨ ਜਾਨਣਾ ਚਾਂਹਦੇ ਹੋਣਗੇ ਕਿ ਛੋਟੇ ਪੁਜਾਰੀ ਸਿੰਘ ਜੀ ਤਨਖਾਹ ਕਿਉਂ ਨਹੀਂ ਲੈਂਦੇ ? ਇਸ ਦੇ ਉਤਰ ਵਿਚ ਬਿਨੈ ਹੈ ਕਿ:—

"ਜਿਸ ਵੇਲੇ ਖਾਲਸੇ ਜੀ ਦੀ ਬੇਇਤਫਾਕੀ ਕਰਕੇ ਬਹੁਤੇ ਸੇਵਾਦਾਰ ਤਾਂ ਸਰਕਾਰ ਦੇ ਹਥ ਇੰਤਜਾਮ ਦੇਣ ਪਰ ਰਾਜੀ ਸਨ, ਪਰੰਤੂ ਸ੍ਰੀ ਮਾਨ ਭਾਈ ਨਰਾਇਣ ਸਿੰਘ ਜੀ ਬਾਹਰਲੇ ਪੁਜਾਰੀ (ਜੋ ਬੜੇ ਪੁਰਾਨੇ ਤਜਰਬਾਕਾਰ ਸੀ। ਤੇ ਇਨਾਂ ਦੀ ਮੌਜੂਦਗੀ ਵਿਚ ਤਿੰਨ ਚਾਰ ਅੰਦਰਲੇ ਪੁਜਾਰੀ ਫਤਹ ਗਜਾ

ਚੁਕੇ ਸੀ) ਇਹ ਸਰਕਾਰ ਦੇ ਹਥ ਇੰਤਜ਼ਾਮ ਦੇਣ ਵਿਚ ਰਾਜ਼ੀ ਨਹੀਂ ਸਨ। ਕਿਉਂਕਿ ਇਹਨਾਂ ਦਾ ਵਿਚਾਰ ਸੀ ਕਿ:—

੧. ਖਾਲਸੇ ਦੀ ਸੁਤੰਤ੍ਰਤਾ ਨਸ਼ਟ ਹੋ ਜਾਏਗੀ।

੨. ਖਾਲਸਾ ਨਾਲਾਇਕ ਖਿਆਲ ਕੀਤਾ ਜਾਏਗਾ।

੩. ਸਰਕਾਰੇ ਦੇਣਾ ਸੁਖਲਾ ਹੈ ਪਰ ਸਰਕਾਰੋਂ ਲੈਣਾ ਔਖਾ ਹੈ।

੪. ਪਾਬੰਦੀਆਂ ਵਧ ਜਾਨਗੀਆਂ ਤੇ ਜ਼ੇਰ ਹੋ ਜਾਵਾਂਗੇ।

੫. ਏਹ ਧਾਰਮਕ ਯਾ ਪੰਥਕ ਗੁਰਦੁਆਰਾ ਹੈ ਇਸ ਵਿਚ ਕਿਸੀ ਗੌਰਮੈਂਟ ਦਾ ਦਖਲ ਨਹੀਂ ਚਾਹੀਏ।

੬. ਅਸੀਂ ਨੌਕਰ ਰਹਿਕੇ ਗੁਰੂ ਜੀ ਦੀ ਸੇਵਾ ਕਰਨ ਤੇ ਸਿਖ ਨਹੀਂ ਕਹਿਲਾ ਸਕਦੇ? ਪਰੰਤੂ ਜਦ ਮੁਕਾਮੀ ਹੋਰ ਹਾਲਾਤ ਐਸੇ ਹੀ ਬਣ ਗਏ ਤਦ ਇਕ ਪੁਜਾਰੀ ਸਿੰਘ ਜੀ ਦਾ ਕੀ ਵਸ ਚਲ ਸਕਦਾ ਸੀ ਸਿਵਾਇ ਇਸਦੇ ਕਿ ਓਹ ਤਨਖਾਹ ਨਾ ਲਵੇ ਤੇ ਨਾਂ ਨੌਕਰ ਕਹਿਲਾਏ?

ਇਹ ਤਕਰੀਬਨ ੨੦ ਸਾਲ ਸਰਕਾਰੀ ਇੰਤਜਾਮ ਪਿਛੋਂ ਸੇਵਾ ਤੇ ਭੀ ਡਟੇ ਰਹੇ ਤੇ ਇਹਨਾਂ ਤਨਖਾਹ ਵਗੈਰਾ ਭੀ ਨਹੀਂ ਲੀਤੀ, ਇਸੀ ਕਰਕੇ ਏਹ ਜਿਸ ਅਕਾਲ ਬੁੰਗੇ ਵਿਚ ਰਹਿੰਦੇ ਸੀ ਉਸਦੀ ਮੁਰੰਮਤ ਵਗੈਰਾ ਦਰਬਾਰ ਵਲੋਂ ਬੰਦ ਕੀਤੀ ਗਈ ਜੋ ਅਜੇ ਤਕ ਨਹੀਂ ਹੋਂਦੀ?

ਇਹਨਾਂ ਦੇ ਥਾਂ ਸ੍ਰੀ ਮਾਨ ਭਾਈ ਰਾਮ ਸਿੰਘ ਜੀ ਬਾਹਰਲੇ ਪੁਜਾਰੀ ਬਣਨ ਤੇ ਇਹਨਾਂ ਭੀ ਤਨਖਾਹ ਲੈਣੀ ਮੰਨਜ਼ੂਰ ਨਹੀਂ ਕੀਤੀ ਪਰ ਨਾ ਮਾਲੂਮ ਇਹ ਰਸਦ ਕਿਸਤਰਾਂ ਇਹਨਾਂ ਨੂੰ ਮਿਲਣ ਲਗ ਗਈ? ਏਹ ਪੁਰਾਤਨ ਸਿੰਘਾਂ ਦੇ ਸਮਾਚਾਰ ਵੀਚਾਰ ਅਜ ਕਲ ਦੇ ਆਮ ਤਨਖਾਹਦਾਰ ਗੁਰਦੁਆਰਿਆਂ ਵਾਲਿਆਂ ਨੂੰ ਧਿਆਨ ਨਾਲ ਸੋਚਨੇ ਚਾਹੀਦੇ ਹਨ?

**ਰਸਦਾਂ ਤੇ ਵਰਤਾਰੇ ਲੰਗਰ**—ਕਿਤਨੇ ਹੀ ਸੇਵਾਦਾਰ

ਤੇ ਮੁਖ ਅਧਿਕਾਰੀਆਂ ਨੂੰ ਜੋ ਰੋਜ਼ਾਨਾ ਰਸਤਾਂ ਵਰਤਾਰੇ ਮਿਲਦੇ ਹਨ ਉਨ੍ਹਾਂ ਦੇ ਨਾਮ ਦਾ ਵੇਰਵਾ ਇਸ ਤਰ੍ਹਾਂ ਹੈ:—

| ਨਾਮ | ਆਟਾ | ਦਾਲ | ਘੀ | ਨਕਦੀ | ਸ਼ਕਰ |
|---|---|---|---|---|---|
| ੧ ਪੁਜਾਰੀ ਸਿੰਘ | ੧ ਸੇਰ | ੨ ਛ: | = ਛ: | | |
| ੧ ਗਿਆਨੀ ਸਿੰਘ | ੨ ਸੇਰ<br>ਚ: ੨ ਛ:<br>ਦੁਧਅੱਧਸੇ: | ੧ ਪਾਓ | ੨ ਛ: | ≡) | ੩ ਛ: |
| ੩ ਰਾਗੀ ਸਿੰਘ | ੩॥ ਸੇਰ | ੨ ਛ: | = ਛ: | | |
| ੧ ਚਰਾਗੀ ਸਿੰਘ | ੧ ਸੇਰ | ,, | ੧ ਛ: | ੪ ਪਾਈ | ੧ ,, |
| ੧ ਲਾਂਗਰੀ ਸਿੰਘ | ੩ ਪਾਓ | | | | |
| ੩ ਬੁੰਗਈ ਸਿੰਘ | ੩ ਸੇਰ | ੧ ਪਾਓ | ੧ ਛ: | | |
| ੧ ਬੰਦਾ ਘਾਟ | ੧ ਸੇਰ | ੨ ਛ: | = ਛ: | | |
| ੧ ਮਾਤਾ ਘਾਟ | ੨ ਸੇਰ | ੧ ਪਾਓ | ੧ ਛ: | | |
| ੧ ਸ਼ਹੀਦ ਗੰਜ | ੩ ਪਾਓ | ੨ ਛ: | = ਛ: | | |
| ੧ ਗਾਗਰੀਆ | ੧ ਸੇਰ | ,, | ,, | ੨) ਮਾ: | |
| ੧ ਚਹਨ ਗੰਗਾ | ੧ ਸੇਰ | ,, | ,, | )॥ ਰੋਜ਼ | |
| ੧ ਉਦਾਸੀ ਸੰਤ | ੧ ਸੇਰ | ,, | ,, | | |
| ੧ ਲਾਂਗਰੀ | ੩ ਪਾਓ | | | | |
| ੧ ਪੁਜਾਰੀ ਬਾਲਾ ਖਾਨਾ | ,, | ,, | ,, | | |
| ੧ ਸੁਥਰੇਸ਼ਾਹੀ | ੧ ਸੇਰ | ,, | ,, | ,, | |
| ੧ ਝਾੜੂਬਰਦਾਰ | ੨ ਪਾਓ | ,, | ,, | ੪ ਪਾਈ | ,, |
| ੧ ਸੇਵਾਦਾਰ (ਜੂਤੇ) | ੧॥ ,, | | | | |
| ੧ ਖਾਕਰੋਬ | ,, ,, | | | | |

ਵਰਤਾਰਾ ਲੰਗਰੋਂ ਪ੍ਰਸ਼ਾਦੇ

| | |
|---|---|
| ੫ ਪੁਜਾਰੀ ਸ਼ਹੀਦ ਬੁੰਗਾ | ੩੦ ਸਹੀਸ |
| ੧੦ ਸੋਭਾ ਸਿੰਘ ਜੀ | ੧੫ ਧੋਬੀ |
| ੧੦ ਧੰਨਾ ਸਿੰਘ ਜੀ | ੧੫ ਦਰਜੀ |
| ੧੦ ਲਾਲ ਸਿੰਘ ਜੀ | ੫ ਝਾੜੂਦਾਰਨੀ |
| ੧੦ ਹਜ਼ੂਰਾ ਸਿੰਘ ਜੀ ਜੰਗੀ ਜ: | ੧੦ ਭੰਗੀ |
| ੨੦ ਰੀਂਗੋਬਾਈ | ੧੦ ਚਮਾਰ |

## ਜਥੇਬੰਦੀ, ਮਹੱਲੇ, ਚੌਕੀ ਤੇ ਗੁਰਪੁਰਬ—

ਭਾਵੇਂ ਪਹਿਲੇ ਤਾਂ ਜਥੇਬੰਦੀ ਦਾ ਤ੍ਰੀਕਾ ਹੋਰ ਹੀ ਸੀ ਅਤੇ ਪੰਥ ਤਰ ਥਾਂ ਆਪਣੇ ਆਪ ਵਿਚ ਜਥੇਬੰਦ ਸੀ, ਪਰੰਤੂ ਕੁਛ ਸਮੇਂ ਤੋਂ ਹਰ ਗਲ ਵਿਚ ਤਬਦੀਲੀ ਹੋਣ ਕਰਕੇ ਨੌਜੁਵਾਨਾਂ ਨੂੰ ਜਥੇਬੰਦ ਕਿਸੀ ਖਾਸ ਨਾਮ ਹੇਠ ਕੀਤਾ ਜਾਂਦਾ ਹੈ । ਇਸੀ ਕਰਕੇ ਇਥੇ ਭੀ "ਖੜਗਧਾਰੀ ਭੁਯੰਗੀ ਸਭਾ" ਦੇ ਨਾਮ ਪਰ ਜਥੇ-ਬੰਦ ਰਹਿਨ ਦਾ ਜਤਨ ਹੋਇਆ ਤੇ ਸਿਰਫ ਗੁਰਪੁਰਬ ਮਹੱਲੇ ਤੇ ਚੌਕੀ ਆਦਿਕ ਪਰਮਿਲਕੇ ਸੇਵਾ ਕਰਨਦਾ ਉਤਸ਼ਾਹ ਵਧਾਇਆ ਗਿਆ ਪਰੰਤੂ ਅਜੇ ਤਕ ਸਾਹਮਣੇ ਕੋਈ ਸੇਵਾ ਦਾ ਵਸੀਹ ਮੈਦਾਨ ਵਿਖਾਕੇ ਕਦਮ ਨਹੀਂ ਉਠਾਇਆ ! ਲੋੜ ਹੈ ਕਿ ਇਸ ਪਾਸੇ ਧਿਆਨ ਦੇਣ ਲਈ ਹੋਰ ਵੀਚਾਰ ਕੀਤਾ ਜਾਏ ।

**ਖੜਗਧਾਰੀ ਭੁਜੰਗੀ ਸਭਾ**—ਇਸ ਸਭਾ ਦੀਆਂ ਹਰ ਹਫਤੇ ਕਮੇਟੀਆਂ ਹੋਣ, ਗੁਰਬਾਣੀ ਕੰਠ, ਕਵਿਤਾ, ਰਾਗ ਤੇ ਇਤਿਹਾਸ ਵੀਚਾਰ ਵਲ ਤਵਜੋ ਦਿਤੀ ਦਿਲਾਈ ਜਾਏ, ਨਸ਼ੇ, ਫਜ਼ੂਲ ਖਰਚੀ, ਬਿਮਾਰੀ, ਅਤੇ ਕਮਕੋਸ (ਮੁਖੜੂ ਪਨੇ) ਤੋਂ ਬਚਨ ਲਈ ਤਾਕੀਦੀ ਤੇ ਤਜਵੀਜੀ ਵੀਚਾਰ ਪ੍ਰਗਟ ਕੀਤੇ ਜਾਣ, ਬਾਰਾਂ ਮਹੀਨੇ, ਜਨਮ ਤੋਂ ਮਰਨ ਪ੍ਰਯੰਤ ਜਨਮ ਨਗਰ ਵਿਚ ਹੀ ਰਹਿਣ ਦਾ ਖਿਆਲ ਦੂਰ ਕਰਕੇ ਦੇਸ ਬਦੇਸ਼ ਕਿਰਤਕਾਰ, ਹੁਨਰ ਤੇ ਹਰ ਫ਼ਨ ਦੇ ਗਿਆਤਾ ਹੋਕੇ ਕਮਾਈ ਕਰਕੇ

ਲਿਆਉਣ ਦਾ ਉਤਸ਼ਾਹ ਪੈਦਾ ਕੀਤਾ ਜਾਏ, ਸ਼ਸਤ੍ਰ ਤੇ ਅਸਤ੍ਰ ਦੇ ਕਰਤਾ ਹਰਤਾ ਤੇ ਧਰਤਾ ਹੋਕੇ ਗੁਰਪੁਰਬ, ਮਹਲੇ ਵਾ ਹਰ ਰੋਜ,ਸੇਵਾ ਸੰਮਤੀ ਦੀ ਵਰਤੋਂ ਅਮਲ ਵਿਚ ਲਿਆਂਦੀ ਜਾਏ

**ਮਸ਼ਹੂਰ ਮਹਲੇ**--ਪਰੰਪਰਾਂ ਤੋਂ ਪੰਥ ਵਿਚ ਹਰ ਥਾਂ ਤੋਂ ਸਿਖ ਸੰਗਤਾਂ ਕਿਸੀ ਇਕ ਕੇਂਦਰ ਵਿਚ ਪੰਥਕ ਸੇਵਾ, ਉੱਨਤੀ, ਪ੍ਰਚਾਰ ਦੇ ਵੀਚਾਰ ਤੇ ਭਾਈਚਾਰਕ ਵਾ ਵਿਹਾਰ ਸੁਧਾਰ ਸਬੰਧੀ ਤਜਰਬੇ ਤੇ ਗੁਰਮਤੇ ਵਖਿਆਤ ਕਰਨ ਲਈ ਜਿਨਾਂ ਮੁਕੱਰਰਾ ਦਿਨਾਂ ਤੇ ਅਕੱਤ੍ਰ ਹੋਂਦੀਆਂ ਸਨ ਉਹਨਾਂ ਨੂੰ ਮਹਿਲੇ ਕਹਿੰਦੇ ਸਨ ਜੋ ਵਿਸ਼ੇਸ਼ ਕਰਕੇ ੪ ਮਸ਼ਹੂਰ ਹਨ:-

(ੳ) **ਵਿਸਾਖੇ ਦਾ ਮਹਲਾ**--ਇਸ ਦਿਨ ਖਾਲਸਾ ਪੰਥ ਪ੍ਰਗਟ ਹੋਣ ਕਰਕੇ ਅਕੱਤ੍ਰ ਹੋਕੇ ਬੇਅੰਮ੍ਰਿਤੀਆਂ ਨੂੰ ਅੰਮ੍ਰਤ ਛਕਨ ਦੇ ਕਮਰ ਕਸੇ ਕਰਾਂਦੇ, ਤਨਖਾਹੀਏ, ਤੇ ਕੁਰੈਹਤੀਆਂ ਨੂੰ ਭੁਲਾ ਤਨਖਾਹ ਬਖਸ਼ਾਂਣ ਦੀ ਪਰੇਰਨਾ ਕਰਦੇ, ਸ਼ਸਤ੍ਰਧਾਰੀ ਆਪਣੀ ਪ੍ਰੈਕਟਸ ਦੇ ਜੌਹਰ ਦਸਦੇ, ਆਮ ਸੰਗਤਾਂ ਗੁਰੂ ਨਿਰੰਕਾਰ ਦਾ ਜਸ ਨਿਸ਼ਾਨ ਸਾਹਿਬ ਦੀ ਤਾਬਿਆ ਹੋਕੇ ਨਗਰ ਕੀਰਤਨ ਦੀ ਤਰਾਂ ਕਰਦੀਆਂ ਤੇ ਹੋਰ ਬਹਾਦਰੀ ਦੇ ਕਰਤਬ ਦਿਖਾਂਦੇ ਸਨ ਪਰੰਤੂ ਹੁਣ ਭੀ ਇਸੀ ਭਾਵ ਨੂੰ ਮੁਖ ਰਖਕੇ ਹਰ ਸਾਲ ਵਿਸਾਖ ਦੀ ੧—੨ ਤ੍ਰੀਕ ਨੂੰ ਅਕਸਰ ਸੰਗਤਾਂ ਹਜ਼ੂਰ ਸਾਹਿਬ ਪੁਜ-ਦੀਆਂ ਹਨ ਤੇ ਤਖਤ ਸਾਹਿਬ ਤੋਂ ਮਹਲਾ ਚਲਕੇ, ਗੋਬਿੰਦ ਬਾਗ, ਮੌਂਢਾ, ਲਾਲਾ ਮਾਨਦਾਸ ਜੀ ਘਾਟ ਹੋਕੇ ਨਗੀਨਾ ਘਾਟੋ ਗੁਰਦੁਆਰੇ ਸਾਹਿਬ ਪੁਜਦੀਆਂ ਹਨ, ਬਾਹਰਲੇ ਤਖਤ ਸਾਹਿਬ ਉਤੇ ਸ਼ਸਤ੍ਰ—ਅਸਤ੍ਰ ਸਜਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੋਸ਼ਨਾ ਤੋਂ ਵਧੀਕ ਪ੍ਰਕਾਸ਼ ਹੋਂਦੇ ਹਨ, ਪੁਰਾਤਨ ਮਿਰਯਾਦਾ ਅਨੁਸਾਰ ਬਕਰੇ ਝਟਕ ਕੇ ਸ਼ਸਤ੍ਰਾਂ ਦੇ 'ਰਕਤ ਸ਼ੁਧ ਕਰਨ' ਦੀ ਰਸਮ ਅਦਾ ਕੀਤੀ ਜਾਂਦੀ ਹੈ ਅਤੇ ਸ਼ਬਦ ਕੀਰਤਨ, ਵਿਖਿਆਨ, ਵਿਸ਼ਾਲ [illegible] ਹੋਕੇ ਪ੍ਰਸ਼ਾਦਿ ਵਰਤਦਾ ਹੈ।

**(ਅ) ਦੁਸੈਹਰੇ ਦਾ ਮਹਲਾ**—ਇਸ ਤਿਉਹਾਰ ਪਰ ਅੱਠ ਦਿਨ ਪਹਿਲੇ ਦਸਮ ਗ੍ਰੰਥ ਸਾਹਿਬ ਵਿਚੋਂ ਪਾਠ ਹੋਂਦਾ ਹੈ, ਦੁਸਹਿਰੇ ਵਾਲੇ ਦਿਨ ਬਹੁਤੇ ਸਸਤ੍ਰ ਅਸਤ੍ਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਹਰਲੇ ਤਖਤ ਪਰ ਸਜਦੇ ਹਨ। ਦਰਸ਼ਨ ਦੀਦਾਰ ਪਿਛੋਂ ਨਿਸ਼ਾਨ ਸਾਹਿਬ ਦੀ 'ਤਾਬਿਆ ਮਹੱਲਾ ਚੜ੍ਹਦਾ ਹੈ ਗੋਬਿੰਦ ਬਾਗ, ਮੋਡੇ ਤੋਂ ਚੌਰਸਤੇ ਦੀ ਵਲੋਂ ਨਗੀਨਾ ਘਾਟ ਜਾਕੇ ਦੀਵਾਨ ਸਜਦਾ ਹੈ। ਕੀਰਤਨ ਵਿਖਿਆਨ ਵੀਚਾਰ ਹੋਕੇ ਰਾਤ ਨੂੰ ਹਜ਼ੂਰ ਵਿਚ ਪੁਜਕੇ ਸਮਾਪਤੀ ਹੋਂਦੀ ਹੈ।

**(ੲ) ਦੀਪਮਾਲਾ ਦਾ ਮਹੱਲਾ**—ਇਸ ਤੇ ਮਹਲੇ ਦੀਵਾਲੀ ਤੋਂ ਇਕ ਦਿਨ ਪਹਿਲੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ਼ਸਤ੍ਰ ਅਸਤ੍ਰ ਬਾਹਰ ਬਿਰਾਜਮਾਨ ਕਰਕੇ ਹਰ ਪ੍ਰਕਾਰ ਲੋੜੀਂਦੀ ਸੇਵਾ ਕੀਤੀ ਜਾਂਦੀ ਹੈ, ਅੰਦਰ ਸਿੰਘਾਸਨ ਆਦਿ ਸਾਰੇ ਅਸਥਾਨਾਂ ਵਿਚ ਦਹੀਂ ਨਾਲ ਅਸ਼ਨਾਨ ਕਰਵਾਕੇ ਸੁਗੰਧਤ ਪਦਾਰਥ ਛਿੜਕੇ ਜਾਂਦੇ ਤੇ ਰੋਸ਼ਨੀ ਹੋਂਦੀ ਹੈ, ਇਕ ਦਿਨ ਪਿਛੋਂ ਮਹਲਾ ਚੜ੍ਹਕੇ ਦੁਸੈਹਰੇ ਦੀ ਤਰਾਂ ਸਮਾਪਤੀ ਹੁੰਦੀ ਹੈ।

**(ਸ) ਹੋਲਾ ਮਹਲਾ**--ਪੋਹ ਸੁਦੀ ਸਤਵੀਂ ਤੋਂ ਜਿਥੇ ਬਸੰਤ ਰਾਗ ਦਾ ਆਲਾਪ ਤੇ ਕੀਰਤਨ ਹੋਂਦਾ ਹੈ ਉਥੇ ਇਕਾਦਸੀ ਤੋਂ ਗੁਲਾਲ ਸ਼ਸਤ੍ਰ ਅਸਤ੍ਰਾਂ ਤੇ ਸੰਗਤਾਂ ਪਰ ਛਿੜਕਨਾ ਭੀ ਸ਼ੁਰੂ ਹੋ ਜਾਂਦਾ ਹੈ, ਪੂਰਨਮਾਸ਼ੀ ਤੋਂ ਦੂਜੇ ਦਿਨ ਤਖਤ ਸਾਹਿਬ ਤੋਂ ਨਸ਼ਾਨਾਂ ਦੀ ਤਾਬਿਆ ਮਹਲਾ ਚੜ੍ਹਦਾ ਹੈ ਤੇ ਸ਼ਹਿਰ ਨਦੇੜ ਦੇ ਪਿਛੋਂ ਹੋਕੇ ਸੰਗਤ ਸਾਹਿਬ ਦੀਵਾਨ ਸਜਦਾ ਹੈ, ਫੇਰ ਗੁਦਾਵਰੀ ਦੇ ਕਨਾਰੇ ਨਗੀਨਾ ਘਾਟ ਤੇ ਪੁਜਕੇ ਦੀਵਾਨ ਵਿਚ ਕੀਰਤਨ ਵਿਖਿਆਨ ਵੀਚਾਰ ਹੋਕੇ ਰਾਤ ਦੇ ੨ ਵਜੇ ਹਜ਼ੂਰ ਵਿਚ ਆਕੇ ਸਮਾਪਤੀ ਹੋਂਦੀ ਹੈ।

## ਹਰ ਇਕ ਮਹੱਲੇ ਤੇ ਨਾਲ ਕੀ ਹੋਂਦਾ ਹੈ ?

ਹਰ ਇਕ ਮਹਲੇ ਤੇ ੭ ਯਾ ਪੰਜ ਯਾ ੨ ਨਿਸ਼ਾਨ ਸਾਹਿਬ, ਧੌਂਸਾ ਨਗਾਰਾ, ਕੌਤਲ, ਆਸੇ ਚਾਂਦੀ ਦੇ, ਅਤੇ ਹਰ ਇਕ ਸਿੰਘ ਪਾਸ ਖੰਡੇ, ਸ੍ਰੀ ਸਾਹਿਬ ਤੇ ਰਾਮ ਜੰਗੇ, ਪਿਸਤੌਲ, ਬਰਛੇ, ਢਾਲੇ, ਰਹਿਕਲੇ ਤੇ ਕਟਾਰ ਆਦਿ ਸ਼ਸਤ੍ਰ ਮੌਜੂਦ ਹੋਂਦੇ ਹਨ ਗੋਲੇ ਰਾਮ ਜੰਗੇ ਚਲਾਏ ਜਾਂਦੇ ਹਨ, ਸ਼ਸਤ੍ਰ ਖੇਲਦੇ ਤੇ ਕੀਰਤਨ ਕਰਦੇ ਥੋੜੇ ਦੂਰ ਜਾਕੇ ਸਭ ਸਿੰਘ ਹਲਾ ਕਰ ਦੇਂਦੇ ਹਨ ਇਥੇ ਹੀ ਪਹਿਲੇ ਕਿਸੀ ਗਲਤ ਫਹਿਮੀ ਕਰਕੇ ਸ਼ਹਿਰੀ ਤੁਰਕਾਂ ਨਾਲ ਜੰਗ ਹੋ ਜਾਂਦਾ ਸੀ, ਪਰੰਤੂ ਹੁਣ ਪੁਲੀਸ ਤੇ ਫੌਜ ਦਾ ਨਾਲ ਇੰਤਜ਼ਾਮ ਹੋਂਦਾ ਹੈ, ਇੰਤਜ਼ਾਮ ਦੀ ਨਿਗਰਾਨੀ ਵਾਸਤੇ ਸਾਰੇ ਜ਼ਿਲੇ ਦੇ ਔਫੀਸਰ ਸ਼ਾਮਲ ਹੋਂਦੇ ਹਨ ।

## ਮਹਲਿਆਂ ਸਬੰਧੀ ਵਿਚਾਰ

ਭਾਵੇਂ ਰਵਾਜ ਬਹੁਤ ਚੰਗਾ ਹੈ ਤਾਂ ਭੀ ਇਸਨੂੰ ਹੋਰ ਚੰਗਾ ਬਣੌਨ ਵਾਸਤੇ ਮਹਲਿਆਂ ਦੇ ਅਗਲੇ ਪਿਛਲੇ ਦਿਨਾਂ ਵਿਚ ਰੋਜ਼ਾਨਾ ਹਸਬ ਮਾਮੂਲ ਦੀਵਾਨਾਂ ਦੇ, ਰੋਜ਼ਾਨਾ ਸ਼ਾਮ ਨੂੰ ੨ ਤੋਂ ਪੰਜ ਤਕ ਤੇ [illegible] ਤੋਂ [illegible] ਤਕ ਰਾਤ ਨੂੰ ਦੀਵਾਨ ਸਜਣ ਦਾ ਪ੍ਰਬੰਧ ਹੋਯਾ ਕਰੇ ਜਿਨ੍ਹਾਂ ਵਿਚ ਬਾਹਰੋਂ ਆਏ ਗੁਣੀ ਗਿਆਨੀ ਤੇ ਹੋਰ ਸਤਕਾਰ ਯੋਗ ਪੰਥ ਦੇ ਸ਼ੁਭ ਚਿੰਤਕ ਸਜਨਾਂ ਵਲੋਂ ਪੰਥ ਤੇ ਧਰਮ ਦੀ ਉੱਨਤੀ ਸਬੰਧੀ ਪ੍ਰਚਾਰ ਤੇ ਵੀਚਾਰ ਹੋਇਆ ਕਰੇ ਤੇ ਮਹਲਾ ਬਕਾਇਦਾ [illegible]ਕੇ ਨਾਲ ਚੜਿਆ ਕਰੇ, ਅਰਥਾਤ ਅਗੇ ਸੇਵਾ ਦਾਰ ਸਵਾਰ, ਰੌਸ਼ਨ [illegible] ਵਾਲੇ, ਧੌਂਸੇ ਨਗਾਰੇ, ਕੋਤਲ, ਸ਼ਸਤ੍ਰ ਵਿਦਿਆ ਹੁਨਰ ਦਰਸਾਊ ਜਥੇ, [illegible]ਬਦੀ ਜਥੇ ਤੇ ਨਸ਼ਾਨ ਸਾਹਿਬ, ਫਿਰ ਸ਼ਬਦੀ ਜਥੇ ਤੇ ਮਾਈਆਂ [illegible]ੀ ਸੰਗਤ, ਇਹਨਾਂ ਦੇ ਪਿਛੇ ਤੇ ਪਾਸਿਆਂ ਵਲ ਸੇਵਾਦਾਰ,

ਸਰਕਾਰੀ ਕਰਮਚਾਰੀ ਤੇ ਮੁਲਾਜ਼ਮ ਹੋਣ, ਨੀਯਤ ਕੀਤੇ ਸੇਵਾਦਾਰਾਂ ਤੋਂ ਬਿਨਾਂ ਐਧਰ, ਓਧਰ ਅਗੇ ਪਿਛੇ ਮਨ ਮਰਜੀ ਨਾਲ ਬਿਨਾਂ ਜਰੂਰਤ ਕੋਈ ਨਾ ਟੁਰੇ ਫਿਰੇ, ਹੋਰ ਸਾਰੇ ਹੀ ਦੋ ਦੋ, ਚਾਰ ਚਾਰ, ਦੀ ਕਤਾਰ ਵਿਚ ਸਜਕੇ ਚਲਣ ਵਿਸ਼ੇਸ਼ ਕਰ ਸੰਗਤ ਸਾਹਿਬ, ਨਗੀਨਾ ਘਾਟ ਤੇ ਤਖਤ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ, ਕਵਿਤਾ ਤੇ ਵਿਖਿਆਨ ਦੁਆਰੇ ਗੁਰਮਤ ਵੀਚਾਰ ਪੰਥ ਉੱਨਤੀ ਤੇ ਸੁਧਾਰ ਦੇ ਵੀਚਾਰ ਹੋਇਆ ਕਰਨ।

**ਗੁਰਪੁਰਬ**—ਭਾਵੇਂ ਇਥੇ ਪਰੰਪਰਾ ਤੋਂ ਕਤਕ ਸ਼ੁਦੀ ਪੰਚਮੀ ਹੀ ਦਸਮੇਸ਼ ਜੋਤੀ ਜੋਤ ਦਾ ਗੁਰਪੁਰਬ ਮਨੀਂਦਾ ਸੀ, ਪਰੰਤੂ ਕੁਛ ਸਾਲਾਂ ਤੋਂ ਪੋਹ ਸੁਦੀ ਸਤਵੀਂ, ਕਤਕ ਪੂਰਨਮਾਸ਼ੀ ਆਦਿ ਗੁਰਪੁਰਬ ਭੀ ਬੜੀ ਚੰਗੀ ਰੌਣਕ ਨਾਲ ਮਨਾਏ ਜਾਂਦੇ ਹਨ ਤੇ ਨਗਰ ਕੀਰਤਨ ਪੁਰੇ ਵਿਚ ਹੋਂਦਾ ਹੈ ਪਰੰਤੂ ਲੋੜ ਹੈ ਕਿ ਇਥੇ ਜਿਸਤਰਾਂ ਸਾਰੇ ਗੁਰਪੁਰਬ ਮਨਾਏ ਜਾਣੇ ਚਾਹੀਦੇ ਹਨ, ਇਸੀਤਰਾਂ ਸ਼ਹਿਰ ਅਲਾਕੇ ਦੇ ਪਤਵੰਤੇ, ਜਗੀਰ ਤੇ ਟਾਂਡਿਆਂ ਦੇ ਜ਼ਿਮੀਂਦਾਰ ਤੇ ਵਨਜਾਰੇ ਮੰਡੀਆਂ ਤੇ ਛਾਵਨੀਆਂ ਚੋਂ ਸਿਖ ਖਾਸ ਤੌਰ ਤੇ ਬੁਲਾਏ ਜਾਇਆ ਕਰਨ, ਪੁਰੇ ਦੀਆਂ ਸਾਰੀਆਂ ਸੰਗਤਾਂ ਹਿਸਾ ਲੈਣ ਤੇ ਮਰਾਠੀ ਆਦਿ ਭਾਸ਼ਾ ਵਿਚ ਭੀ ਜਿਸ ਗੁਰੂ ਜੀ ਦਾ ਜੋ ਪੁਰਬ ਹੋਵੇ ਉਸੀ ਸਬੰਧੀ ਵਿਸ਼ੇਸ਼ ਪ੍ਰਚਾਰ ਹੋਵੇ।

**ਚੌਂਕੀ ਸਾਹਿਬ**—ਪਹਿਲੇ ਸਾਲ ਵਿਚ ਇਕ ਚੌਂਕੀ ਪੰਜਾਬ ਆਦਿ ਵਲ ਤੇ ਇਕ ਚੌਕੀ ਦਖਨ ਦੇ ਗੁਰਦੁਆਰਿਆਂ ਲਈ ਚੜਦੀ ਸੀ, ਅਤੇ ਹੁਣ ਸਿਰਫ ਇਕ ਚੌਂਕੀ ਸੰਗਤ ਸਾਹਿਬ, ਹੀਰਾ ਘਾਟ, ਮਾਤਾ ਸਾਹਿਬ ਘਾਟ ਤੇ ਸ਼ਿਕਾਰਘਾਟ ਜਾਂਦੀ ਹੈ, ਪਰੰਤੂ ਲੋੜ ਇਹ ਹੈ ਕਿ ਇਕ ਚੌਂਕੀ ਬੰਦੇ ਘਾਟ, ਨਗੀਨਾ ਘਾਟ, ਸੰਗਤ ਸਾਹਿਬ, ਮਾਲ ਟਕੜੀ, ਹੀਰਾ ਘਾਟ, ਮਾਤਾ ਸਾਹਿਬ ਘਾਟ, ਸ਼ਿਕਾਰ ਘਾਟ ਜਾਇਆ ਕਰੇ ਤੇ ਦੂਜੀ ਨਜਾਮਾਵਾਦ, ਹੈਦਰਾਬਾਦ, ਬੰਦਰ ਨਾਨਕਝੇਰਾ ਤੇ ਤੀਜਾ ਜਾਲਨਾ, ਔਰੰਗਾਵਾਦ

ਬਸਮਤ, ਬਾਸਮ, ਇੰਗੋਲੀ, ਬੁਰਹਾਨ ਪੁਰ ਤਕ ਪੁਜਿਆ ਕਰੇ ਕਿਉਂਕਿ ਇਸਤਰਾਂ ਜਿਥੇ ਗੁਰਦੁਆਰਿਆਂ ਦੀ ਸੰਭਾਲ ਬਨੀ ਰਹੇਗੀ ਉਥੇ ਸਿਖੀ ਪ੍ਰਚਾਰ ਦਾ ਭੀ ਵਾਧਾ ਹੋਵੇਗਾ, ਜੋ ਚੌਂਕੀ ਪਹਿਲੇ ਦਖਨ ਦੇ ਬੇੜਿਆਂ ਵਿਚ ਜਾਂਦੀ ਸੀ ਜੇ ਉਹੀ ਜਾਰੀ ਕੀਤੀ ਜਾਏ ਤਾਂ ਭੀ ਬਹੁਤ ਪ੍ਰਚਾਰ ਤੇ ਆਮਦਨ ਵਿਚ ਵਾਧਾ ਭੀ ਹੋ ਸਕਦਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ—

ਕਿਤਨੇ ਹੀ ਪ੍ਰੇਮੀ ਸ੍ਰੀ ਹਜ਼ੂਰ ਸਾਹਿਬ ਜੀ ਖੁਲ੍ਹੇ, ਸਪਤਾਹਕ, ਅਖੰਡ ਤੇ ਸੰਪਟ ਪਾਠ ਭੀ ਅਕਸਰ ਆਕੇ ਯਾ ਘਰੋਂ ਹੀ ਲਿਖਾ ਪੜੀ ਦੁਆਰਾ ਕਰਾਉਣ ਦਾ ਯਤਨ ਕਰਦੇ ਹਨ ਜੋ ਇਕ ਪਵਿਤਰ ਤੇ ਸ਼ੁਭ ਕੰਮ ਹੈ ਪਰੰਤੂ ਇਥੇ ਪਾਠ ਤੇ ਖਰਚ ਇਸਤਰਾਂ ਹੁੰਦਾ ਹੈ।

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਖ਼ਰਚ

| ਸਾਧਾਰਨ ਪਾਠ | | ਸਪਤਾਹਕ ਪਾਠ | |
|---|---|---|---|
| ਪੁਸ਼ਪ ਪਤਾਸੇ | ॥=) | ਪੁਸ਼ਪ ਪਤਾਸੇ | ॥=) |
| ਰਮਾਲ ਗੋਲਕ | ੨॥) | ਰਮਾਲ ਗੋਲਕ | ੨॥) |
| ਕੜਾਹ ਪ੍ਰਸ਼ਾਦਿ | ੧।) | ਕੜਾਹ ਪ੍ਰਸ਼ਾਦਿ | ।) |
| ਥਾਲ ਪੰਜ | ੭॥) | ਥਾਲ ਪੰਜ ਭੇਟ | ੭॥) |
| ਪਾਠੀ | ੫) | ਪਾਠੀ ਦੋਹਾਂ ਨੂੰ | ੧੧) |
| ਅਰਦਾਸੇ | ੩॥) | ਅਰਦਾਸੇ | ੫) |
| ਦੇਗ | ੧॥) | ਸੇਵਾਦਾਰ ਅਰਦਾਸੇ ਹੋਰ ਫੁਟਕਲ | ੩=) |

## ਸਾਧਾਰਣ ਯਾ ਅਖੰਡ ਪਾਠ

ਦਸਮ ਗ੍ਰੰਥ ਸਾਹਿਬ ਜੀ ਦੇ ਪਾਠ ਭੀ ਕਰਨ ਕਰੌਣ ਦੀ ਇਥੇ ਮ੍ਰਯਾਦਾ ਪ੍ਰਚਲਤ ਹੈ ਅਤੇ ਬਹੁਤੇ ਪ੍ਰੇਮੀ ਅਕਸਰ ਅਖੰਡ ਪਾਠ ਭੀ ਕਰਾਂਦੇ ਹਨ। ਖਰਚ ਹੋਰ ਤਾਂ ਵੈਸਾ ਹੀਹੈ ਪ੍ਰੰਤੂ ਪਾਠੀ ਨੂੰ ਕੁਛ ਵਧੀਕ ਮਾਇਆ ਦਿਤੀ ਜਾਂਦੀ ਹੈ ਤੇ ਕੁਛ ਹੋਰ ਭੀ ਥੋੜਾ ਹੀ ਵਾਧਾ ਹੈ।

## ਸੰਪਟ ਪਾਠ

ਇਸ ਪਾਠ ਤੇ ਅਖੰਡ ਪਾਠ ਨਾਲੋਂ ਦੁਗਨੀ ਤੋਂ ਭੀ ਵਧੀਕ ਮਾਇਆ ਖਰਚ ਹੋ ਜਾਂਦੀ ਹੈ ਤੇ ਕੋਈ ੨ ਕਰਾਂਦਾ ਹੈ।

## ਅਖੰਡ ਪਾਠ

॥=) ਪਤਾਸੇ ਪੁਸ਼ਪ
੨॥) ਪ੍ਰਸ਼ਾਦਿ
੨॥) ਗੋਲਕ ਰਮਾਲ
੫) ਅਰਦਾਸੇ ਸਵਾਦਾਰ
੭॥) ਪੰਜ ਥਾਲ ਭੋਗ
੩੦) ਸਿਰੋਪਾ, ਲੰਗਰ ਗੋਲਕ ਫ਼ੰਡ
੧੦) ਸਿਖ ਬੁਆਇਜ਼ ਸਕੂਲ
੧੨॥) ਧੂਪ ਦੀਪ
੧੨॥) ਪਾਠ ਜਪੁਜੀ
੨੫) ਪਾਠੀ ਅਖੰਡ

ਇਸ ਪਾਠ ਸਬੰਧੀ ਖਰਚ ਪਰ ਵੀਚਾਰ ਇਹ ਹੈ ਕਿ ਭਾਵੇਂ ਇਸ ਤੋਂ ਵਧੀਕ ਭੀ ਕਿਤਨੇ ਹੀ ਪ੍ਰੇਮੀ ਖਰਚ ਕਰ ਦੇਂਦੇ ਹਨ ਪਰੰਤੂ ਲੋੜ ਹੈ ਕਿ ਹਰ ਇਕ ਲਈ ਘਟ ਤੋਂ ਘਟ, ਖਰਚ ਦੀ ਹਦ ਮੁਕੱਰਰਾ ਇਕ ਹੋਵੇ ਤਾਂਕਿ ਗ਼ਰੀਬ ਭੀ ਉਹ ਕੁਛ ਕਰ ਸਕਣ ਜੋ ਧਰਮ ਦੇ ਨਾਮ ਪਰ ਅਮੀਰ ਕਰਦੇ ਹਨ।

**ਅਰਦਾਸੇ**—ਜੋ ਸਜਣ ਇਹ ਜਾਣਨਾ ਚਾਹੁੰਦੇ ਹਨ ਕਿ ਅਰਦਾਸੇ ਕੀ ਹੁੰਦੇ ਹਨ ? ਉਹਨਾਂ ਨੂੰ ਮਾਲੂਮ ਹੋਵੇ ਕਿ ਖਾਲਸਾ ਪੰਥ ਯਾ ਸਿਖ ਧਰਮ ਵਿਚ ਜੋ ਕਿਸੀ ਧਾਰਮਕ ਸੇਵਾ ਕਰਨ ਵਾਲੇ ਯਾ ਧਾਰਮਕ ਤਰੀਕੇ ਨਾਲ (ਪਾਠ, ਕੀਰਤਨ, ਕਥਾ ਵਿਖਿਆਨ ਤੇ ਸਤਿ ਸੰਗ ਆਦਿ ਕਰਕੇ) ਜੀਵਨ ਗੁਜ਼ਾਰਨ ਵਾਲੇ ਲੋੜਵੰਦ

ਨੂੰ ਬਿਨਾਂ ਮੰਗਿਆਂ ਪਦਾਰਥ ਯਾ ਨਗਦੀ ਕੁਛ ਹਾਜ਼ਰ ਕਰ ਦਿਤਾ ਜਾਏ, ਉਸ ਨੂੰ ਅਰਦਾਸ ਆਖਦੇ ਹਨ ਕਿਉਂਕਿ ਲੈਣ ਵਾਲਾ ਅਰਦਾਸ ਦੇ ਕੁਛ ਲਫਜ਼ ਉਚਾਰਦਾ ਹੈ ਇਸ ਲਈ ਅਸੇ ਦਿਤੇ ਪਦਾਰਥ ਨੂੰ ਭੀ ਅਰਦਾਸਾ ਕਹਿੰਦੇ ਹਨ।

ਸ੍ਰੀ ਹਜ਼ੂਰ ਸਾਹਿਬ ਜੀ ਦੇ ਪੁਜਾਰੀ ਗ੍ਰੰਥੀ ਰਾਗੀ ਗਿਆਨੀ ਆਦਿਕਾਂ ਦੀਆਂ ਤਨਖ਼ਾਹ ਤੋਂ ਪਤਾ ਲਗਦਾ ਹੈ ਕਿ ਜੇਕਰ ਇਹ ਸੁਕੇ ਦਾਨੇ ਜਵਾਰੀ ਫਕਨਾਂ ਚਾਹੁਣ ਤਦ ਭੀ ਪ੍ਰਵਾਰ ਵਿਚ ਗੁਜ਼ਾਰਾ ਇਸ ਤਨਖਾਹ ਨਾਲ ਮੁਸ਼ਕਲ ਹੈ ਕਿਉਂਕਿ ਇਥੇ ਰੁਪਿਆ ਭੀ ॥।–) ਦਾ ਹੁੰਦਾ ਹੈ ਇਸ ਲਈ ਪਰੰਪਰਾ ਤੋਂ ਮਰਯਾਦਾ ਹੈ ਕਿ ਇਥੇ ਆਏ ਯਾਤਰੂ ਯਥਾ ਸ਼ਕਤ ਇਹਨਾਂ ਨੂੰ ਦਮੜੇ ਬਸਤ੍ਰ ਆਦਿ ਅਰਦਾਸੇ ਦੇਂਦੇ ਹਨ ਕੋਈ ਦਰਬਾਰ ਵਿਚ ਹੀ ਪ੍ਰੇਮ ਨਾਲ ਹਾਜ਼ਰ ਕਰਦਾ ਹੈ ਕੋਈ ਡੇਰੇ ਜਾਕੇ ਹਾਜ਼ਰ ਕਰ ਆਂਵਦਾ ਹੈ ਕਿਉਂਕਿ ਗੁਰੂ ਜੀ ਦਾ ਵਾਕ ਹੈ "ਲੋੜਵੰਦ ਦੀ ਰਸਨਾ ਨੂੰ ਗੁਰੂ ਕੀ ਗੋਲਕ ਸਮਝੈ"।

ਇਸੀ ਕਰਕੇ ਬਿਹੰਗਮਾਂ, ਨਿਹੰਗ ਸਿੰਘਾਂ, ਨਿਰਮਲਿਆਂ, ਅਤਿਥੀਆਂ, ਅਭਯਾਗਤਾਂ, ਗੁਣੀਗਯਾਨੀਆਂ, ਅੰਗਹੀਨ ਹੋਰ ਅਪਾਹਜ ਤੇ ਗ੍ਰੰਥੀ ਰਾਗੀ ਆਦਿਕਾਂ ਵਲ ਦਾਨੀ ਉਪਕਾਰੀ ਲੋਕੀਂ ਖਿਆਲ ਰਖਦੇ ਹਨ, ਪਰੰਤੂ ਹਜ਼ੂਰ ਸਾਹਿਬ ਵਿਚ ਪ੍ਰਬੰਧਕਾਂ ਵਲੋਂ ਕਿਸੀ ਨੂੰ ਕੁਛ ਦੇਣ ਦੀ ਯਾ ਕਿਸੀ ਨੂੰ ਕਿਸੀ ਤੋਂ ਲੈਣ ਦੀ ਮਨਾਹੀ ਪਰਗਟ ਕੀਤੀ ਜਾਂਦੀ ਹੈ ਜੋ ਮਹਿਕਮਾਨਾ ਤਰੀਕੇ ਨਾਲ ਇਸੀ ਤਰਾਂ ਦਰੁਸਤ ਹੈ ਤੇ ਚਾਹੀਏ, ਪਰੰਤੂ ਅਸੀਂ ਯਾਤਰੂ ਆਪਣੇ ਧਾਰਮਕ ਤਰੀਕੇ ਨਾਲ ਇਥੇ ਪੁਜਦੇ ਹਾਂ ਇਸ ਲਈ ਜੇ ਕਿਸੀ ਨੂੰ ਅਰਦਾਸ ਕਰਾਈਏ ਤਾਂ ਲੈਣ ਦੇਣ ਵਾਲਿਆਂ ਲਈ ਕੋਈ ਗੁਨਾਹ ਨਹੀਂ ਹੈ ਇਸ ਲਈ ਹਰ ਇਕ ਸਜਣ ਆਪਣੇ ਧਾਰਮਕ ਭਾਵ ਨਾਲ ਜਿਸ ਨੂੰ ਜੋ ਚਾਹੇ ਦੇ ਸਕਦਾ ਹੈ।

**ਫੰਡ**—ਭਾਵੇਂ ਫੰਡ ਤਾਂ ਬਹੁਤ ਹਨ, ਪਰੰਤੂ ਮੁਖ ਫੰਡ

ਜੋ ਹਜ਼ੂਰ ਸਾਹਿਬ ਜੀ ਵਿਖੇ ਹੈਨ ਤੇ ਹੋਣੇ ਚਾਹੀਏ ਓਹ ਅਗੇ ਲਿਖੇ ਅਨੁਸਾਰ ਹਨ–

੧. ਗੋਲਕ ਫੰਡ
੨. ਕੜਾਹ ਪ੍ਰਸਾਦਿ ਫੰਡ
੩. ਲੰਗਰ ਫੰਡ
੪. ਦੇਗ ਸ਼ਹੀਦੀ ਫ਼ੰਡ
੫. ਸੰਗ ਮਰਮਰ ਫ਼ੰਡ
੬. ਨਕਾਸ਼ੀ ਫ਼ੰਡ
੭. ਸੁਪੈਦੀ ਫ਼ੰਡ
੮. ਸੁਨੈਹਰੀ ਪਤਰਾ ਫ਼ੰਡ
੯. ਅਮਾਰਤ ਫ਼ੰਡ
੧੦. ਮੁਰੰਮਤ ਫੰਡ
੧੧. ਪ੍ਰਚਾਰ ਫ਼ੰਡ
੧੨. ਸਬੰਧਤ ਬੁੰਗੇ ਸੇਵਾ ਫ਼ੰਡ
੧੩. ਸਬੰਧਤ ਗੁਰਦੁਆਰੇ ਫ਼ੰਡ
੧੪. ਮਾਤਾ ਘਾਟ ਗੁ: ਫ਼ੰਡ
੧੫. ਧਰਮ ਪ੍ਰਚਾਰ ਫ਼ੰਡ
੧੬. ਹਜ਼ੂਰੀ ਲਾਇਬਰੇਰੀ ਫ਼ੰਡ
੧੭. ਅਮਲ ਕੁਠਾਰ ਫ਼ੰਡ
੧੮. ਵਜ਼ੀਫ਼ਾ ਫ਼ੰਡ
੧੯. ਇੰਡਸਟਰੀ ਸਕੂਲ ਫ਼ੰਡ
੨੦. ਹਜ਼ੂਰੀ ਬੋਰਡਿੰਗ ਫ਼ੰਡ
੨੧. ਸਿਖਆਇਜ਼ ਸਕੂਲ ਫ਼ੰਡ
੨੨. ਹਸਪਤਾਲ ਫੰਡ
੨੩. ਵਨਜਾਰਾ ਸੁਧਾਰ ਫ਼ੰਡ
੨੪. ਬਦੇਸੀ ਸਹਾਇਕ ਫ਼ੰਡ
੨੫. ਬਿਹੰਗਮ ਫ਼ੰਡ
੨੬. ਅਨਾਥ ਉਧਾਰ ਫ਼ੰਡ
੨੭. ਰੌਸ਼ਨੀ ਫੰਡ

ਭਾਵੇਂ ਇਹਨਾਂ ਫੰਡਾਂ ਤੋਂ ਅਲਾਵਾ ਹੋਰ ਭੀ ਜਿਸ ਲੋੜੀਂਦੇ ਕੰਮ ਵਿਚ ਜੋ ਕੁਛ ਕੋਈ ਚਾਹੇ ਦੇ ਸਕਦਾ ਹੈ, ਪਰੰਤੂ ਇਹਨਾਂ ਵਿਚੋਂ ਜਿਸਨੂੰ ਕੁਛ ਦੇਣਾ ਹੋਵੇ ਸੋਚ ਸਮਝਕੇ ਦਿਤਾ ਜਾਏ ਕਿਉਂਕਿ ਪ੍ਰਬੰਧਕਾਂ ਨੂੰ ਇਥੋਂ ਦੇ ਦਸਤੂਰਲਅਮਲ ਅਨੁਸਾਰ ਕਿਸੀ ਇਕ ਫ਼ੰਡ ਦੀ ਰਕਮ ਦੂਜੇ ਫ਼ੰਡ ਵਿਚ ਖਰਚਨ ਦਾ ਹਕ ਨਹੀਂ ਹੈ ਅਤੇ ਨਾਂ ਹੀ ਉਨ੍ਹਾਂ ਨੇ ਕੋਈ ਐਸਾ ਕਾਇਦਾ ਸੰਗਤਾਂ ਦੀ ਪ੍ਰਵਾਨਗੀ ਨਾਲ ਬਨਾਯਾ ਹੈ।

**ਕੜਾਹ ਪ੍ਰਸ਼ਾਦ ਫ਼ੰਡ**–ਪਸ਼ੌਰ ਤੋਂ ਲੈਕੇ ਕਲਕਤੇ ਕਰਾਂਚੀ, ਬੰਬਈ ਤੇ ਕਸ਼ਮੀਰ ਤਕ ਵੇਖਨ ਤੋਂ ਪਤਾ ਲਗਦਾ ਹੈ ਕਿ ਬਹੁਤ ਥਾਈਂ ਸੰਗਤਾਂ ਨੇ ਕੜਾਹ ਪ੍ਰਸਾਦਿ ਦੇ ਫੰਡ ਵਿਚ

ਆਈ ਮਾਇਆ ਦਾ ਚੌਥਾ, ਤੀਜਾ ਹਿਸਾ ਯਾ ਅਧ ਤੋਂ ਵਧੀਕ ਉਸ ਫ਼ੰਡ ਵਿਚੋਂ ਨਾਲ ਦੀ ਨਾਲ ਕਿਸੀ ਦੂਸਰੇ ਪਾਸੇ ਖਰਚਨ ਲਈ ਕਾਇਦਾ ਬਨਾਯਾ ਹੋਯਾ ਹੈ ਪਰੰਤੂ ਇਥੇ ਐਸਾ ਨਹੀਂ ਹੈ।

ਜਦ ਹੋਰ ੨ ਜ਼ਰੂਰਤਾਂ ਵਿਦਿਆ ਪ੍ਰਚਾਰ, ਧਰਮ ਪ੍ਰਚਾਰ, ਅਮਲ ਕੁਠਾਰ, ਇੰਡਸਟਰੀ ਵਜ਼ੀਫੇ ਬੌਰਡਿੰਗ ਤੇ ਬਨਜਾਰਾ ਸੁਧਾਰ, ਆਦਿਕ ਫ਼ੰਡਾ ਆਮਦਨ ਨਾਲੋਂ ਵਧੀਕ ਖਰਚ ਵਾਲੀਆਂ ਹਨ ਫਿਰ ਕਿਉਂ ਨਾ ਇਥੋਂ ਦੇ ਗੋਲਕ, ਕੜਾਹ, ਲੰਗਰ, ਦੇਗ, ਸੰਗਮਰਮਰ, ਨਕਾਸੀ, ਸੁਪੇਦੀ, ਸੁਨੈਹਰੀ ਤੇ ਰੋਸ਼ਨੀ ਆਦਿ ਫੰਡਾਂ ਤੋਂ ਇਹਨਾਂ ਲਈ ਮਦਤ ਲੀਤੇ ਜਾਣ ਵਾਸਤੇ ਕੋਈ ਕਾਯਦਾ ਬਨਾਇਆ ਜਾਵੇ ?

ਮੇਰਾ ਖਿਆਲ ਹੈ ਆਪਣੇ ਦਰਦਵੰਦ ਦਿਲ ਤੋਂ ਸਰਬ-ਰਾਹ ਸਾਹਿਬ ਜਰੂਰ ਸਲਾਹ ਪੁਛਨਗੇ ਤੇ ਉਸਦੀ ਆਵਾਜ ਨੂੰ ਅਮਲ ਵਿਚ ਲਿਆਉਨ ਲਈ ਯੋਗ ਪਰਬੰਧ ਵਲ ਜ਼ਰੂਰ ਧਿਆਨ ਦੇਣਗੇ।

**ਲਾਇਬ੍ਰੇਰੀ**—ਆਮ ਪੰਥ ਦੇ ਰਵਾਜ ਅਨੁਸਾਰ ਗੁਰ-ਦੁਆਰਿਆਂ ਵਿਚ ਹਰ ਕਿਸਮ ਦੇ ਪੁਸਤਕ ਹਰ ਥਾਂ ਮੌਜੂਦ ਸਨ, ਪਰੰਤੂ ਹੁਣ ਪੜ੍ਹਨ, ਸੁਣਾਣ ਤੇ ਪੜ੍ਹਾਨ ਦਾ ਸਿਲਸਿਲਾ ਬਦਲ ਜਾਨ ਤੇ ਰਖਣ ਦਾ ਭੀ ਰਵਾਜ ਜੋ ਹੋਰ ਸ਼ਕਲ ਅਖਤਿਆਰ ਕਰ ਬੈਠਾ ਹੈ ਓਹ ਹੈ 'ਪੁਸਤਕਾਲੇ—ਲਾਇਬਰੇਰੀ' ਜਿਸਨੂੰ ਸ੍ਰੀ ਹਜ਼ੂਰ ਸਾਹਿਬ ਵਿਚ, ਅਜ ਤੋਂ ੨੦—੨੫ ਸਾਲ ਪਹਿਲੋਂ ਸ੍ਰੀ ਮਾਨ ਹੈਡ ਗ੍ਰੰਥੀ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਸਿੰਘ ਜੀ ਨੇ ਜਨਮ ਦਿਤਾ ਸੀ ਪਰੰਤੂ ਜਦ ਆਪਨੇ ਨਿੰਗਰਾਨੀ ਸੇਵਾ ਭੁਯੰਗੀਆਂ ਦੇ ਹੀ ਹਥ ਸੌਪ ਦਿਤਾ ਤੇ ਭੁਯੰਗੀਆਂ ਨੂੰ ਇੰਤਜਾਮੀ ਪ੍ਰਬੰਧਕਾਂ ਦਾ ਭਉ ਭਰਮ ਵਿਆਪਿਆ, ਤਦ ਉਹਨਾਂ ਦੀ ਸਾਰੀ ਜਥੇਬੰਦੀ ਚੂਰ ੨ ਹੋਗਈ, ਕਿਆ ਚੰਗਾ ਹੋਵੇ ਕਿ ਇਸ ਲਾਇ-ਬਰੇਰੀ ਨੂੰ ਗੁਰਦੁਆਰੇ ਸਾਹਿਬ ਜੀ ਦਾ ਹੀ ਇਕ ਅੰਗ

ਬਣਾਕੇ ਇਸਦੇ ਵਧਾਵਨ ਚਲਾਵਨ ਵਲ ਸਰਬਰਾਹ ਜੀ ਧਿਆਨ ਰਖਿਆ ਕਰਨ ਤਾਂ ਕਿ ਨੌਜੁਵਾਨਾਂ ਦਾ ਵਕਤ ਫਜ਼ੂਲ ਗਸ਼ਤ ਤੇ ਸੜਕਾਂ ਦੇ ਕਨਾਰੇ ਬੈਠਕੇ ਗਪਾਸ਼ਟਕ ਵਿਚ ਬਰਬਾਦ ਹੋਣ ਦੇ ਬਜਾਇ ਕਿਸੀ ਭਲੇ ਪਾਸੇ ਗੁਜਰ ਸਕੇ ?

## ਮਜ਼ਹਬੀ (ਧਾਰਮਕ) ਕਮੇਟੀ

ਇਥੇ ਅਕਸਰ ਬਾਹਰੋਂ ਥਾਓਂ ਥਾਈਂ ਪੈਦਾ ਹੋਏ ਧਾਰਮਕ ਪ੍ਰਸ਼ਨਾਂ ਦੇ ਫੈਸਲੇ ਲਈ ਕਿਤਨੇਂ ਹੀ ਪਤਰ ਪੁਜਦੇ ਸੀ ਜੋ ਪੇਸ਼ ਤੇ ਵੀਚਾਰ ਕਰਕੇ ਸਾਰੇ ਉਤਰ ਨਹੀਂ ਸੀ ਜਾਂਦੇ, ਕਿਉਂਕਿ ਮੁਖ ਅਧਿਕਾਰੀ ਕੁਛ ਰਵਾਜ ਦੇ, ਕੁਛ ਇਤਿਹਾਸ ਦੇ, ਕੁਛ ਗੁਰ-ਬਾਨੀ ਦੇ ਨਿਸ਼ਾਨੇ ਪਰ ਖਿਆਲ ਰਖਦੇ ਸਨ ਤੇ ਸੂਰਮੇ ਸਿੰਘਾਂ ਵਾਲੇ ਹਾਥੀ ਪਰ ਆਪੋ ਵਿਚ ਡਾਗੋਂ - ਡਾਗੀ ਰਹਿੰਦੇ ਸਨ, ਤੇ ਫੈਸਲੇ ਭੀ ਇਸੇਤਰਾਂ ਹੋਂਦੇ ਸਨ।

ਇਸ ਲਈ ਲੋੜ ਸੀ ਇਕ ਧਾਰਮਕ ਕਮੇਟੀ ਬਨੇ ਜੋ ਆਈਆਂ ਪੁਛਾਂ ਦੇ ਉਤਰ ਦੇਵੇ, ਧਾਰਮਕ ਮਾਮਲੇ ਵਿਚ ਕੋਈ ਇੰਤਜਾਮੀ ਕਮੇਟੀ, ਦਖਲ ਦੇਵੇ ਤਦ ਓਹ ਰਕ ਥਾਮ ਕਰੇ, ਜਿਤਨੀ ਗੁਰਦੁਆਰੇ ਸਾਹਿਬ ਦੀ ਜਾਇਦਾਦ ਤੇ ਹੋਰ ਕਾਰਰਵਾਈ ਹੈ ਇਹ ਸਾਰੀ ਧਾਰਮਕ ਸਮਝ ਕੇ ਇਸਦੀ ਸੰਭਾਲ ਤੇ ਮੁਨਾਸਬ ਤਰੀਕੇ ਨਾਲ਼ ਹਰ ਗਲ ਦਾ ਪ੍ਰਬੰਧ ਕਰਾਵੇ, ਅਤੇ ਜਿਤਨੇ ਦੇਸ-ਭੇਦ ਕਰਕੇ ਗੁਵਾਂਢੀ ਰਵਾਜ ਖਾਲਸੇ ਦੀ ਘਰੀਂ ਯਾ ਵਰਤੋਂ ਤੇ ਗੁਰਦੁਆਰੇ ਸਾਹਿਬ ਜੀ ਦੀ ਨਿਤ ਕ੍ਰਿਤ ਵਿਚ ਪ੍ਰਵੇਸ਼ ਪਾ ਚੁਕੇ ਹੈਨ, ਉਨ੍ਹਾਂ ਪਰ ਧੀਰੇ ੨ ਕਾਬੂ ਪਾਵੇ ਮਗਰ ਪ੍ਰਤੀਤ ਹੋਂਦਾ ਹੈ ਕਿ ਕਮੇਟੀ ਤਾਂ ਬਨ ਗਈ ਪਰੰਤੂ ਕੰਮ ਬਜਾਏ ਸੁਧਾਰ ਦੇ ਕੇਵਲ ਹਥ ਠੋਕੇ (ਟੋਹਨੀ) ਦਾ ਹੀ ਦੇਂਦੀ ਹੈ? ਇਸ ਲਈ ਲੋੜ ਹੈ ਕਿ ਇਹ ਕਮੇਟੀ ਇਸਤਰਾਂ ਹੋਵੇ ਕਿ:-

(੧) ਇਸ ਦੇ ਮੈਂਬਰ ਹਜ਼ੂਰੀ ਮੁਖ ਅਧਕਾਰੀ ਹੋਂਨ ਪਰੰਤੂ ਪੰਥ ਦੇ ਪ੍ਰਸਿਧ ਵਿਦਵਾਨ ਸੰਪਰਦਾਈ ਤੇ ਟਕਸਾਲੀ ਗਿਆਨੀ, ਮੁਖ ੨ ਪੰਥਕ ਸੁਸਾਇਟੀਆਂ ਸੰਪ੍ਰਦਾਵਾਂ ਦੇ ਤਖ਼ਤਾਂ ਦੇ ਜਥੇਦਾਰ ਤੇ ਗਰੰਥੀ ਇਸਦੇ ਸਲਾਹ ਕਾਰ ਹੋਂਨ ਜੋ ਪਤਰ ਦੁਆਰਾ ਰਾਏ ਦੇਂਦੇ ਰ੍ਹੰਹਣ।

(੨) ਇਸਦਾ ਮਨੋਰਥ ਮੁਕਾਮੀ ਸੁਧਾਰ ਪ੍ਰਚਾਰ ਗੁਰ-ਮਤ ਅਨਕੂਲ ਕਰਦਿਆਂ, ਪੰਥਕ ਫੋਟਕ ਦੇ ਕਾਰਣਾਂ ਮਤ ਭੇਦਾਂ ਯਾ ਅਮਲੀ ਰਹੁ ਰੀਤ ਸਬੰਧੀ ਭੇਦਾਂ ਨੂੰ ਦੂਰ ਕਰਕੇ ਇਕ ਮਿਰਯਾਦਾ ਦੀ ਲੜੀ ਬਣਾਨੀ ਹੋਵੇ। ਮਸਲ਼ਨ, ਅੰਮ੍ਰਿਤ ਛਕਨ ਛਕਾਨ ਸਬੰਧੀ ਭੇਦ, ਕਕਾਰ ਧਾਰਨਾ ਸਬੰਧੀ ਭੇਦ, ਨਿਤਨੇਮ ਪਾਠ ਸਬੰਧੀ ਭੇਦ, ਕੇਸਾਂ ਦੇ ਅਦਬ ਸਬੰਧੀ ਭੇਦ, ਸ਼ਸਤ੍ਰ ਤੇ ਨਿਸ਼ਾਨ ਪੂਜਨ (ਸਤਿਕਾਰ) ਸਬੰਧੀ ਭੇਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਮੰਨਣ ਸਬੰਧੀ ਭੇਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸਤਕਾਰ ਸਬੰਧੀ ਭੇਦ, ਜਨਮ ਤੋਂ ਮਿਰਤੂ ਪ੍ਰਯੰਤ ਸੰਸਕਾਰਾਂ ਸਬੰਧੀ ਭੇਦ, ਪਾਠਾਂ ਸਬੰਧੀ ਭੇਦ, ਕੁਰੈਹਤੀਆਂ ਤਨਖਾਹੀਆਂ ਦੇ ਮੇਲ ਸਬੰਧੀ ਭੇਦ, ਅੰਮ੍ਰਤ ਧਾਰੀਆਂ ਬੇਅੰਮ੍ਰਿਤੀਆਂ ਵਿਚ ਸੰਪਰਦਾਯਕ ਭੇਦ, ਸਿਖ ਸਤ-ਕਾਰ ਭੇਦ, ਸੰਗਤ ਸਤਕਾਰ ਭੇਦ, ਪੰਥ ਸਤਕਾਰ ਭੇਦ ਅਤੇ ਹੋਰ ਅਨੇਕਾਂ ਤਨ, ਮਨ, ਧਨ ਦੀ ਵਰਤੋਂ ਤੇ ਗੁਰਮਤਿ ਉਪ-ਦੇਸ਼ਾਂ ਵਿਚ ਜੋ ਭੇਦ ਹਨ ਇਹਨਾਂ ਨੂੰ ਮਿਟਾਕੇ ਏਕਤਾ, ਮਿਲਾਪ ਦੇ ਵਾਧੇ ਲਈ "ਦੁਬਿਧਾ ਦੂਰ ਕਰਹੁ ਲਿਵ ਲਾਇ" ਗੁਰਵਾਕ ਤੇ ਅਮਲ ਕਰਨਾ ਹੋਵੇ ਇਸੇ ਵਿਚ ਪੰਥ, ਦਾ ਵਾਧਾ ਤੇ ਤਖਤ ਸਾਹਿਬ ਦਾ ਸਤਕਾਰ ਹੈ। ਭਰੋਸਾ ਹੈ ਇਸ ਕਮੇਟੀ ਤੇ ਪੰਥ ਦੇ ਸ਼ੁਭ ਚਿੰਤਕ ਆਪਣੇ ਆਪਣੇ ਫਰਜ ਵਲ ਧਿਆਨ ਦੇਣ ਦੀ ਖੇਚਲ ਕਰਨਗੇ ?

**ਮੋਦੀਖਾਨਾ**—ਸ੍ਰੀ ਹਜ਼ੂਰ ਸਾਹਿਬ ਦਰਬਾਰ ਦੇ ਸ਼ਹਿਰ

ਬਹੁਤ ਦੂਰ ਹੋਣ ਕਰਕੇ ਤੇ ਹਰ ਹੁਮੇਸ਼ ਬਾਜ਼ਾਰ ਜਾਣ ਆਣ ਦੀ ਖਜਾਲਤ ਤੋਂ ਬਚਣ ਲਈ ਲੋੜ ਅਨੁਸਾਰ ਹਰ ਇਕ ਚੀਜ਼ ਗੁਰੂ ਕੇ ਲੰਗਰ ਆਦਿ ਲਈ ਸੁਖੈਨ ਦਿਤੀ ਜਾਇਆ ਕਰੇ। ਇਸ ਵਾਸਤੇ ਇਕ ਦੁਕਾਨ ਮੋਦੀਖਾਨੇ ਦੇ ਨਾਮ ਪਰ ਖੁਲੀ ਹੋਈ ਹੈ ਪਰੰਤੂ ਕਈ ਕਾਰਨਾਂ ਕਰਕੇ ਇਹ ਐਸੀ ਮੁਫ਼ੀਦ ਨਹੀਂ ਸਾਬਤ ਹੋ ਸਕੀ ਜੈਸੀ ਕਿ ਹੋਣੀ ਚਾਹੀਏ।

ਭਾਵੇਂ ਇਸ ਦੇ ਪ੍ਰਬੰਧ ਵਿਚ ਕਈ ਵੇਰ ਹੇਰ ਫੇਰ ਹੋਏ ਹਨ ਪਰੰਤੂ ਲੋੜ ਨਹੀਂ ਪੂਰੀ ਹੋਈ। ਕਿਆ ਚੰਗਾ ਹੋਵੇ ਜੋ ਇਸ ਨੂੰ ਕਿਸੀ ਨੇਕ ਖੋਇ ਕਾਰਬਾਰੀ ਦੇ ਹਥ ਵਿਚ ਦਿਤਾ ਜਾਏ ਜੋ ਪੂਰਾ ਹਿਸਾਬੀ ਤੇ ਸਚਾਈ ਪਸਿੰਦ ਹੋਵੇ ਤੇ ਉਸ ਨੂੰ ਮੁਕੱਰਰਾ ਤਨਖਾਹ ਦਰਬਾਰ ਤੋਂ ਮਿਲੇ ੧ ਸੇਵਾਦਾਰ ਮਿਲੇ ਜੋ ਗੁਰਦੁਆਰੇ ਦੀ ਗੱਡੀ ਭੀ ਵਰਤ ਸਕੇ। ਇਸ ਤਰ੍ਹਾਂ ਜੋ ਕੁਛ ਭੀ ਲਾਭ ਹੋਵੇ ਕਿਸੀ ਲੋੜੀਂਦੇ ਫੰਡ ਵਿਚ ਵਰਤਿਆ ਜਾਏ।

ਭਾਵੇਂ ਇਹ ਕੰਮ ਮਿਹਨਤ ਤੇ ਕੋਸ਼ਿਸ਼ ਦਾ ਹੈ ਪਰੰਤੂ ਯਾਤਰੂਆਂ ਦਾ ਪੈਸਾ ਕਿਸੀ ਪੰਥਕ ਭਲਾਈ ਦੇ ਕੰਮ ਪਰ ਹੀ ਲਗੇ ਇਸ ਭਾਵ ਨੂੰ ਜ਼ਰੂਰ ਮਦਦ ਪੁਜ ਸਕੇਗੀ ਜੇ ਕਦੀ ਸਰਬਰਾਹ ਸਾਹਿਬ ਧਿਆਨ ਨਾਲ ਖੇਚਲ ਕਰਨ।

**ਬਗੀਚਾ**—ਗੋਬਿੰਦ ਬਾਗ ਤੇ ਹਜ਼ੂਰੀ ਬਗੀਚੇ ਦੇ ਨਾਮ ਪਰ ਜੋ ਸਥਾਨ ਸੁਸ਼ੋਭਤ ਹਨ ਇਹਨਾਂ ਵਿਚ ਕਾਫ਼ੀ ਮਾਲੀ ਸੇਵਾਦਾਰ ਮੁਕੱਰਰ ਹਨ ਬਲਕਿ ਹੁਣ ਤਾਂ ਜਲ ਭੀ ਬਿਜਲੀ ਨਾਲ ਬਹੁਤੇ ਹਿਸੇ ਵਿਚ ਪੁਜਦਾ ਹੈ ਜਿਸ ਕਰਕੇ ਕਾਫ਼ੀ ਸਬਜ਼ੀ ਤੇ ਫਲ ਫੁਲ ਗੁਰੂ ਲੰਗਰ ਦਰਬਾਰ ਵਿਚ ਵਰਤਣ ਤੋਂ ਇਲਾਵਾ ਭੀ ਬਿਕਰੀ ਆਦਿਕ ਲਈ ਪੈਦਾ ਹੋ ਸਕਦੇ ਹਨ, ਇਸ ਲਈ ਇਸ ਦੇ ਸਬੰਧ ਵਿਚ ਜਿਤਨਾ ਭੀ ਹੋ ਸਕੇ ਵਧ ਤੋਂ ਵਧ ਧਿਆਨ ਦਿਤਾ ਜਾਏ ਤਾਕਿ ਸਫਾਈ, ਸੁੰਦਰਤਾ ਤੇ ਆਮਦਨ ਵਿਚ ਵਾਧਾ ਹੋਈ ਜਾਵੇ।

**ਛਬੀਲ**—"ਜਲ ਦੇ ਪਿਆਸਿਆਂ ਬਦੇਸ਼ੀਆਂ ਰਾਹੀਆਂ ਨੂੰ ਹਰ ਵੇਲੇ ਜਲ ਮਿਲੇ" ਐਸੇ ਥਾਂ ਤੇ ਛਬੀਲ ਦਾ ਹੋਣਾ ਅਤਿਅੰਤ ਲਾਭਦਾਇਕ ਹੋਂਦਾ ਹੈ ਪਰੰਤੂ ਕੇਵਲ ਬਾਰਾਂਦਰੀ ਯਾ ਡਿਉੜੀ ਤੇ ਅਕਾਲ ਬੁੰਗੇ ਪਾਸ ਖਾਸ ਸੰਗਤਾਂ ਲਈ ਆਰਾਮ ਦੇਹ ਹੋ ਸਕਦਾ ਹੈ ਇਸ ਲਈ ਕੋਸ਼ਸ਼ ਐਸੀ ਹੋਵੇ ਜੋ ਵਧ ਤੋਂ ਵਧ ਮਨੁਸ਼ ਜਿਥੇ ਲਾਭ ਉਠਾਉਣ ਉਥੇ ਛਬੀਲ ਜ਼ਰੂਰੀ ਜਾਰੀ ਕੀਤੀ ਜਾਵੇ।

**ਚਰਨ ਗੰਗਾ**—ਗੁਰਦੁਆਰੇ ਸਾਹਿਬ ਪੌੜੀਆਂ ਚੜ੍ਹਕੇ ਜਾਣ ਵਾਲੇ ਹਰ ਇਕ ਰਸਤੇ ਪਰ ਚਰਨ ਗੰਗਾ ਬਣੀ ਹੋਈ ਹੈ ਜਿਸ ਵਿਚ ਮੈਲੇ ਲਿਬੜੇ ਪੈਰ ਧੋ ਕੇ ਹਰ ਇਕ ਦਰਸ਼ਕ ਨੂੰ ਜਾਣਾ ਚਾਹੀਏ ਪਰੰਤੂ ਇਨਾਂ ਵਿਚ ਹਰ ਰੋਜ਼ ਦੋ ਵੇਲੇ ਤੇ ਕਦੀ ਕਦੀ ਵਧੀਕ ਵੇਰ ਜਲ ਦੇ ਬਦਲਾਣ ਵਲ ਖਾਸ ਖਿਆਲ ਰਖਣ ਦੀ ਲੋੜ ਹੈ ਤਾਕਿ ਕਿਸੀ ਦੀ ਅਰੋਗਤਾ ਤੇ ਬੁਰਾ ਅਸਰ ਨਾ ਹੋਵੇ।

**ਜੋੜਿਆਂ ਦੇ ਸੇਵਾਦਾਰ**—ਅਕਸਰ ਕਦੀ ਨ ਕਦੀ ਕੋਈ ਨ ਜੂਤਾ ਗੁੰਮ ਹੋ ਜਾਣ ਦੀ ਸ਼ਿਕਾਇਤ ਹੋਣ ਕਰਕੇ ਇਥੇ ਇਕ ਸਜਣ ਜੋੜਿਆਂ, ਬੂਟਾਂ ਆਦਿ ਦੀ ਰਖਵਾਲੀ ਲਈ ਮੁਕੱਰਰ ਹੈ ਜਿਸ ਨੂੰ ਗੁਰਦੁਆਰੇ ਸਾਹਿਬ ਵਲੋਂ ਤਨਖਾਹ ਤਾਂ ਨਹੀਂ ਮਿਲਦੀ ਪਰੰਤੂ ਜੋੜੇ ਰਖਣ ਵਾਲੇ ਅਕਸਰ ਮੇਹਨਤਾਨਾ ਦੇਂਦੇ ਹਨ। ਚੰਗਾ ਹੋਵੇ ਜੇ ਟੀਨ ਦੇ ਟਿਕਟ ੧੦੦੦ ਦੇ ਕਰੀਬ ਖਾਸ ਨਿਸ਼ਾਨ ਦੇ ਗੁਰਦੁਆਰੇ ਸਾਹਿਬ ਵਲੋਂ ਇਕ ਵੇਰ ਬਣਾ ਰਖੇ ਜਾਣ ਜੋ ਸਮੇਂ ਸਿਰ ਵਧੀਕ ਨਹੀਂ ਤਾਂ ੧੦੦ ਇਸ ਦੇ ਸਪੁਰਦ ਰਹਿਣ ਜਿਨ੍ਹਾਂ ਨੂੰ ਇਹ ਨਿਤ ਵਰਤਿਆ ਕਰੇ ਅਤੇ ਕੁਛ ਨ ਕੁਛ ਇਸ ਨੂੰ ਰਸਤ ਤੋਂ ਇਲਾਵਾ ਤਨਖਾਹ ਭੀ ਲਾਈ ਜਾਵੇ ਤਾਕਿ ਦਰਬਾਰ ਦੇ ਸੇਵਾਦਾਰਾਂ ਬਿਹੰਗਮਾਂ ਤੇ ਮੁਲਾਜ਼ਮਾਂ ਵਲੋਂ ਇਸ ਦਾ ਚਿਤ ਉਚਾਟ ਨ ਰਹੇ।

**ਝਾੜੂ ਬਰਦਾਰ**—ਭਾਵੇਂ ਗੁਰਦੁਆਰਿਆਂ ਵਿਚ ਹਰ ਥਾਂ ਸੰਗਤਾਂ ਭੀ ਸੇਵਾ ਕਰਦੀਆਂ ਹਨ ਪਰੰਤੂ ਪ੍ਰੇਮੀਆਂ ਦੇ ਪੁਜਣ ਦਾ ਕੋਈ ਵੇਲਾ ਨਹੀਂ ਮੁਕੱਰਰ ਹੋਂਦਾ ਤੇ ਸੇਵਾ ਵਕਤ ਸਿਰ ਹੋਵੇ ਇਸ ਲਈ ਝਾੜੂ ਬਰਦਾਰ ਭੀ ਅੰਦਰਲੀ ਪ੍ਰਕਰਮਾਂ ਵਾਸਤੇ ਮੁਕੱਰਰ ਹੈ ਤਾਂ ਭੀ ਹਰ ਇਕ ਸਿਖ ਮਾਈ ਭਾਈ ਨੂੰ ਇਸ ਸੇਵਾ ਦਾ ਲਾਭ ਲੈਣ ਲਈ ਸਦੀਵ ਤਤਪਰ ਰਹਿਣਾ ਚਾਹੀਏ।

**ਪਹਿਰੇਦਾਰ**—ਇਥੇ ਹਰ ਤਰ੍ਹਾਂ ਦੀ ਨਿਗਰਾਨੀ ਤੇ ਪਹਿਰਾ ਰਖਣ ਲਈ ਜਾਗੀਰ ਵਲੋਂ ਪੋਲੀਸ ਮੁਕੱਰਰ ਹੈ ਜੋ ਸਮੇਂ ਸਿਰ ਘੜਿਆਲ ਬਜਾਂਦੇ, ਰਾਤ ਦਿਨ ਪਹਿਰਾ ਦੇਂਦੇ ਤੇ ਆਏ ਗਏ ਦੀ ਪੁਛ ਗਿਛ ਪਰ ਯਾ ਖੁਦ ਹਰ ਗਲ ਦੀ ਵਾਕਫ਼ੀ ਕਰਾਂਦੇ ਹਨ ਪਰੰਤੂ ਇਹਨਾਂ ਦੇ ਬੋਲਣ ਬੁਲਾਣ ਦਾ ਤਰੀਕਾ ਹਰ ਇਕ ਸਿਖ, ਗੈਰ-ਸਿਖ, ਗਰੀਬ ਅਮੀਰ ਨਾਲ ਇਕੋ ਜਿਹਾ ਸਤਿਕਾਰ ਵਾਲਾ ਹੋਣਾ ਚਾਹੀਏ।

**ਪੁਛ ਗਿਛ ਤੇ ਦ਼ਫਤਰ**—ਗੁਰਦੁਆਰੇ ਸਾਹਿਬ ਭੇਟ ਪੂਜਾ, ਕੜਾਹ ਪ੍ਰਸ਼ਾਦ, ਲੰਗਰ, ਦੇਗ, ਰੁਮਾਲ ਆਦਿ ਦੀ ਸੰਭਾਲ ਤੇ ਲਿਖਾ ਪੜ੍ਹੀ ਲਈ ਦਰਬਾਰ ਸਾਹਿਬ ਦੇ ਅੰਦਰ ਪਹਿਰੇ ਵਾਲਿਆਂ ਦੇ ਨਜ਼ਦੀਕ ਹੀ ਲਿਖਾਰੀ ਸਿੰਘ ਜੀ ਦਾ ਦਫਤਰ ਹੈ ਪਰੰਤੂ ਵਧੀਕ ਪਤਾ ਲੈਣ ਲਈ ਦਫ਼ਤਰ, ਬਾਰਾਂਦਰੀ ਤੇ ਸਰਬਰਾਹ ਸਾਹਿਬ ਦੇ ਬੰਗਲੇ ਪਰ ਹੀ ਰਹਿੰਦਾ ਹੈ ਜਿਥੇ ਪੁਜਕੇ ਹਰ ਇਕ ਲੋੜੀਂਦੀ ਗਲ ਪੁਛਣੀ ਚਾਹੀਏ।

**ਰੁਪਯੇ ਬਦਲਾ ਲਵੋ**—ਅਕਸਰ ਕਿਤਨੇ ਹੀ ਯਾਤਰੂਆਂ ਨੂੰ ਅਸਟੇਸ਼ਨ ਪਰ ਜਾਕੇ ਪਤਾ ਲਗਦਾ ਹੈ ਕਿ ਰੁਪਏ ਅੰਗਰੇਜ਼ੀ ਤੋਂ ਟਿਕਟ ਨਹੀਂ ਮਿਲਦਾ। ਇਥੇ ਨਜ਼ਾਮ ਸ਼ਾਹੀ ਰੁਪਿਆ ਲੈਂਦੇ ਹਨ ਫੇਰ ਤਕਲੀਫ ਤੇ ਕਸਰ ਦਾ ਭਾਗੀ ਹੋਣਾ ਪੈਂਦਾ ਹੈ ਇਸ ਲਈ ਹਰ ਇਕ ਯਾਤਰੂ ਨੂੰ ਯੋਗ ਹੈ ਕਿ ਉਹ

ਜਿਥੋਂ ਦਾ ਭੀ ਟਿਕਟ ਖਰੀਦਣਾ ਚਾਹੁੰਦਾ ਹੈ ਉਸ ਪੁਰਤੇ ਰੁਪਯੇ 'ਹਾਲੀ' ਦਰਬਾਰ ਸਾਹਿਬ ਜੀ ਦੇ ਮੋਦੀ ਯਾ ਸਰਬਰਾਹ ਆਦਿ ਤੋਂ ਹੀ ਬਦਲ ਕੇ ਪਾਸ ਰਖੇ। ਇਸ ਰੁਪਏ ਦਾ ਭਾਵ ਤਕਰੀਬਨ ਅੰਗਰੇਜ਼ੀ ਤੇਰਾਂ ਆਨੇ ਦੇ ਬਰੋਬਰ ਹੋਂਦਾ ਹੈ ਤੇ ਤਿੰਨ ਚਾਰ ਆਨੇ ਵਧੀਕ ਮਿਲ ਜਾਂਦੇ ਹਨ।

**ਅਸਤਬਲ**--ਬਗੀਚੇ ਤੋਂ ਕੁਛ ਫ਼ੈਸਲੇ ਪਰ ਚੋਪਾਏ ਪਸ਼ੂਆਂ ਦੇ ਰਹਿਣ ਦੀ ਥਾਂ ਨੂੰ ਅਸਤਬਲ ਕਹਿੰਦੇ ਹਨ। ਜਿਸ ਵਿਚ ਘੋੜੇ ੫, ਬੈਲ ੧੦, ਗਊਆਂ ੧੫ ਤੋਂ ਵਧੀਕ ਹਨ ਤੇ ਲੋੜ ਵੇਲੇ ਸਵਾਰੀ, ਸਾਮਾਨ ਤੇ ਵਾਹੀ ਦੁਧ ਦੇਣ ਦਾ ਕੰਮ ਦੇਂਦੇ ਹਨ।

## ਜਗੀਰ ਤੇ ਹੋਰ ਆਮਦਨ ਖਰਚ

ਸ੍ਰੀ ਹਜ਼ੂਰ ਸਾਹਿਬ ਜੀ ਆਮਦਨ ਖਰਚ ਹੋਰ ਫੰਡਾਂ ਵਿਚ ਭੀ ਹੋਂਦਾ ਹੈ ਪ੍ਰੰਤੂ ਸਬ ਤੋਂ ਵਧੀਕ ਅਗੇ ਲਿਖੇ ਹੀ ਫੰਡ ਹਨ, ਜਿਹਨਾਂ ਦੀ ਆਮਦਨੀ ਪਹਿਲੇ ਘਟ ਸੀ, ਜੋ ਹੁਣ ਕੁਛ ਜਿਆਦਾ ਹੋਈ ਹੈ ਜੈਸਾ ਕਿ:—

੩੪੮੬[illegible]।—) ਸਾਲਾਨਾ ਆਮਦਨ ਜਗੀਰ ਪਰੰਤੂ
੩੧੯੦੩।≡) ਖਰਚ ੧੩੪੨ ਫਸਲੀ ਵਿਚ ਹੈ।
੧੩੧[illegible]॥=) ਲੰਗਰ ਫੰਡ ਸਾਲਾਨਾ ਆਮਦਨ ਤੇ,
੧੯੫੭੩—) ਖਰਚ ੧੩੪੧ ਫਸਲੀ ਦਾ ਹੈ।
੭੫੧੪≡) ਗੋਲਕ ਫੰਡ ਆਮਦਨ ਸਾਲਾਨਾ ਹੈ ਤੇ,
੭੫੯[illegible]।—)॥ ਖਰਚ ੧੩੪੧ ਦਾ ਹੈ।
੪੧੦੯) ਆਮਦਨ ਸੰਗਮਰਮਰ ਸਾਲਾਨਾ ਹੋਈ ਤੇ,
੫੨੬੪।॥)॥ ਖਰਚ ੧੩੪੧ ਦਾ ਹੈ।
੧੦੪੩॥=)॥ ਆਮਦਨ ਸਪੈਦੀ ਫੰਡ ਸਾਲਾਨਾ ਹੋਈ ਤੇ

੧੭੪੦।।=)।। ਖਰਚ ੧੩੪੧ ਦਾ ਹੈ।
੫੧੧।।–) ਆਮਦਨ ਤਿਲਾਈ ਫੰਡ ਸਾਲਾਨਾ ਹੋਈ ਤੇ,
੩੨੪੬।।=)।। ਖਰਚ ੧੩੪੧ ਦਾ ਹੈ।

**ਜਮਾਂ ਕਿਥੇ ਤੇ ਕੀ ਹੈ?** ਇਸ ਗੁਰਦੁਆਰੇ ਸਾਹਿਬ ਜੀ ਦੀ ਰਕਮ ਕਿਥੇ ਜਮਾਂ ਹੈ? ਐਸਾ ਕਿਤਨੇ ਹੀ ਸਜਨ ਜਾਣਨਾ ਚਾਹੁੰਦੇ ਹਨ ਜੋ ਕਈ ਤਰਾਂ ਦਾ ਭਰਮ ਕਰਕੇ 'ਅਣਹੋਂਦਾ' ਭਾਰ ਉਠਾਨ ਦੇ ਭਾਗੀ ਬਣਦੇ ਹਨ ਉਹਨਾਂ ਨੂੰ ਪਤਾ ਲਗ ਜਾਏ ਕੇ ਇਸ ਗੁਰਦੁਆਰੇ ਸਾਹਿਬ ਜੀ ਦੀ ਕੁਲ ਰਕਮ ਇਸਤਰਾਂ ਜਮਾਂ ਹੈ ਕਿ–

੨੧੩੦੦) ਵਾਰਲੋਨ
੫੮੩੦੦) ਪ੍ਰੋਮੇਸਰੀ ਨੋਟ
੪੩੦੨੫) ਕੋਅਪਰੇਟਿਵ ਲਿਮਿਟਿਡ,
ਇਸ ਸਾਰੀ ਰਕਮ ਦਾ ਸੂਦ ਹਰ ਸਾਲ ਜਮਾਂ ਤੇ ਖਰਚ ਹੋਂਦਾ ਰੈਂਹਦਾ ਹੈ,

ਹੁਣ ਇਸ ਆਮਦਨ ਖਰਚ ਤੇ ਜਮਾਂ ਹੋਈ ੨ ਰਕਮ ਦੇ ਹਿਸਾਬ ਕਿਤਾਬ ਨੂੰ ਪੰਥ ਦੇ ਹਰ ਇਕ ਸ਼ੁਭ ਚਿੰਤਕ ਨੂੰ ਬੜੀ ਦੂਰ ਦਰਸਤਾ ਨਾਲ ਵੇਖਣਾ ਸੋਚਣਾਂ ਚਾਹੀਏ ਜੋ ਮੌਜੂਦਾ ਸੂਰਤ ਤੋਂ ਵਧੀਕ ਪੰਥ ਤੇ ਧਰਮ ਦੇ ਪ੍ਰਚਾਰ ਦਾ ਕਾਰਣ ਬਣਕੇ ਫਿਰ ਮੂਲ ਦਾ ਮੂਲ ਜਮਾਂ ਰਹਿ ਸਕਦਾ ਹੈ ਤਦ ਉਸ ਤਰੀਕੇ ਨਾਲ ਇਸਦੀ ਹਫ਼ਾਜ਼ਤ ਤੋਂ ਲਾਭ ਲੈਣਾ ਚਾਹੀਦਾ ਹੈ ਪਰ ਜੇ "ਆਪ ਨ ਦਿਹ ਚੁਰੂ ਭਰ ਪਾਨੀ॥ ਤਿਹ ਨਿੰਦਾ ਜਿਹ ਗੰਗਾ ਆਨੀ॥" ਵਾਲੀ ਵਰਤੋਂ ਕਰਨੀ ਹੈ ਤਦ ਵਾਹ ਵਾਹ!

**ਜਵਾਹਰਾਤ ਕਿਥੇ ਹੈ?** ਕਿਤਨੇ ਹੀ ਸਜਨਾਂ ਨੂੰ ਖਿਆਲ ਹੈ ਕਿ ਇਥੇ ਬਹੁਤ ਜੁਵਾਹਰਾਤ ਤੇ ਸੋਨਾ ਚਾਂਦੀ ਜਮਾਂ ਹੈ। ਇਸ ਵਿਚ ਸ਼ਕ ਨਹੀਂ ਜਿਥੇ ਉਹ ਚਰਨ ਪਏ ਹਨ ਜਿਨਾਂ ਚਰਨਾਂ ਦੀ ਧੂੜ ਤਾਂਬੇ ਨੂੰ ਹੀ ਨਹੀਂ ਬਲਕੇ ਮਿਟੀ ਨੂੰ ਸੋਨਾ ਤੇ ਜੁਵਾਹਰਾਤ ਬਣਾ ਦੇਂਦੀ ਹੈ ਉਥੇ ਕੀ ਘਾਟਾ ਹੈ, ਪਰ ਏਹ

ਦਸਨ ਦੀ ਚੀਜ਼ ਨਹੀਂ । ਹਾਂ ਵੇਖਣ ਦੀ ਹੈ । ਜੇ ਕਿਸੀ ਨੂੰ ਹਿੰਮਤ ਹੈ; ਅਖਾਂ ਹਨ; ਚਾਹ ਹੈ; ਤਾਂ ਬੇਸ਼ਕ ਵੇਖੇ ਪਰੰਤੂ ਏਹ ਭੀ ਇਥੇ ਦਸ ਦੇਂਦਾ ਹਾਂ ਕਿ ਕਿਤਨੇ ਹੀ ਮਾਈ ਭਾਈ ਸਰਧਾ, ਮੰਨਤ ਦੀ ਸ਼ਕਲ ਵਿਚ ਥਾਲ, ਕਟੋਰੇ, ਗਲਾਸ, ਕੌਲ, ਗੜਵੇ, ਗਾਗਰਾਂ, ਛਬੇ, ਪਲੰਘਾਂ ਦੇ ਪਾਵੇ, ਚੌਕੀਆਂ ਆਦਿ ਭੇਟ ਕਰਦੇ ਹਨ, ਜਿਸਨੂੰ ਕਦੀ ੨ ਪ੍ਰਬੰਧਕ ਸਮਾਲਦੇ ਰਹਿੰਦੇ ਹਨ ਪਰੰਤੂ ਏਹ ਸਿਵਾਇ ਥਾਂ ਰੋਕ ਛਡਨ ਦੇ ਕੋਈ ਖਾਸ ਸੋਭਾ ਨਹੀਂ ਵਧਾਂਦੇ ਜੈਸਾ ਕਿ ਬਾਹਰਲੇ ਤਖਤ ਦੇ ਚੰਦੋਏ ਹੇਠ ਰਸੀ ਨਾਲ ਛਬੇ ਲਟਕਦੇ ਹਨ, ਯਾ ਅੰਦਰਲੇ ਤਖਤ ਸਾਹਿਬ ਪਰ ਝੂਲਦੇ ਹਨ । ਦਰ ਅਸਲ ਐਸੀਆਂ ਵਾਧੂ ਚੀਜਾਂ ਨੂੰ ਭੰਨ ਤੋੜਕੇ ਲੋੜੀਂਦੀ ਸੋਭਨੀਕ ਕੰਮ ਆਵਨ ਵਾਲੀਆਂ ਬੜੀਆਂ ਦੋ ਚਾਰ ਚੀਜਾਂ ਬਨਵਾ ਰਖਨੀਆਂ ਚੰਗੀਆਂ ਹਨ । ਕਿਉਂਕਿ ਓਹ ਸਮੇਂ ਸਿਰ ਕਿਤੇ ਵਰਤੀਆਂ ਤਾਂ ਜਾਣਗੀਆਂ । ਭਰੋਸਾ ਹੈ ਪ੍ਰਬੰਧਕ ਸਜਣ ਗੌਰ ਕਰਨਗੇ।

**ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਥੇ ਹਨ ?**—ਕਿਤਨੇ ਹੀ ਸਜਣ ਇਸ ਖੋਜ ਵਿਚ ਹਨ ਕਿ ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਹਾਰਾਜ ਨੇ ਗੁਰਿਆਈ ਤੇ ਸੁਸ਼ੋਭਤ ਸਥਾਪਨ ਕੀਤਾ ਉਹ ਕਿਥੇ ਹੈ ? ਇਸ ਦੇ ਉਤਰ ਵਿਚ ਹਾਲੀ ਇਤਨਾ ਹੀ ਕਿਹਾ ਜਾ ਸਕਦਾ ਹੈ ਕਿ 'ਭਾਵੇਂ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਹੁਤੇ ਪੁਰਾਤਨ ਲਿਖਤਾਂ ਹਨ ਪਰੰਤੂ ਉਹਨਾਂ ਵਿਚੋਂ ਮੁਸ਼ਹੂਰ ਬਾਬੇ ਇਹ ਹਨ:—

੧. ਦਸਮੇਸ਼ ਜੀ ਦੇ ਦਸਖਤਾਂ ਵਾਲੇ ਬਾਬੇ।
੨. ਪਟਨੇ ਸਾਹਿਬ ਦੇ ਦਸਖਤਾਂ ਵਾਲੇ ਬਾਬੇ।
੩. ਪੁਰਾਤਨ ਬ੍ਰਿਧ ਬਾਬੇ।
੪. ਭਾਈ ਮਨੀ ਸਿੰਘ ਜੀ ਵਾਲੇ ਬਾਬੇ।
੫. ਦਮਦਮੇ ਤੋਂ ਭੇਜੇ ਬਾਬਾ ਦੀਪ ਸਿੰਘ ਜੀ ਵਾਲੇ ਬਾਬੇ।

੬. ਸਰਬ ਲੋਹ ਸਾਹਿਬ।

ਇਹਨਾਂ ਵਿਚੋਂ ੨, ੩, ੪ ਅੰਕ ਵਾਲੇ ਤਖਤ ਸਾਹਿਬ ਤੇ ਹਨ ਅਤੇ ੧, ੪, ੬ ਅੰਕ ਵਾਲੇ ਪੂਰੇ ਵਿਚ ਹਨ। ਦਰਸ਼ਨ ਅਭਿਲਾਖੀਆਂ ਨੂੰ ਦਰਸ਼ਨ ਕਰਨ ਦੀ ਕੋਸ਼ਸ਼ ਕਰਨੀ ਚਾਹੀਦੀ ਹੈ ਪਰੰਤੂ ਪ੍ਰਬੰਧਕਾਂ ਨੂੰ ਸ੍ਰੀ ਅਕਾਲ ਬੁੰਗੇ ਸਾਹਿਬ ਜੀ ਦੀ ਅਮਾਰਤ ਤਿਆਰ ਕਰਕੇ ਐਸੇ ਯਾਦਗੀਰੀ ਦੀਦਾਰੇ ਕਰਾਉਣ ਦਾ ਅਕਾਲ ਬੁੰਗੇ ਵਿਚ ਹੀ ਯੋਗ ਇੰਤਜ਼ਾਮ ਵਿਚ ਸਭ ਰਖਣ ਦੀ ਕੋਸ਼ਿਸ਼ ਕਰਨੀ ਚਾਹੀਏ ਅਤੇ ਗੁਰਮੁਖ ਸਿਖਾਂ ਨੂੰ ਭੀ ਇਹ ਪੰਥਕ ਅਮਾਨਤਾਂ ਪੰਥ ਦੇ ਪ੍ਰਬੰਧ ਤੇ ਜ਼ਿਮੇਵਾਰੀ ਵਿਚ ਕਰ ਦੇਣੀਆਂ ਚਾਹੀਏ ਤਾਕਿ ਸੰਭਾਲ ਬਾਕਾਇਦਾ ਹੋ ਕੇ ਦਰਸਨ ਅਭਿਲਾਖੀ ਦੀਦਾਰੇ ਸੁਖੈਨ ਹੀ ਪ੍ਰਾਪਤ ਕਰਦੇ ਰਹਿਣ।

**ਇਥੇ ਸ਼ਸਤ੍ਰ-ਅਸਤ੍ਰ ਕੀ ਕੀ ਹਨ ?**—ਇਥੇ ਅਗੇ ਲਿਖੇ ਸ਼ਸਤ੍ਰਾਂ ਦੇ ਦਰਸ਼ਨ ਭਾਵੇਂ ਅਗੇ ਪਿਛੇ ਭੀ ਹੋ ਸਕਦੇ ਹਨ ਪਰੰਤੂ ਮਹਿਲਿਆਂ, ਗੁਰਪੁਰਬਾਂ ਪਰ ਤਾਂ ਅਵਸ਼ ਹੋਂਦੇ ਹਨ, ਜਿਸ ਲਈ ਹਰ ਇਕ ਮਾਈ ਭਾਈ ਨੂੰ ਉਤਸ਼ਾਹ ਨਾਲ ਨੇਤਰ ਤ੍ਰਿਪਤ ਕਰਨੇ ਚਾਹੀਏ ਕਿਉਂਕਿ ਗੁਰੂ ਮਤ ਵਿਚ ਸ਼ਸਤ੍ਰਾਂ ਦਾ ਦਰਸ਼ਨ ਭੀ ਇਕ ਤਰਾਂ ਗੁਰੂ ਅਕਾਲ ਪੁਰਖ ਜੀ ਦਾ ਦਰਸ਼ਨ ਮੰਨਿਆਂ ਹੈ। ਇਥੇ ਇਹ ਸ਼ਸਤ੍ਰਾਸਤ੍ਰ ਹਨ।

੧. ਦਸਮੇਸ਼ ਜੀ ਦੇ ਤੀਰ ਕਮਾਨ।
੨. ਤੀਰ ਫੌਲਾਦੀ ਖਪਰਾ।
੩. "ਗਜਗਾਹ" ਅਕਾਲੀ ਗਜਗਾਹ ਸਿੰਘ ਨਿਹੰਗਵਾਲਾ।
੪. ਸ਼ਕਤੀ ਬਰਛੀ ਫੌਲਾਦੀ।
੫. ਸਾਂਗ ਮਾਈ ਭਾਗ ਕੌਰ ਸਾਹਿਬ।
੬. ਫੁਲਾਦੀ ਸੁਨੈਹਰੀ ਢਾਲਾ।
੭. ਭਗੌਤਾ ਬਾਬਾ ਦੀਪ ਸਿੰਘ ਜੀ।
੮. ਭਗੌੜਾ ਬਾਬਾ ਗੁਰਬਖਸ਼ ਸਿੰਘ ਜੀ

੯. ਤੇਗ ਫੁਲਾਦੀ ਬਾਬਾ ਫੂਲਾ ਸਿੰਘ ਜੀ ਨਿਹੰਗ
੧੦. ਭਗੌਤਾ ਮਾਹਰਾਜਾ ਰਣਜੀਤ ਸਿੰਘ ਜੀ
੧੧. ਭਗੌਤਾ ਢਾਲ ਮਹਾਰਾਜਾ ਸ਼ੇਰ ਸਿੰਘ ਜੀ
੧੨. ਭਗੌਤਾ ਮਹਾਰਾਜਾ ਖੜਕ ਸਿੰਘ ਜੀ
੧੩. ਭਗੌਤਾ ਢਾਲ ਮਹਾਰਾਜਾ ਦਲੀਪ ਸਿੰਘ ਜੀ
੧੪. ਪਟੇਸਸਤ੍ਰ ਬਾਨਾ ੧੩-੧
੧੫. ਭਗੌਤਾ ਰਾਮ ਜੰਗਾ ਤਮੰਚਾ ਮੁਜਫਰ ਖਾਨ ਮੁਲਤਾਨੀ
੧੬. ਸ੍ਰੀ ਸਾਹਿਬ ਮਹਾਰਾਜਾ ਹੀਰਾ ਸਿੰਘ ਜੀ ਰਿਆਸਤ ਨਾਭਾ,
੧੭. ਕਿਰਪਾਨ ਸੁਨਿਹਰੀ ਭਾਈ ਗੁਲਾਬ ਸਿੰਘ ਜੀ ਰਾਗੀ

ਕਿਤਨੇ ਹੀ ਹੋਰ ਸਸ਼ਤ੍ਰ ਖੰਡੇ ਖੜਗ ਤੁਪਕ ਤਬਰ ਆਦਿਕ ਜੋ ਇਥੇ ਬਿਰਾਜਮਾਨ ਹਨ ਉਹਨਾਂ ਦੇ ਦਰਸ਼ਨ ਕਰਕੇ ਹੀ ਕੁਛ ਸਮਝ ਆ ਸਕਦੀ ਹੈ ਨਹੀਂ ਤਾਂ ਲਿਖਨ ਕਹਿਣ ਤੋਂ ਕੁਛ ਨਹੀਂ ਪਤਾ ਲਗ ਸਕਦਾ।

**ਸ਼ਸਤ੍ਰਾਂ ਸੰਬੰਧੀ ਵੀਚਾਰ ਤੇ ਦੇਵੀ ਮਾਤਾ ਦੀ ਤਸਵੀਰ**—ਕਿਤਨੇ ਹੀ ਦਰਸਕਾਂ ਨੂੰ ਖਿਆਲ ਹੈ ਕਿ ਇਥੇ ਦੇਵੀ ਮਾਤਾ ਜੀ ਦੀ ਤਸਵੀਰ ਹੈ ਜਿਸਦੇ ਨਜੀਕੋਂ ਦਰਸ਼ਨ ਨਹੀਂ ਕਰਾਏ ਜਾਂਦੇ ਪਰ ਸੁਬਹ ਸ਼ਾਮ ਜ਼ਰੂਰ ਦਰਸ਼ਨ ਹੋਂਦੇ ਹਨ ਤੇ ਓਹ ਅਸਟ ਭੁਜੀ ਹੈ—ਇਸਦੇ ਸਬੰਧ ਵਿਚ ਲਿਖੇ ਹੈ ਕਿ ਇਥੇ ਇਕ ਤਸਵੀਰ ਦਸਮੇਸ਼ ਜੀ ਦੀ ਪਟਨੇ ਸਾਹਿਬ ਜੀ ਤੋਂ ਪੁਜੀ ਸੀ ਤੇ ਇਕ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਨਰੇਸ ਜੀ ਨੇ ਪਹੁੰਚਾਈ ਸੀ, ਸਿਵਾਇ ਇਹਨਾਂ ਦੋ ਮੂਰਤਾਂ ਦੇ ਅੰਦਰ ਹੋਰ ਕੋਈ ਮੂਰਤੀ ਨਹੀਂ ਹੈ ਪਰੰਤੂ ਜਿਸਦੇ ਸੁਬਹ ਸ਼ਾਮ ਦਰਸ਼ਨ ਹੋਂਦੇ ਹਨ ਓਹ ਇਕ ਸ਼ਸਤ੍ਰ ਹੈ ਤੇ ਉਸਦਾ ਅਸਲੀ ਨਾਮ 'ਗਜ਼ਗਾਹ' ਹੈ।

## ਗਜਗਾਹ ਕੀ ਹੈ ਤੇ ਕਿਥੋਂ ਆਇਆ ਹੈ-

ਕਿਤਨੇ ਹੀ ਦਰਸ਼ਕ ਜਿਸ ਗਜਗਾਹ ਨੂੰ ਅਸ਼ਟਭੁਜੀ ਦੇਵੀ ਸਮਝਦੇ ਹਨ ਉਹਨਾਂ ਨੂੰ ਪਤਾ ਹੀ ਨਹੀਂ ਕਿ ਏਹ ਸ਼ਸਤ੍ਰ ਹੈ ਤੇ ਕਿਸਤਰਾਂ ਇਥੇ ਪੁਜਾ ਹੈ। ਵੀਚਾਰ-ਖੋਜ ਤੋਂ ਪਤਾ ਲਗਿਆ ਹੈ ਕਿ ਏਹ ਇਕ ਬਰਛੇ ਦੀ ਤਰਾਂ ਕਿਸੀ ਮਜਬੂਤ ਸਲੋਤ੍ਰ ਦੇ ਸੀਸ ਪਰ ਬਿਰਾਜਕੇ "ਰਕਤ ਭਛਨ ਕਰਨ" ਲਈ ਕਮਰ ਕਸ਼ਾ ਕਰਨ ਵਾਲਾ ਹਥੀਆਰ ਹੈ, ਇਸਦੀ ਦੋਹੀਂ ਪਾਸੀ ਬੜੀਆਂ ਤੇਜ ਭੁਜਾ ਤੇ ਸਾਹਮਣੇ ਤੇਜ ਨੋਕਦਾਰ ਬਰਛੇ ਹਨ ਜੋ ਪੇਟ ਵਿਚ ਪ੍ਰਵੇਸ਼ ਕਰਨ ਤੇ ਅੰਦਰਾਂ 'ਅਨੀਆਰ ਪਰੋਈਆ' ਦਾ ਪ੍ਰਤਖ ਸਰੂਪ ਦਰਸਾਂਦੇ ਹਨ।

ਇਸ ਸ਼ਸਤ੍ਰ ਨੂੰ ਚਮਕੌਰ ਦੇ ਜੰਗ ਵਿਚ ਗੁਰੂ ਦਸਮੇਸ਼ ਜੀ ਮਹਾਰਾਜ ਭਾਈ ਸੰਤ ਸਿੰਘ ਜੀ ਯਾ ਭਾਈ ਸੰਗਤ ਸਿੰਘ ਜੀ ਨੂੰ ਦੇਕੇ ਅਪਨੀ ਥਾਂ ਬਠਾ ਆਏ ਸਨ ਤੇ ਨਾ ਮਾਲੂਮ ਫਿਰ ਕਿਸਤਰਾਂ ਏਹ ਉਸ ਬਾਬਾ ਮਾਨ ਸਿੰਘ ਜੀ ਨਿਹੰਗ ਸਿੰਘ ਪਾਸ ਪੁਜਾ, ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਨੀਲ ਬਸਤ੍ਰ ਲੈ ਕਪੜੇ' ਵਾਕ ਕਹਿਕੇ ਨੀਲਾ ਬਾਨਾ ਪਾੜ-ਸਾੜਨ ਵੇਲੇ ਇਕ ਬਸਤ੍ਰ ਦਾ ਟੁਕੜਾ ਦੇਕੇ ਫ਼ੁਰਮਾਇਆ ਸੀ ਕਿ ਨਸ਼ਾਨ ਰਖੋ, ਏਹ ਬਾਬਾ ਮਾਨ ਸਿੰਘ ਜੀ ਨਿਹੰਗ ਓਹ ਸਨ ਜੋ ਆਨੰਦ ਪੁਰ ਸਾਹਿਬ ਵਿਖੇ ਬਾਬਾ ਫਤੇ ਸਿੰਘ ਜੋ ਸਾਹਿਬਜਾਦੇ ਸਾਹਿਬ ਦੀ ਸੇਵਾ ਵਿਚ ਬਾਲ ਉਮਰ ਦੇ ਸਮੇਂ ਖਿਡਾਵੇ ਮੁਕੱਰਰ ਸਨ ਅਤੇ ਜਿਸ ਸੁਰਮਈ ਬਾਨੇ ਦੇ ਖਾਸ ਲਿਬਾਸ ਵਿਚ ਬਾਬਾ ਫਤਹ ਸਿੰਘ ਜੀ ਗੁਰੂ ਦਸਮੇਸ ਜੀ ਦੇ ਦਰਬਾਰ ਵਿਚ ਭੁਯੰ-ਗੀਆਂ ਦੀ ਫੌਜ ਸਮੇਤ ਜੈਕਾਰੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਗਜਾਂਦੇ ੨ ਪੁਜੇ ਤੇ ਵਰ ਪਾਕੇ ਵਾਪਸ ਗਏ ਕਿ "ਤੁਹਾਡੇ ਇਸ ਬਾਨੇ ਵਾਲਾ ਪੰਥ ਵਿਚ ਨਿਹੰਗ ਸਿੰਘ ਪੰਥ ਹੋਵੇਗਾ। ਓਹੀ ਬਾਣਾ ਬਾਬਾ ਫਤਹ ਸਿੰਘ ਸਾਹਿਬ ਜੀ ਨੇ

ਬਾਬਾ ਮਾਨ ਸਿੰਘ ਜੀ ਨੂੰ ਨਿਹੰਗ ਕਹਿਕੇ "ਬਖਸਿ ਅਪਨੀ ਕਰ ਦੀਨੀ" ਸੀ, ਜਿਸ ਕਰਕੇ ਏਹ ਹਮੇਸ਼ਾਂ ਸੁਰਮਈ ਬਾਨੇ ਦੇ ਉਸੀ ਫਰੂਹੇ ਵਾਲੀ ਸ਼ਕਲ ਵਿਚ ਧਾਰਨੀ (ਪਾਬੰਦ) ਰਹਿਕੇ ਹੋਰਾਂ ਨੂੰ ਭੀ ਨਿਹੰਗ ਬਨਾਂਦੇ ਸੀ, ਏਹ ਬਾਬਾ ਜੀ ਬਹੁਤ ਸਮੇਂ ਤਕ ਮਹਾਰਾਜ ਦੇ ਹਜ਼ੂਰੀ ਜੁਧ ਜੰਗਾਂ ਵਿਚ ਸ਼ਾਮਲ ਰਹੇ, ਪਰੰਤੂ ਦਖਣ ਆਵਣ ਤੋਂ ਪਿਛੋ ਥੋੜੇ ਹੀ ਦਿਨਾਂ ਬਾਦ ਸਰਹੰਦ ਸ਼ਹਿਰ ਦੇ ਉਜੜਨ ਪਿਛੋਂ ਬਾਬਾ ਫਤਹ ਸਿੰਘ ਜੀ ਦੇ ਅੰਗੀਠੇ ਤੇ ਯਾਦਗਾਰ ਦੀ ਸੇਵਾ ਕਰਦੇ ੨ ਕਮਰ ਕਸੇ ਕਰ ਗਏ, ਇਹਨਾਂ ਦੇ ਜਾਨਸ਼ੀਨ ਜਿਸ ਗੁਰਬਖਸ਼ ਸਿੰਘ ਨਿਹੰਗ ਨੂੰ ਖਾਲਸੇ ਨੇ ਮੁਕੱਰਰ ਕੀਤਾ ਉਸੀ ਨਾਮ ਦੇ ਹੋਰ ਭੀ ਸਿੰਘ ਹੋਨ ਕਰਕੇ ਤੇ ਇਹਨਾਂ ਦੇ 'ਗਜਗਾਹ' ਦੇ ਧਾਰਨੀ ਹੋਣ ਕਰਕੇ 'ਗਜਗਾਹ' ਸਿੰਘ ਨਾਮ ਮਸ਼ਹੂਰ ਹੋਗਿਆ। ਪਰੰਤੂ ਜਦ ਇਹਨਾਂ ਨੂੰ ਪਤਾ ਲਗਾ ਕਿ ਗੁਰੂ ਦਸਮੇਸ਼ ਜੀ ਜੋਤੀ ਜੋਤ ਸਮਾ ਗਏ ਹਨ ਤਦ ਏਹ ਅੰਗੀਠੇ ਸਾਹਿਬ ਦੇ ਪਹਿਰੇ ਤੇ ਹੋਰ ਸਿੰਘ ਟਿਕਾਕੇ ਤੇ ਆਪਣੇ 'ਮਨਮੇਲੀ' ਦੂਜੇ ਅਕਾਲੀ ਗੁਰਬਖਸ਼ ਸਿੰਘ ਜੀ ਨਿਹੰਗ ਸਿੰਘ ਸਮੇਤ ਕੁਛ ਹੋਰ ਫੌਜਾਂ ਸਣੇ ਹਜ਼ੂਰ ਸਾਹਿਬ ਪੁਜ ਗਏ ਸਨ ॥

ਇਥੇ ਹੀ ਜਦ ਸ: ਅਕਲਕਲਾ ਸਿੰਘ ਜੀ ਨਾਲ ਸ੍ਰੀ ਸਾਹਿਬ ਤਕ ਨੌਬਤ ਪੁਜੀ ਤੇ ਫਤਹ ਗਜਾ ਗਏ ਤਦ ਇਹਨਾਂ ਵਾਲਾ 'ਗਜਗਾਹ' ਗੁਰੂ ਕੇ ਤਖਤ ਦੀ ਹਜ਼ੂਰੀ ਵਿਚ "ਜਿਸਕੀ ਵਸਤ ਤਿਸ ਆਗੈ ਰਾਖੈ" ਕਹਿਕੇ ਹਾਜ਼ਰ ਕਰਕੇ ਅਕਾਲੀ ਗੁਰਬਖਸ਼ ਸਿੰਘ ਜੀ ਨਿਹੰਗ ਨਗੀਨਾ ਘਾਟ ਜਾ ਸਜੇ, ਤਦ ਤੋਂ ਇਹ 'ਗਜਗਾਹ' ਦੇ ਦੀਦਾਰੇ ਖਾਲਸਾ ਜੀ ਇਥੇ ਹੀ ਵਿਸ਼ੇਸ਼ਤਾ ਨਾਲ ਕਰਦੇ ਹਨ।

ਜਿਸ ਦਰਸ਼ਕ ਨੂੰ ਅਜੇ ਭੀ ਇਸਦੇ ਏਵੀ ਹੋਣ ਦਾ ਸੰਦੇਹ ਹੋ ਓਹ ਕਿਰਪਾ ਕਰਕੇ ਦੀਪਮਾਲਾ ਦੇ ਮਹਲੇ ਪਰ ਹਜ਼ੂਰ ਸਾਹਿਬ ਪੁਜਕੇ ਚੰਗੀ ਤਰਾਂ ਦਰਸ਼ਨ ਪਰਸ਼ਨ ਕਰਕੇ ਅਪਣਾ

ਭਰਮ ਨਵਿਰਤ ਕਰ ਲਵੇ ਕਿਉਂਕਿ ਉਸ ਦਿਨ ਏਹ ਬਾਹਰਲੇ ਤਖਤ ਸਾਹਿਬ ਤੇ ਕਢਕੇ ਸਜਾਏ ਜਾਂਦੇ ਹਨ ਅਤੇ ਹੋਰ ਭੀ ਬਹੁਤੇ ਸ਼ਸਤ੍ਰ–ਅਸਤਰ ਬਾਹਰ ਨਿਕਲਦੇ ਹਨ।

ਇਸ "ਗਜਗਾਹ" ਦੇ ਜਿਸ ਵੇਲੇ ਦਰਸ਼ਨ ਕਰਾਏ ਜਾਂਦੇ ਹਨ ਉਸ ਵੇਲੇ ੧ ਕਲਗੀ ਭੀ ਐਨ ਸਾਹਮਣੇ ਬਰੋਬਰ ਕਰਕੇ ਟਿਕਾਈ ਜਾਂਦੀ ਹੈ, ਜੋ ਸ੍ਰੀ ਮਾਨ ਬਾਬਾ ਨਰਾਇਨ ਸਿੰਘ ਜੀ ਪੁਜਾਰੀ ਦੇ ਭਾਨਜੇ ਸ: ਕਿਸ਼ਨ ਸਿੰਘ ਹਜ਼ੂਰੀਏ ਨੇ ਭੇਟ ਕੀਤੀ ਸੀ ਪਰੰਤੂ ਪਤਾ ਲਗਦਾ ਹੈ ਕਿ ਇਸਤੋਂ ਪਹਿਲੇ ਭੀ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਸ਼ੇਰ ਸਿੰਘ, ਮਹਾਰਾਜਾ ਨੌਨਿਹਾਲ ਸਿੰਘ ਤੇ ਉਹਨਾਂ ਦੇ ਪਿਤਾ ਜੀ ਵਲੋਂ ਕੀਮਤੀ ਮਣੀਆਂ ਤੇ ਜੁਵਾਹਰਾਤ ਦੀਆਂ ਕਲਗੀਆਂ ਹਾਜਰ ਹੋਈਆਂ ਹਨ।

ਚੰਗਾ ਹੋਵੇ ਕਿ ਸ਼ਸਤ੍ਰਾਂ ਦੇ ਦਰਸਨ ਕਰਨ ਵੇਲੇ ਪੁਜਾਰੀ ਸਿੰਘ ਸਾਹਿਬ ਨਾਮ ਪਤੇ ਭੀ ਕਦੀ ਕਦੀ ਪ੍ਰਗਟ ਕਰਨ ਦੀ ਕਿਰਪਾਲਤਾ ਕਰ ਦਿਤਾ ਕਰਨ ਤਾਂ ਕਿ ਕਿਸੀ ਨੂੰ ਭੁਲੇਖਾ ਨਾ ਰਹੇ।

ਹਾਂ! ਇਹ ਪ੍ਰਗਟ ਕਰ ਦੇਣਾਂ ਭੀ ਅਯੋਗ ਨਹੀਂ ਹੋਵੇਗਾ ਕਿ ਇਥੇ ਕਿਤਨਿਆਂ ਹੀ ਬੁੰਗਿਆਂ, ਗੁਰਦੁਆਰਿਆਂ, ਵਿਚ ਪਏ ਹੋਏ ਸ਼ਸਤ੍ਰ ਅਸਤ੍ਰ ਤਿਨ ਤਰਹਾਂ ਦੇ ਹਨ।

੧. ਓਹ ਜੋ ਨਿਤ ਸਵਾਰਕੇ ਵਰਤੇ ਦਰਸਾਏ ਜਾਂਦੇ ਹਨ।

੨. ਓਹ ਜੋ ਕਿਸੀ ਖਾਸ ਸਮੇਂ ਰੌਸ਼ਨੀ ਤੇ ਹਵਾ ਵੇਖਦੇ ਹਨ।

੩. ਓਹ ਕਿ ਜਿਨਾਂ ਨੂੰ ਰੌਸ਼ਨੀ ਤੇ ਹਵਾ ਦਿਖਾਈ ਹੀ ਨਹੀਂ ਜਾਂਦੀ ਤੇ ਅੰਦਰ ਪਏ ੨ ਹੀ ਜਰ ਜਰੀ ਹੋਕੇ ਅਪਨੀ ਕ੍ਰਾਂਤੀ, ਤੇਜ ਗਵਾਕੇ ਮਿਟੀ ਨਾਲ ਮਿਟੀ ਹੋਏ ਪਏ ਹਨ ਇਨ੍ਹਾਂ ਦੀ ਸੰਭਾਲ ਕਰਨੀ ਖ਼ਾਲਸੇ (ਪੁਜਾਰੀ ਸਿੰਘ ਆਦਿਕ) ਦਾ ਫਰਜ ਸੀ ਪਰੰਤੂ ਜੇ ਉਨ੍ਹਾਂ ਅਜ ਤਕ ਧਿਆਨ ਨਹੀਂ ਦਿਤਾ ਤਦ ਹੁਣ ਸਰਬਰਾਹ ਸਾਹਿਬ ਜੀ ਨੂੰ ਚਾਹੀਦਾ ਹੈ ਕਿ ਓਹ ਹਰ ਥਾਂ ਤੋਂ ਟੋਲ ਭਾਲ ਕੇ ਸੰਭਾਲਨ ਦਾ ਪ੍ਰਬੰਧ ਕਰਨ, ਕਿਉਂਕਿ ਇਹ ਇਕ

ਪੰਥ ਦੀ ਅਮਾਨਤ ਜੀਂਵਦੀ ਜਾਗਦੀ ਰੂਹ ਤੇ ਯਾਦਗਾਰ ਉਨਾਂ ਦੇ ਪਾਸ ਹੈ ?

ਚੰਗਾ ਹੋਵੇ ਜੇ ਇਹਨਾਂ ਲਈ ਮੁਨਾਸਬ ਸਾਈਜ ਦੀਆਂ ਤਖਤ ਸਾਹਿਬ ਜੀ ਦੀਆਂ ਉਪਰਲੀਆਂ ਛਤਾਂ ਵਿਚ ਮਖਮਲੀ ਅਲਮਾਰੀਆਂ ਬਨਵਾਕੇ ਉਹਨਾਂ ਵਿਚ ਸ਼ੀਸ਼ੇ ਲਾਕੇ ਕੁਲ ਵਾਧੂ ਸ਼ਸਤ੍ਰ ਸਜਾਏ ਜਾਨ, ਜਿਥੇ ਹਰ ਰੋਜ ਸੇਵਾ ਦੀਦਾਰ ਹੋਇਆ ਕਰੇ ਤੇ ਤਾਲੇ ਲਗੇ ਰਹਿਨ ਕਰਕੇ ਸੰਭਾਲ ਭੀ ਰਹੇਗੀ ਤੇ ਜੰਗ ਭੀ ਨਹੀਂ ਲਗੇਗਾ ਅਰ ਵਧ ਤੋਂ ਵਧ ਸਮੇਂ ਤਕ ਯਾਦਗਾਰੀ ਰਹਿ ਸਕਨਗੇ।

ਹਰ ਇਕ ਯਾਤਰੂ ਦਾ ਫਰਜ਼ ਹੈ ਕਿ ਓਹ ਐਸੇ ਸ਼ਸਤ੍ਰਾਂ ਦੇ ਦੀਦਾਰ ਕਰਕੇ ਸਿਖ ਸੂਰਬੀਰ, ਬਜੁਰਗਾਂ ਦੇ ਰੂਹ ਤੇ ਆਤਮਾ ਦਾ ਭੀ ਦੀਦਾਰ ਕੀਤਾ ਕਰੇ ਤਾਂ ਕਿ ਕਿਸੀ ਦੇ ਨੇਤਰਾਂ ਵਿਚ ਤਾਂ ਸ਼ਰਮ ਯਾ ਉਤਸ਼ਾਹ ਦੀਆਂ ਲਹਿਰਾਂ ਦਾ ਪ੍ਰਵਾਹ ਜਾਰੀ ਹੋਵੇ ?

**ਰੁਮਾਲ ਤੇ ਪੁਸ਼ਾਕੇ**—ਅਕਸਰ ਆਮ ਮਾਈ ਭਾਈ ਮਹਾਰਾਜ ਦੇ ਅੰਦਰਲੇ ਤਖਤ ਤੇ ਬਾਹਰਲੇ ਤਖਤ ਪ੍ਰਕਰਮਾਂ ਦੇ ਸਿੰਘਾਸਨ, ਫ਼ਰਸ਼ ਲਈ ਮਖਮਲੀ, ਜਰੀ ਖੀਨ ਖਾਬ, ਰੇਸ਼ਮੀ ਅਤਲਸ ਤੇ ਹੋਰ ਕੀਮਤੀ ਚਾਦਰੇ, ਰਮਾਲ, ਅਫਲਾ ਤੂਨੀਆਂ, ਸਰਹਾਣੇ, ਗਲੀਚੇ, ਦਰੀਆਂ, ਤੁਲਾਈਆਂ ਬੜੀ ਸਰਧਾ ਨਾਲ ਲੈਕੇ ਹਾਜਰ ਹੋਂਦੇ ਹਨ ਤੇ ਹੋਂਦੇ ਰਹਿਨਗੇ, ਜੋ ਕਿਸੀ ਦਿਨ ਬਿਰਧ ਤੇ ਵਾਧੂ ਭੀ ਹੋ ਸਕਦੇ ਹਨ ? ਜੇ ਇਹਨਾਂ ਦੀਆਂ ਪੰਡਾਂ ਬੰਨਕੇ ਰਖੀ ਜਾਈਏ ਯਾ ਵਲਿੰਗਣਿਆਂ ਤੇ ਹੀ ਝੁਲਾਈ ਜਾਈਏ, ਤਦ ਤਾਂ ਥਾਂ ਭੀ ਰਖਣ ਲਈ ਨਹੀਂ ਮਿਲੇਗਾ ? ਇਸ ਲਈ ਲੋੜ ਹੈ ਕਿ ਹਰ ਸਾਲ ਇਤਨੇ ਸਾਧਾਰਨ ਰੁਮਾਲ ਆਦਿਕ ਸੰਭਾਲ ਕੇ ਰਖੀਏ ਜੋ ਮਹੀਨੇ ਵਿਚ ਇਕ ਵੇਰ ਤਾਂ ਮੁੜ ਵਰਤੇ ਜਾ ਸਕਨ ਤੇ ਕੀਮਤੀ ਰੇਸ਼ਮੀ ਇਤਨੇ ਰਖੀਏ

ਜੋ ਸਾਲ ਵਿਚ ਗੁਰਪੁਰਬ ਮਹਲਿਆਂ ਦੇ ਦਿਨੀਂ ਸਾਲ ਵਿਚ ਇਕ ਵੇਰ ਤਾਂ ਵਰਤੇ ਜਾ ਸਕਨ ਤੇ ਫਟੀਆਂ ਲੀਰਾਂ ਲਮਕਦੀਆਂ ਨਾ ਦਿਖਾਈ ਦੇਣ।

ਜੋ ਲੋੜ ਤੋਂ ਵਧੀਕ ਹੋਨ ਓਹ ਉਹਨਾਂ ਗੁਰਦੁਆਰਿਆਂ ਸੰਗਤਾਂ ਬੁੰਗਿਆਂ ਤੇ ਧਰਮਸਾਲਾ ਵਿਚ ਭੇਜੇ ਜਾਨ ਜਿਥੇ ਉਹਨਾਂ ਦੀ ਲੋੜ ਹੋਵੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾ ਹੋਰ ਗੁਰਦੁਆਰੇ ਸਾਹਿਬ ਦੀ ਸੇਵਾ ਵਿਚ ਵਰਤੇ ਜਾ ਸਕਨ, ਕਿਉਂਕਿ ਬਹੁਤੇ ਐਸੇ ਭੀ ਥਾਂ ਹਨ ਜਿਥੇ ਸ੍ਰੀ ਗੁਰੂ ਗਰੰਥ ਸਾਹਿਬਾਂ ਦੇ ਚੰਦੋਏ ਰੁਮਾਲ ਇਤਨੇ ਮਸਤਾਨੇ ਹੁੰਦੇ ਹਨ ਕਿ ਨੇਤਰਾਂ ਨਾਲ ਵੇਖਦੇ ਹੀ ਹੰਝੂ ਵਹਿ ਤੁਰਦੇ ਹਨ।

## ਮਹਾਰਾਜ ਦੇ ਅੰਦਰਲੇ ਸਿੰਘਾਸਨ ਪ੍ਰਕਰਮਾਂ ਦੀਵਾਰਾਂ ਤੇ ਗੁੰਬਜ ਦੀ ਸੇਵਾ

ਚੰਗੀ ਤਰਾਂ ਵੇਖਣ ਤੋਂ ਨਿਸਚੇ ਹੋਇਆ ਹੈ ਕਿ ਅੰਦਰੋਂ ਮਹਾਰਾਜ ਦੇ ਤਖਤ ਸਿੰਘਾਸਨ, ਪ੍ਰਕਰਮਾਂ ਤੇ ਦੀਵਾਰਾਂ ਸੰਬੰਧੀ ਸੇਵਾ ਭਾਵੇਂ ਹਰ ਰੋਜ਼ ਜਲ ਤੇ ਹਰਸਾਲ ਅਤਰ, ਗੁਲਾਬ ਤੇ ਦਹੀਂ ਆਦਿਕ ਪਦਾਰਥਾਂ ਨਾਲ ਕੀਤੀ ਜਾਂਦੀ ਹੈ, ਪਰੰਤੂ ਅੰਦਰਲੀਆਂ ਦੀਵਾਰਾਂ ਤੇ ਗੁੰਬਜ਼ ਅਜੇ ਪਲਸਤਰ ਤੇ ਸਫੈਦੀ ਤੋਂ ਭੀ ਖਾਲ। ਪਏ ਹਨ। ਹਾਂ! ਚਾਹੀਦਾ ਤਾਂ ਇਹ ਸੀ ਕਿ ਅਸਾਡੇ ਦਿਲ, ਫੇਫੜੇ ਤੇ ਨੇਤਰਾਂ ਦੇ ਡੇਹਲੇ ਮਣੀਆਂ ਬਣਕੇ ਤੇ ਸਾਡਾ ਮਾਸ ਖੂਨ ਮਸਾਲਾ ਬਣਕੇ ਮਹਾਰਾਜ ਦੇ ਸਿੰਘਾਸਨ ਤੇ ਉਸ ਦੇ ਇਰਦ ਗਿਰਦ ਦੀਵਾਰਾਂ, ਪ੍ਰਕਰਮਾ ਤੇ ਗੁੰਬਦ ਦੇ ਕੰਮ ਆਂਵਦਾ ਪਰ ਅਸਾਂ ਨੇ ਕੁਛ ਕਰਨਾ ਤਾਂ ਕਿਨਾਰੇ ਰਿਹਾ ਕਦੀ ਸੋਚਿਆ ਭੀ ਸ਼ਾਇਦ ਹੀ ਹੋਵੇ

ਜੋ ਕੀ ਕਰਨਾ ਚਾਹੀਏ ?

ਹਾਂ ਜੀ ! ਜਿਸ ਦਸਮੇਸ਼ ਜੀ ਦੇ ਸੀਸ ਤੋਂ ਉਚੇ ਜਾਂਦੇ ਚੰਦਰਮਾਂ ਸੂਰਜ ਤੇ ਹੁਮਾ ਪੰਛੀ ਭੀ ਸ਼ਰਮਾਂਦੇ ਤੇ ਅਦਬ ਵਿਚ ਆਕੇ ਅਖੀਆਂ ਨੀਵੀਆਂ ਕਰੀ ਜਾਂਦੇ ਹਨ । ਇਕ ਅਸੀਂ ਹਾਂ ਜੋ ਉਸ ਦੇ ਸਿੰਘਾਸਨ ਤੋਂ ਉਚਾ ਵੀਲੰਗੜੇ (ਰਸੇ) ਬੰਨ੍ਹਕੇ ਵਿਛਾਈ ਦੇ ਸਾਮਾਨ ਨੂੰ ਉਚਾ ਲਟਕਾਂਦੇ ਸ਼ਰਮਾਂਦੇ ਨਹੀਂ ?

ਪਿਆਰੇ ਗੁਰ ਸਿਖ ਸ਼ਰਧਾਲੂ ਮਾਈਓ ਭਾਈਓ ! ਠੀਕ ਬਾਹਰੋਂ ਤਾਂ ਆਮੀਂ ਲੋਕਾਂ ਨੂੰ ਦਸਣ ਲਈ ਫਰਸ਼, ਦੀਵਾਰਾਂ, ਛਤਾਂ, ਸੰਗ ਮਰਮਰ, ਸੁਨਹਿਰੀ ਪਤਰੇ ਤੇ ਚਿਤ੍ਰਕਾਰੀ ਨਾਲ ਸੀਸ-ਮਹਿਲਾਂ ਤੋਂ ਚੰਗੇ ਸਜਾਈ ਜਾਂਦੇ ਹਾਂ ਪਰ ਅੰਦਰ ਧਿਆਨ ਦੇ ਕੇ ਯੋਗ ਤਿਆਰੀ ਵਲੋਂ ਚੁਪ (ਸੁਤੇ) ਰਹਿਣਾ ਕੀ ਸਾਡੇ ਲਈ ਸ਼ਰਮ ਤੇ ਅਫਸੋਸ ਵਾਲੀ ਥਾਂ ਨਹੀਂ ਹੈ ? ਹਛਾ ਜੀ ! ਜੇ ਅਸਾਡਾ ਪਹਿਲੇ ਅੰਦਰ ਦੀ ਸੇਵਾ ਵਲ ਉਸ ਪ੍ਰੇਮੀ ਦੀ ਤਰਾਂ ਧਿਆਨ ਨਹੀਂ ਗਿਆ ਜੋ ਪ੍ਰੇਮਾਂ ਭਗਤੀ ਨਿਮਗਨ ਕੇਲੇ ਦੀਆਂ ਛਿਲਾਂ ਹੀ ਛਕਾਈ ਜਾਂਦਾ ਸੀ, ਤਾਂ ਕੀ ਹੁਣ ਚੇਤੇ ਕਰਾਉਣ ਪਰ ਭੀ ਅਸੀਂ ਦਿਲੀ ਪ੍ਰੇਮ ਤੇ ਉਦਾਰਤਾ ਦਾ ਸਬੂਤ ਦੇਣੋਂ ਚੁਪ-ਗੜੁਪ ਬੈਠੇ ਰਹਾਂਗੇ ? ਕਦੀ ਨਹੀਂ ! ਇਸ ਲਈ ਹਰ ਇਕ ਗੁਰਮੁਖ ਸਿਖ ਮਾਈ ਭਾਈ ਦਾ ਫ਼ਰਜ਼ ਹੈ ਕਿ ਉਹ ਸੇਵਾ ਆਰੰਭ ਕਰਾਉਣ ਦੀ ਥਾਂ ਇਕ ਪਾਸੇ ਤਾਂ ਅੰਦਰਲੀ ਸੇਵਾ ਦੇ ਫ਼ੰਡ ਨੂੰ ਭਰਪੂਰ ਕਰਨ ਦਾ ਕਮਰ ਕਸਾ ਕਰੇ ਪਰ ਦੂਜੇ ਪਾਸੇ ਸੋਚੇ ਵਿਚਾਰੇ ਤੇ ਸਰਬਰਾਹ ਸਾਹਿਬ ਜੀ ਨੂੰ ਲਿਖੇ ਕਿ ਅੰਦਰਲਾ ਫ਼ਰਸ਼ ਪਲਸਤਰ ਦੀਵਾਰਾਂ ਤੇ ਛਤ ਜਿਸ ਤਰਾਂ ਵਧੀਕ ਸੁੰਦਰ ਤੇ ਮਜਬੂਤ ਅਰ ਗੁਰੂ ਕੀ ਸ਼ਾਨ ਦੇ ਕਾਬਲ ਹੋ ਸਕੇ ਉਸੀ ਤਰਾਂ ਪ੍ਰਬੰਧ ਕਰਾਵਣ ।

ਸਰਬਰਾਹ ਸਾਹਿਬ ਜੀ ਦਾ ਭੀ ਫਰਜ ਹੈ ਕਿ ਓਹ ਵਧ ਤੋਂ ਵਧ ਇਸ ਸੇਵਾ ਸਬੰਧੀ ਜੋ ਕੁਛ ਭੀ ਮਲੂਮ ਕਰ ਸਕਣ ਓਹ ਕਰਕੇ ਫਿਰ ਖਰਚ ਦਾ ਅਸਟੀਮੇਟ ਲਾਉਣ ਤੇ ਰਕਮ ਜਮਾ ਹੋਣ ਪਰ ਤੁਰਤ ਇਹ ਸੇਵਾ ਕਰਵਾ ਲੈਣ

ਤਾਂ ਕਿ ਵਧੀਕ ਸਮੇਂ ਤਕ ਅੰਦਰ ਦੀ ਸੇਵਾ ਸਬੰਧੀ ਮਦਾਖਲਤ ਦੀ ਲੋੜ ਨਾ ਪਵੇ ਤੇ ਨਾ ਹੀ ਅੰਦਰਲੇ ਪੁਜਾਰੀ ਸਾਹਿਬ ਜੀ ਦੀ ਜਿੰਮੇਵਾਰੀ ਬੜ੍ਹੇ ?

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼—

ਪੁਰਾਤਨ ਸਮੇਂ ਵਿਚ ਜਿਥੋਂ ਸੰਗਤਾਂ ਦੇ ਜਥੇ ਚਲਦੇ ਸਨ ਓਹ ਇਕ ਇਕ ਬੀੜ ਸੁੰਦਰ ਲਿਖਵਾਕੇ ਯਾ ਜਿਸਤਰਾਂ ਮਿਲਨ ਲੈਕੇ ਉਸ ਦੀ ਤਾਬਿਆ ਹੋਕੇ ਹਜ਼ੂਰ ਸਾਹਿਬ ਦਰਸ਼ਨਾਂ ਲਈ ਹਾਜਰ ਹੋਂਦੇ ਸਨ, ਕਿਉਂਕਿ ਉਹਨਾਂ ਦਾ ਵਿਸਵਾਸ ਸੀ ਕਿ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੱਦੀ ਤੇ ਸਥਾਪਨ ਕੀਤਾ ਗਿਆ ਹੈ ਤੇ ਉਥੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਜਾਨ ਵਿਚ ਵਸ਼ੇਸ਼ ਗੁਰੂ ਕਿਰਪਾ ਦੇ ਪਾਤਰ ਬਣ ਗੇ।

ਇਸ ਲਈ ਇਥੇ ਥੋੜੇ ਹੀ ਅਰਸੇ ਵਿਚ ਬਹੁਤੀਆਂ ਬੀੜਾ ਪ੍ਰਗਟ ਹੋ ਗਈਆਂ ਜਿੰਨਾਂ ਵਿਚੋਂ ੧੦ ਤੋਂ ਵਧੀਕ ਸ੍ਰੀ ਅਕਾਲ ਬੁੰਗੇ ਸਾਹਿਬ ਜੀ ਅਰ ਹੋਰ ਮਲਵਈ ਬੁੰਗੇ, ਸੁਖਈ ਬੁੰਗੇ ਧੁਪੀਆਂ ਦੇ ਬੁੰਗੇ ਆਦਿਕਾਂ ਵਿਚ ਪ੍ਰਕਾਸ਼ ਕੀਤੇ ਜਾਂਦੇ ਸੀ ਪਰੰਤੂ ਹੁਣ ਬਹੁਤੇ ਬਾਬੇ ਸਾਹਿਬ ਅੰਦਰਲੇ ਤਖਤ ਸਾਹਿਬ ਜੀ ਦ ਇਰਦ ਗਿਰਦ ਅਲਮਾਰੀਆਂ ਵਿਚ ਹੀ ਇਕ ਦੂਜੇ ਤੇ ਬਿਰਾਜਮਾਨ ਹਨ!

ਚੂੰਕਿ ਇਹਨਾਂ ਅਲਮਾਰੀਆਂ ਦੀ ਚੌੜਾਈ ਘਟ ਤੇ ਥਾਂ ਥੋੜੀ ਹੋਣ ਕਰਕੇ ਲੋੜ ਹੈ ਕਿ ਏਹ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਦੁਆਰੇ ਸਾਹਿਬ ਜਾ ਦੀਆਂ ਉਪਰਲੀਆਂ ਛਤਾਂ ਦੇ ਗੁੰਬਜਾਂ ਵਿਚ ਚੰਗੇ ਸੁੰਦਰ ਫਰਸ਼ ਤੇ ਪਲੰਗ ਸਜਾਕੇ 'ਪ੍ਰਗਟ ਗੁਰਾਂ ਕੀ ਦੇਹ' ਦੀ ਸ਼ਾਨ ਵਿਚ ਹੀ ਬਿਰਾਜਮਾਨ ਕੀਤੇ ਜਾਨ ਅਤੇ ਜੋ ਸਾਲ਼ ਵਿਚ ਇਕ ਯਾ ਕੁਛ ਵਧੀਕ ਵੇਰ ਪ੍ਰਕਾਸ਼ ਕਰਨ ਦਾ ਰਵਾਜ ਹੈ, ਉਸਦੀ ਬਜਾਏ ਫਿਲਹਾਲ ਉਪਰਲੀ ਛਤਾਂ ਦੀ ਪ੍ਰਕਰਮਾਂ ਵਰਤੀ ਜਾਏ ਤੇ ਹਰ ਰੋਜ਼ ਪ੍ਰਕਾਸ਼ ਹੋਇਆ

ਕਰੇ, ਪਰੰਤੂ ਜਿਉਂ ੨ ਅਕਾਲ ਬੁੰਗਾ ਆਦਿ ਸਜਦੇ ਜਾਣ, ਤਿਉਂ ੨ ਉਹਨਾਂ ਬੁੰਗਿਆਂ ਵਿਚ ਪ੍ਰਕਾਸ਼ ਹੋ ਕੇ ਸੇਵਾ ਪਾਠ ਭੇਟ ਅਰਦਾਸ ਹੋਇਆ ਕਰੇ।

**ਪ੍ਰਕਾਸ਼-ਤਖਤ (ਸਿੰਘਾਸਨ) ਤੇ ਹੋਵੇ**—ਜਿਥੇ ਮਹਾਰਾਜ ਜੀ ਨੇ ਪੁਰਾਤਨ ਨਿਸ਼ਾਨ ਆਸਨ ਦੇ ਕਢਕੇ ਦਸੇ ਸੀ ਉਥੇ ਹੀ ਆਪ ਬਰਾਜਦੇ ਰਹੇ, ਉਥੇ ਹੀ ਪ੍ਰਕਾਸ਼ ਕਰਕੇ ਪ੍ਰਕਰਮਾਂ ਕੀਤੀ ਉਥੇ ਹੀ ਕਨਾਤ ਅੰਦਰ ਚਿਖਾ ਰਚਾਈ ਤੇ ਉਸੀ ਥਾਂ ਖਾਲਸੇ ਨੇ ਸਿੰਘਾਸਨ ਬਣਾਇਆ ਪਰ ਨ ਮਾਲੂਮ ਉਸ ਸਿੰਘਾਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦੇ ਬਜਾਏ ਕਿਉਂ ਬਾਹਰਲੇ ਤਖ਼ਤ ਪਰ ਉਸ ਤੋਂ ਬਨਾਵਟ ਵਿਚ ਨੀਵੀਂ ਥਾਂ ਤੇ ਪ੍ਰਕਾਸ਼ ਕੀਤਾ ਜਾਂਦਾ ਹੈ ?

ਲੋੜ ਤਾਂ ਇਹ ਹੈ ਕਿ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ "ਗੁਰੂ ਮਾਨੀਓ ਗ੍ਰੰਥ" ਦੀ ਤਾਈਦ ਕੀਤੀ ਗਈ ਤੇ ਗੁਰੂ ਗੱਦੀ ਦਿਤੀ ਗਈ ਉਥੇ ਗੁਰੂ ਸਨਮਾਨ ਦੀ ਸ਼ਾਨ ਅਨੁਸਾਰ ਹੀ ਪ੍ਰਕਾਸ਼ ਸਥਾਨ ਤੇ ਸਮਾਨ ਹੋਣਾ ਚਾਹੀਏ ਜਿਸ ਕਰਕੇ ਬਹੁਤੀਆਂ ਸੰਗਤਾਂ ਸਨਮੁਖ ਦੀਦਾਰ, ਸਨਮੁਖ ਭੇਟ ਅਰਦਾਸ ਤੇ ਸਨਮੁਖ ਹੁਕਮ ਕਥਾ, ਕੀਰਤਨ, ਪਾਠ ਵਿਚਾਰ ਦਾ ਲਾਭ ਪ੍ਰਾਪਤ ਕਰ ਸਕਣ।

ਇਹ ਸਭ ਕੁਛ ਤਦੇ ਹੋ ਸਕਦਾ ਹੈ ਕਿ ਬਾਹਰਲੇ ਪੁਜਾਰੀ ਸਿੰਘ ਜੀ ਤੇ ਧੂਪੀਏ ਸਿੰਘ ਜੀ ਦੇ ਪਲੌਣ ਵਾਲੇ ਥਾਂ ਤੇ ਦੋ ਗੁੰਬਜਦਾਰ ਸਿੰਘਾਸਨ ਸੰਗ ਮਰਮਰ ਯਾ ਉਸ ਤੋਂ ਭੀ ਚੰਗੇ ਪਥਰ ਯਾ ਧਾਤੂ ਦੇ ਇਤਨੇ ਉਚੇ ਤੇ ਸੁੰਦਰ ਤਿਆਰ ਕੀਤੇ ਜਾਣ ਜਿਨ੍ਹਾਂ ਤੇ ਕੀਤਾ ਗਿਆ ਪ੍ਰਕਾਸ਼ ਤੇ ਅੰਦਰ ਮਹਾਰਾਜ ਦੇ ਤਖਤ ਸਿੰਘਾਸਨ (ਜਿਥੇ ਹੁਣ ਸ਼ਸਤ੍ਰ ਸਜਦੇ ਹਨ) ਪਰ ਕੀਤੇ ਪ੍ਰਕਾਸ਼ ਵਿਚ ਉਚਾਈ ਨੀਂਵਾਈ ਨ ਪ੍ਰਤੀਤ ਹੋਵੇ ਇਸ ਤਰਾਂ ਦਾ ਪ੍ਰਬੰਧ ਕੀਤਾ ਜਾਏ ਤੇ ਆਸਾ ਜੀ ਦੀ ਵਾਰ ਤੇ ਸੋਹਿਲੇ ਦੇ ਆਰੰਭ ਸਮੇਂ ਅੰਦਰੋਂ ਹੁਕਮ ਲੀਤਾ ਜਾਏ ਅਰ ਚਰਨ ਕਮਲ, ਸੋਦਰ, ਆਰਤੀ ਤੇ ਬਿਲਾਵਲ

ਚੌਕੀ ਦੀ ਅਰਦਾਸ ਮਗਰੋਂ ਦੋਹਾਂ ਸਿੰਘਾਸਨਾਂ ਬਾਹਰਲਿਆਂ ਪਰ ਕੀਤੇ ਪ੍ਰਕਾਸ਼ ਤੋਂ ਹੁਕਮ ਲੀਤੇ ਜਾਣ।

ਇਸ ਤਰਾਂ ਦਾ ਪ੍ਰਕਾਸ਼, ਨਿਵਾਸ ਤੇ ਦੀਵਾਨ ਦੀ ਸ਼ੋਭਾ ਸਤਿਕਾਰ ਤੇ ਸੰਗਤ ਖਾਲਸੇ ਦੇ ਉਤਸ਼ਾਹ ਨੂੰ ਵਧਾਉਣ ਵਾਲਾ ਹੋਵੇਗਾ ਇਸ ਲਈ ਹਰ ਇਕ ਯਾਤਰੂ ਤੇ ਸੇਵਾਦਾਰ, ਪ੍ਰਬੰਧਕ ਸੁਹਿਰਦ ਨੂੰ ਆਪਣੇ ਅੰਦਰ ਇਸ ਤਰੀਕੇ ਦਾ ਫੋਟੋ ਖਿਚ ਕੇ ਅ_ਭਵ ਕਰਨ ਦੀ ਕੋਸ਼ਿਸ਼ ਕਰਨੀ ਚਾਹੀਏ ਕਿ ਮੌਜੂਦਾ ਤ੍ਰੀਕਾ ਚੰਗਾ ਹੈ ਯਾ ਇਉਂ ਬਣਨ ਵਾਲਾ ਤਰੀਕਾ ਚੰਗਾ ਹੈ।

**ਮਾਸਕ ਪਤਰ ਤੇ ਰੀਪੋਰਟ**—ਗੁਰੂ ਜੀ ਦੇ ਹਜ਼ੂਰੀ ਵੇਲੇ ਤੋਂ ਹੀ ਇਹ ਮਰਯਾਦਾ ਪ੍ਰਚਲਤ ਹੈ ਕਿ ਸਿਖ ਸੰਗਤਾਂ ਪਾਸ ਹੁਕਮਨਾਮੀਏ ਪੁਜਣ ਤੇ ਗੁਰੂ ਕਾ ਹੁਕਮ ਪ੍ਰਗਟ ਕਰਦੇ ਸੀ। ਚੂੰਕਿ ਉਸ ਵੇਲੇ ਡਾਕ ਤੇ ਸਵਾਰੀ ਦੀਆਂ ਐਸੀਆਂ ਸਹੂਲਤਾਂ ਨਹੀਂ ਸਨ ਤਾਂ ਭੀ ਖਬਰਾਂ ਤੇ ਹੁਕਮ ਪੁਜਦੇ ਸਨ ਪਰੰਤੂ ਜਦ ਹੁਣ ਹਰ ਤਰਾਂ ਦੀ ਸਹੂਲਤ ਹੈ ਫਿਰ ਕਿਉਂ ਨ ਥੋੜੇ ਤੇ ਥੋੜੇ ਸਮੇਂ ਵਿਚ ਬਹੁਤੀਆਂ ਸੰਗਤਾਂ ਨੂੰ ਮਾਸਕ ਰਪੋਟ ਰਾਹੀਂ ਗੁਰਬਚਨਾਂ, ਗੁਰ ਸੇਵਾ, ਆਮਦਨ ਤੇ ਖਰਚ ਆਦਿ ਤੋਂ ਜਾਣੂੰ ਕੀਤਾ ਜਾਏ।

ਅਕਸਰ ਸੰਗਤਾਂ ਸ਼ਰਧਾ ਰਖਦੀਆਂ ਹਨ ਪਰੰਤੂ ਹਰ ਕੋਈ ਆਪਣੇ ਤਜਰਬੇ ਤੇ ਖਿਆਲ ਦੇ ਗਜ ਨਾਲ ਦੂਜਿਆਂ ਦੇ ਭਾਵ ਨੂੰ ਨਾਪਦਾ ਹੈ ਤੇ ਕਦੀ ੨ ਇਉਂ ਹੁੰਦਾ ਭੀ ਹੈ ਕਿ ਉਸ ਦੇ ਸ਼ਕ ਸਚ ਸਾਬਤ ਹੋਂਦੇ ਹਨ।

ਇਸ ਲਈ ਲੋੜ ਹੈ ਕਿ ਜੇ ਮਾਹਵਾਰੀ ਇਕ ਪੱਤਰ ਜਾਰੀ ਕੀਤਾ ਜਾਏ ਤਾਂ ਉਸ ਵਿਚ ਗੁਰੂ ਜੀ ਦੇ ਉਪਦੇਸ਼, ਪੰਥਕ ਸੁਧਾਰ, ਵੀਚਾਰ (ਮਿਸਲ ਨੰ: ੯੬ ਸੰਨ ੧੨੨੫ ਹਿਜਰੀ ਮਾਮਲਾਤ ਨਿਰਮਲੇ ਸੰਤ,) ਪੰਥਕ ਸਮਾਚਾਰ, ਮੁਲਕੀ ਹਾਲਾਤ ਤੇ ਹਜ਼ੂਰੀ ਸਮਾਚਾਰ ਆਦਿ ਪੰਜ ਮਜ਼ਮੂਨਾਂ ਵਿਚ ਹੀ ਆਮਦਨ ਖਰਚ, ਤੇ ਲੋੜ ਆਦਿ ਭੀ ਦਰਸਾ ਦਿਤੀ ਜਾਇਆ ਕਰੇ।

ਜਿਸ ਤੋਂ ਸੰਗਤਾਂ ਨੂੰ ਭੀ ਦਰਸ਼ਨਾਂ ਦੀ ਖਿਚ ਵਧੇਗੀ, ਦਰਸ਼ਕਾਂ ਦੀ ਤਾਦਾਦ ਵਧਣ ਤੇ ਆਮਦਨ ਭੀ ਵਧੇਗੀ।

**ਹਜ਼ੂਰ ਸਾਹਿਬ ਤੇ ਪਰਚਾਰ**—ਅਜ ਤੋਂ ੫੦ ਸਾਲ ਪਹਿਲੇ, ਜਨਮ ਮ੍ਰਿਤੂ ਦੇ ਸੂਤਕ ਪਾਤਕ ਅਤੇ ਜਾਤ ਸਨਾਤ ਦੇ ਭਰਮ-ਬਲ ਦੇ ਸਾਹਮਣੇ ਕਰਮ ਧਰਮ, ਧਿਆਨ, ਗਿਆਨ ਤੇ ਪੂਜਾ ਪਾਠ, ਸਤਿਸੰਗ ਤੇ ਸੇਵਾ ਆਦਿ ਦੀ ਨਿਰਬਲਤਾ ਯਾ ਅੰਨਜ ਧਰਮੀ ਸੰਸਕਾਰਾਂ ਤੋਂ ਸ੍ਵੈਧਰਮ ਅਨਕੂਲ ਸੰਸਕਾਰਾਂ ਵਿਚ ਹਰ ਪਾਸੇ ਅਮਲੀ ਅਸ਼ਰਧਾ ਦੇ ਪ੍ਰਭਾਵ ਦਾ ਜ਼ੋਰ ਸੀ, ਪਰੰਤੂ ਹੁਣ ਗੁਰਮਤਿ ਪ੍ਰਚਾਰ ਵੀਚਾਰ ਦੇ ਜ਼ਰੀਏ ਬਹੁਤੇ ਥਾਵਾਂ ਤੇ ਕੁਛ ਨ ਕੁਛ ਨਵਿਰਤ ਹੋ ਗਿਆ ਹੈ ਤਾਂ ਭੀ ਲੋੜ ਹੈ ਕਿ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ ਦੇ ਹਜ਼ੂਰੋਂ ਸਿਖ ਮਾਤ੍ਰ ਦੇ ਕੰਨਾਂ ਤਕ ਇਸ ਭਾਵ ਦੀ ਆਵਾਜ਼ ਪਹੁੰਚਾਈ ਜਾਵੇ ਕਿ:—

(ੳ) ਹਰ ਇਕ ਸਿਖ ਪ੍ਰਵਾਰ, ਸੰਤਾਨ ਦੇ ਜਨਮ ਪਰ "ਅੰਮ੍ਰਿਤ" ਸੰਸਕਾਰ ਕਰਕੇ, ਅਤੇ ਹਰ ਇਕ ਮ੍ਰਿਤਕ ਤੇ "ਸੋਹਿਲਾ" ਪਾਠ ਕਰ ਸੁਣਕੇ ਅਰਦਾਸੇ ਪਿਛੋਂ ਸੂਤਕ-ਮਾਤਰ ਦਾ ਭਰਮ-ਭਉ ਦੂਰ ਕਰ ਦਿਤਾ ਕਰੇ, ਕਿਉਂਕਿ ਸਤਿਗੁਰੂ ਜੀ ਦਾ ਹੁਕਮ ਹੈ:—

ਜੰਮਣਾ ਮਰਨਾ ਹੁਕਮ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰ ਹੈ ਦਿਤੋਨ ਰਿਜਕ ਸੰਬਾਹਿ॥

ਕਿਸੇ ਤਰਾਂ ਗੁਰਦਵਾਰੇ ਆਦਿ ਵਿਚ ਰੋਕ ਟੋਕ ਨਾਂ ਕੀਤੀ ਜਾਵੇ।

(ਅ) ਬਕਾਇਦਾ ਪਹਿਲੇ ਵੀਵਾਹੁ ਦੀ ਤਰਾਂ ਕਿਸੇ ਵਿਧਵਾ ਆਦਿ ਨੂੰ ਵੀਆਹੇ ਬਿਨਾਂ ਕੋਈ ਗਹਸਤ ਨਾ ਕਰੇ, ਅਤੇ ਕਿਸੀ ਬੇਟੀ ਬੇਟੇ ਦੇ ਪਰਸਪਰ ਗੁਣ, ਸੁਭਾਵ, ਕਰਮ, ਸਰੂਪ, ਆਯੂ ਤੇ ਮਨ ਦਾ ਮੇਲ ਧਰਮ-ਪੰਥ ਅਨਕੂਲ ਹੋਣ ਪਰ ਆਨੰਦ ਅਰਦਾਸ ਵਿਚ ਕੋਈ ਰੁਕਾਵਟ ਪਾਨ ਦੀ ਕੋਸ਼ਸ਼ ਨਾ ਕਰੇ।

(ੲ) ਕੋਈ ਭੀ ਅੰਮ੍ਰਿਤ ਅਭਿਲਾਖੀ ਮਨੁਸ਼ ਜਦ ਬਸਤ੍ਰ, ਸਰੀਰ ਤੇ ਮਨ, ਵਾਸਨਾ, ਸਵਛ ਕਰਕੇ, ਸੋਧ ਵਿਚ ਤਿਆਰ ਬਰ ਤਿਆਰ ਹੋ ਜਾਏ, ਉਸਦੇ ਅੰਮ੍ਰਿਤ ਪਾਨ ਕਰਨ ਵਿਚ ਕੋਈ ਰੋਕ ਨਾ ਪਾਈ ਜਾਵੇ।

ਇਸ ਐਲਾਨ ਦੁਆਰਾ ਜਿਥੇ ਸਿਖ ਮਾਤਰ ਦਾ ਇਕ ਕੁਰੈਹਤ ਤੋਂ ਬਚਾਓ ਹੋਵੇਗਾ, ਉਥੇ ਬਹੁਤੇ ਸਿਖ ਭਾਈ ਅੰਨਜ ਮਤੀ ਭਰਮ ਜਾਲ ਤੋਂ ਭੀ ਛੁਟਕਾਰਾ ਪਾ ਜਾਨਗੇ।

**ਸਰਬਰਾਹ ਹਜ਼ੂਰ ਸਾਹਿਬ ਜੀ**—ਪ੍ਰਤੀਤ ਹੋਂਦਾ ਹੈ ਕਿ ਬੀਸਵੀਂ ਸਦੀ ਦੇ ਸ਼ੁਰੂ ਤੋਂ ਵਧ ਰਹੀ ਸਿਖਾਂ ਦੀ ਬੇ ਇਤਫਾਕੀ ਤੇ ਘਰੋਗੀ ਫੁਟ ਨੇ ਸਰਕਾਰ ਨਜ਼ਾਮ ਨੂੰ ਮਜਬੂਰ ਕੀਤਾ ਸੀ ਕਿ ਓਹ ਗੁਰਦੁਆਰੇ ਸਾਹਿਬ ਦੇ ਇੰਤਜਾਮ ਨੂੰ ਅਪਨੀ ਨਿਗਰਾਨੀ ਵਿਚ ਲੈਕੇ ਸਿਖ ਕੌਮ ਦੇ ਪਹਿਲੇ ਦੋਸਤਾਨਾ ਤਅਲੱਕਾਤ ਕਾਇਮ ਰਖੇ ਤੇ ਇਸੀ ਅਰਸੇ ਵਿਚ ਰੇਲ ਦੇ ਆਵਨ ਕਰਕੇ ਜਿਥੇ ਦਰਸਕਾਂ ਦੀ ਆਵਾ ਜਾਈ ਵਧ ਗਈ ਉਥੇ ਗੌਰਮੈਂਟ ਨਜ਼ਾਮ ਦੇ ਦਿਆਨਤਦਾਰ, ਜਿਮੇਂਵਾਰ, ਔਫੀਸਰਾਂ ਦੀ ਸੁਹਿਰਦਤਾ ਕਰਕੇ, ਗੁਰਦੁਆਰੇ ਸਾਹਿਬ ਦੀ ਅਮਾਰਤ ਆਦਿ ਵਿਚ ਭੀ ਕਾਫੀ ਉਨਤੀ ਤਰੱਕੀ ਹੋਈ ਹੈ।

ਨਜ਼ਾਮ ਗੌਰਮਿੰਟ ਦੀ ਇਸ ਮੇਹਰਬਾਨੀ ਦਾ ਜਿਤਨਾ ਭੀ ਸ਼ੁਕਰੀਆ ਅਦਾ ਕੀਤਾ ਜਾਏ ਥੋੜਾ ਹੈ ਕਿਉਂਕਿ ਜਿਥੇ ਉਨ੍ਹਾਂ ਨੇ ਸਰਬਰਾਹ ਸਿਖ ਰਸਾਲਦਾਰ ਮੁਕੱਰਰ ਕਰਨ ਦਾ ਤਰੀਕਾ ਵਰਤਿਆ, ਉਥੇ ਉਨਾਂ ਦੀ ਕਿਸੀ ਕਮਜੋਰੀ ਪਰ ਤੁਰਤ—ਤਬਦੀਲੀ ਅਤੇ ਗੁਰਦੁਆਰੇ ਸਾਹਿਬ ਤੋਂ ਸਿਰਫ ਕੁਛ ਅਲੌਂਸ ਹੀ ਦੇ ਦਿਵਾਕੇ ਬਾਕੀ ਤਨਖਾਹ ਜਮੀਅਤ ਸਿਖਾਂ ਵਿਚੋਂ ਹੀ ਜਾਰੀ ਰਖਣ ਦੀ ਭੀ ਕਿਰਪਾਲਤਾ ਕੀਤੀ ਹੈ।

ਬਾਵਜੂਦ ਇਤਨੀਆਂ ਰਿਆਇਤਾਂ ਦੇ ਫਿਰ ਭੀ ਇਸ ਅਰਸੇ ਵਿਚ ਜੋ ਕਰੀਬਨ ੬੦੦ ਏਕੜ ਜਮੀਨ ਨੰਦੇੜ, ਵਜੀਰਾ

ਬਾਦ ਤੇ ਹਸਾ ਪੁਰ ਦੀ ਸੀ ਉਸ ਵਿਚੋਂ ਰੇਲਵੇ ਸਟੇਸ਼ਨ, ਕਚੈ-ਹਰੀਆਂ, ਮਿਲਾਂ, ਕੋਠੀਆਂ, ਮੌਂਡਾ ਆਦਿ ਦੀ ਸ਼ਕਲ ਵਿਚ ਤੇ ਹੋਰ ੨ ਹੇਰਾ ਫੇਰੀ ਵਿਚ ਇਧਰ ਉਧਰ ਹਜ਼ਮ ਹੋ ਗਈ ਪ੍ਰਤੀਤ ਹੋਂਦੀ ਹੈ ਜਿਸਦੇ ਸਬੂਤ,

(੧) ਦਾਖਲਾ ਨੰ: ੩੬ ਸੰਨ ੧੩੧੧ ਫਸਲੀ

(੨) ਨਿਸ਼ਾਨ ਸਿਲਸਿਲਾ ਸਨਦ ਯਾ ਸਦਰ ਨੰ: ੫੧੬੯

(੩) ਹੁਕਮ ਸਰ ਮਹਾਰਾਜ ਬਹਾਦਰ ਯਮਨੁਲ ਸਲਤਨਤ ਮਦਾਰਲ ਮਹਾਮ ਸਰਕਾਰ ਆਲੀ ਬਮੂਜਬ ਫੁਰਮਾਨ ਆਲਾਹਜਰਤ ਮਦਖਲਾਏ ਏਨਾਮ।

(੪) ਬਨਾਮ ਗੁਰਦੁਆਰਾ ਸਾਹਿਬ ਬਰਾਏ ਅਖਰਾਜਾਤ ਗੁਰਦੁਆਰਾ।

(੫) ਮਿਸਲ ਨੰ: ੯ ਮੋਤਦੀ ਸੀਗਾ ਮਾਲ ਅਤੀਆਤ ੧੩੧੨ ਫਸਲੀ।

(੬) ਮਿਸਲ ਨੰ: ੧੨੦੮ ਅਲਾਕਾ ਨੰਦੇੜ ੨੨ ਫਰਵਰੀ ੧੩੧੭ ਫਸਲੀ, ਮੁਤਾਬਕ ੨੪ ਮਹੁਰਮ ਉਲ ਮਹਾਰਮ ੧੩੨੬ ਹਿਜਰੀ ਤੇ ਮੁਤਲਕਾ ਹੋਰ ਮਿਸਲਾਤ ਹਨ।

ਇਸ ਕਰਕੇ ਭੀ ਅਤੇ ਸਟੇਟ ਨਜ਼ਾਮ ਦੇ ਨਿਵਾਸੀ ਪੰਜ ਹਜਾਰ ਤੋਂ ਵਧੀਕ ਖੰਡੇ ਦੇ ਪਾਹੁਲੀ ਸਿੰਘ ਅਤੇ ਲਖਾਂ ਦੀ ਗਿਣਤੀ ਵਿਚ ਇਰਦ ਗਿਰਦ ਰਹਿਨ ਵਾਲੇ ਵਣਜਾਰੇ ਸਿਖਾਂ ਯਾ ੫੦੦ ਤੋਂ ਵਧੀਕ ਜਮੀਅਤ ਸਿਖ ਮੁਲਾਜਮਾਨ ਦੀ ਸੰਤਾਨ ਦੀ ਵਿਦਿਯਕ ਤੇ ਦਸਤਕਾਰੀ ਸਬੰਧੀ ਮੁਨਾਸਬ ਉਨਤੀ ਵਲ ਖਾਸ ਤਵਜੋਂ ਨਾ ਦੇਣੀ, ਇਸ ਸਲੂਕ ਨੂੰ ਸੋਚਕੇ ਹਰ ਇਕ ਸਿਖ ਨੂੰ ਸਖਤ ਅਫਸੋਸ ਭੀ ਹੋਂਦਾ ਹੈ, ਕਿਉਂਕਿ ਇਸਤਰਾਂ ਜਿਥੇ ਗੁਰ-ਦੁਵਾਰੇ ਸਾਹਿਬ ਦੀ ਮਲਕੀਅਤ ਨੂੰ ਨੁਕਸਾਨ ਪੁਜਾ ਹੈ ਉਥੇ ਸਿਖ ਪੰਥ ਦੀ "ਪੰਚ ਪ੍ਰਧਾਨ" ਵਾਲੀ ਤਾਕਤ ਨੂੰ ਭੀ ਬੇ ਹਦ ਨੁਕਸਾਨ ਪੁਜਾ ਹੈ ਤੇ ਉਥੋਂ ਦੇ ਸਿਖ ਰਸਾਲਦਾਰਾਂ ਦੀ ਗੁਰਦੁਆਰਾ ਸਾਹਿਬ ਜੀ ਦੇ ਸਰਬਰਾਹ ਹੋਣ ਵਾਲੀ ਪੁਜੀਸ਼ਨ ਨੂੰ ਭੀ ਸਖਤ ਨੁਕਸਾਨ

ਪਹੁੰਚਿਆ ਹੈ ।

ਇਸ ਲਈ ਹੁਣ ਲੋੜ ਹੈ ਕਿ ਨਜਾਮ ਗਰਮਿੰਟ ਸਿਖਾਂ ਦੇ ਪ੍ਰਤੀਨਿਧ ਜਥਿਆਂ ਦੀ ਰਾਹੀਂ ਕਿਸੀ ਯੋਗ ਸਿਖ ਨੂੰ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਗੁਰਦੁਆਰੇ ਦੀ ਸਰਬਰਾਈ ਲਈ ਅਗੇ ਕਰਨ ਦਾ ਸੁਨੇਹਾ ਦੇਵੇ ਤਾਂਕਿ ਜਿਥੇ ਖਾਲਸਾਪੰਥ ਤੇ ਨਜਾਮ ਗੌਰਮੈਂਟ ਦੇ ਪਿਆਰ ਸਤਕਾਰ ਤੇ ਗੁਰਦੁਆਰੇ ਸਾਹਿਬ ਦੀ ਦੇ ਸਨਮਾਨ ਮਾਲ ਵਿਚ ਦਿਨੋ ਦਿਨ ਉਨਤੀ ਹੋਵੇ ਉਥੇ ਜੋ ਕਿਸੀ ਬੇਬਸੀ ਉਕਾਈ ਨਾਲ ਗੁਰਦੁਆਰੇ ਤੇ ਪੰਥ ਦਾ ਹਰਜ ਹੋਯਾ ਹੈ ਉਸਦੇ ਪੂਰਾ ਕਰਨ ਲਈ ਮਿਲਵੀਂ ਵੀਚਾਰ ਤੋਂ ਕੰਮ ਲੀਤਾ ਜਾਏ ।

ਇਹਨਾਂ ਲਫਜਾਂ ਪਰ "ਹਜ਼ੂਰੀ ਸਾਥੀ" ਨੂੰ ਬਿਸਰਾਮ ਦੇਕੇ ਮੈਂ ਹਰ ਇਕ ਪਾਠਕ ਤੇ ਸਰੋਤਾ (ਜਿਮੇਂਵਾਰ, ਗੈਰ ਜਿਮੇਂਵਾਰ ਸਰਕਾਰੀ ਤੇ ਗੈਰ ਸਰਕਾਰੀ) ਸਜਨ ਪਾਸ ਬਿਨੈ ਕਰਦਾ ਹਾਂ ਕਿ ਮੇਰੇ ਮਨੋਰਥ (ਸੁਧਾਰ ਤੇ ਸੁਖ) ਨੂੰ ਮੁਖ ਰਖਕੇ ਇਸ ਲਿਖਤ ਵਿਚ ਆਈ ਹੋਈ ਆਪ ਜੋ ਮੇਰੀ ਗਲਤੀ ਸਮਝੋ, ਉਸਤੋਂ ਮੈਨੂੰ ਜਾਣੂ ਕਰਨ ਦੀ ਖੇਚਲ ਕਰੋ, ਤਾਂ ਕਿ ਦੂਜੀ ਐਡੀਸ਼ਨ ਵਿਚ ਦਰੁਸਤ ਹੋਕੇ ਯਾਤਰੂਆਂ, ਪ੍ਰਬੰਧਕਾਂ, ਸੇਵਾਦਾਰਾਂ ਤੇ ਸਿਖ ਸੰਗਤਾਂ ਵਾ ਮਨੁਸ਼ ਮਾਤ੍ਰ ਆਦਿਕਾਂ ਲਈ—

ਨਾਨਕ ਨਾਮੁ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬਤ ਕਾ ਭਲਾ ॥

ਵਾਲਾ ਭਾਵ ਵਧ ਤੋਂ ਵਧ ਅਮਲ ਵਿਚ ਆ ਸਕੇ ?

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥

॥ ਸੰਪੂਰਨ ॥

ਪਤਰ ਨੰਬਰ ੧੯੨
੧੦ ਜਨਵਰੀ ੧੯੨੫

# ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼

ਸਰਕੂਲਰ ਨੰ: ੨੪੬
੧੩ ਜਨਵਰੀ ੧੯੨੫:

ਅਰਥਾਤ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਰੀਆਂ ਤੁਕਾਂ ਦਾ ਅੱਖਰ ਮਾਤ੍ਰਕ ਤਤਕਰਾ

(ਸ਼੍ਰੋ: ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਰਾਏ)

"ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ 'ਨਿਹੰਗ' ਨੇ ਜੋ ਭਾਰੀ ਮਿਹਨਤ ਕਰਕੇ 'ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼' ਨਾਮੇ ਪੁਸਤਕ ਛਪਵਾਈ ਹੈ ਉਸ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਪ੍ਰਸੰਸਾ ਦੀ ਨਜ਼ਰ ਨਾਲ ਵੇਖਦੀ ਹੈ। ਇਸ ਗ੍ਰੰਥ ਨੂੰ ਰਚਕੇ ਆਪ ਨੇ ਪੰਥ ਦੀ ਇਕ ਭਾਰੀ ਲੋੜ ਨੂੰ ਪੂਰਾ ਕਰ ਦਿਤਾ ਹੈ !! ਇਸ ਦੀ ਮਦਦ ਨਾਲ ਹਰ ਇਕ ਤੁਕ ਪੂਰੇ ਪਤੇ ਸਮੇਤ ਇਕੋ ਹੀ ਮਿੰਟ ਵਿਚ ਮਿਲ ਸਕਦੀ ਹੈ !!! ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਇਕ ਨਿਵਾਸ ਅਸਥਾਨ ਵਿਚ ਇਸ ਦਾ ਹੋਣਾ ਅਤੀ ਜ਼ਰੂਰੀ ਹੈ! ਸ਼੍ਰੋ: ਗੁ: ਪ੍ਰ: ਕਮੇਟੀ ਆਸ ਰੱਖਦੀ ਹੈ ਕਿ ਸਮੂਹ ਗ੍ਰੰਥੀ, ਗਿਆਨੀ, ਰਾਗੀ ਤੇ ਪ੍ਰਚਾਰਕ ਇਸ ਗ੍ਰੰਥ ਨੂੰ ਖ੍ਰੀਦਕੇ ਲਾਭ ਉਠਾਉਨਗੇ।

ਇਹ ਗ੍ਰੰਥ ੨੦—੩੦ ਦੇ ੮ ਪੇਜਾਂ ਤੇ ੧੪ ਪੁਆਇੰਟ ਦੇ ਟੈਪ ਵਿਚ ੭੪੦ ਪੰਨਿਆਂ ਤੇ ਪ੍ਰਕਾਸ਼ਤ ਹੈ। ਇਸਦੀ ਭੇਟਾ ਖਰਚ ਮਾਤਰ ੧੦) ਹੈ, ਪਰੰਤੂ ਸ: ਬ: ਸ: ਧਰਮ ਸਿੰਘ ਜੀ ਸਚ ਖੰਡ ਵਾਸੀ ਵਲੋਂ ਪਰਚਾਰ ਹਿਤ ਰਿਆਇਤੀ ਭੇਟਾ ੫) ਹੈ।

# ਜ਼ਰੂਰ ਪੜ੍ਹੋ

## ਸ੍ਰੀ ਗੁਰ ਸੋਭਾ ਅਰਥਾਤ ਖ਼ਾਲਸਾ ਪ੍ਰਗਾਸ ਗ੍ਰੰਥ

ਜੋ ੧੮ ਵੀਂ ਸਦੀ ਦੇ ਅੰਤ ਪਰ ਸੈਨਾ ਪਤਿ ਕਵੀ ਦੀ ਰਚਨਾ ਹੈ ਇਸ ਵਿਚ ਦਸਮੇਸ਼ ਪ੍ਰਕਾਸ਼, ਦਸਮੇਸ਼ ਜੁਧ, ਖ਼ਾਲਸਾ ਪ੍ਰਕਾਸ਼, ਸਿਧੀ ਰਹਿਤ ਪ੍ਰਕਾਸ਼, ਸਾਹਿਬਜ਼ਾਦਿਆਂ ਦੇ ਜੁਧ, ਨੀਤੀ, ਦਖਣ ਕੂਚ, ਜੋਤੀ ਜੋਤ ਤੇ ਭਵਿਖਤ ਵੀਚਾਰ ਹਨ।

ਕੀਮਤ। =), ॥)

## ਇਸਤ੍ਰੀ ਸੰਕਟ ਮਚਨ

ਅਰਥਾਤ ਵਿਧਵਾ ਵਿਵਾਹ ਦੀ ਪ੍ਰਮਾਣੀਕਤਾ ਵੇਦ, ਸ਼ਾਸਤ੍ਰ, ਪੁਰਾਣ, ਅੰਜੀਲ, ਕੁਰਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿਖ ਇਤਿਹਾਸ ਦਵਾਰਾ ਸਿਧ ਕੀਤਾ ਹੈ ਕਿ ਹਿਤਵੰਤੀ ਇਸਤ੍ਰੀਆਂ ਦਾ ਪੁਨਰ ਵਿਵਾਹ ਕਰਨਾ ਕੋਈ ਪਾਪ ਨਹੀਂ ਹੈ। ਰੰਗੀਨ ਤੇ ਸਾਦੀਆਂ ਤਸਵੀਰਾਂ ਸਮੇਤ।

ਪਤਾ:–

ਭਾਈ ਕਿਰਪਾਲ ਸਿੰਘ ਹਜ਼ੂਰੀਆ
ਪੁਸਤਕਾਂ ਵਾਲਾ ਬਾਜ਼ਾਰ ਮਾਈ ਸੇਵਾਂ,
ਸ੍ਰੀ ਅੰਮ੍ਰਿਤਸਰ ਜੀ

1989
57
1932

110 million